ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 23 | 07 June to 13 June 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਜੂਨ '84 : 33 ਵਰ੍ਹਿਆਂ ਦੀ ਲੰਮੇਰੀ ਪੀੜ; ਨਿਆਂ ਦੀ ਅਦਾਲਤੀ ਜੰਗ ਜਾਰੀ

- ਜਥੇਦਾਰ ਨੇ ਬੰਦ ਹਾਲ 'ਚੋਂ ਹੀ ਦਿੱਤਾ ਕੌਮ ਦੇ ਨਾਂ ਸੰਦੇਸ਼
- ਦਰਬਾਰ ਸਾਹਿਬ 'ਚ ਗੂੰਜੇ ਖ਼ਾਲਿਸਤਾਨ ਪੱਖੀ ਨਾਅਰੇ
- ਭਾਈ ਧਿਆਨ ਸਿੰਘ ਮੰਡ ਨੇ ਵੀ ਪੜ੍ਹਿਆ ਸੰਦੇਸ਼


1


2


3

(1) ਸਿੱਖ ਕੌਮ ਦੇ ਨਾਂਅ ਸੰਦੇਸ਼ ਪੜ੍ਹਦੇ ਹੋਏ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ। (2) ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਨਾਲ ਖੜ੍ਹੇ ਹਨ ਭਾਈ ਬਲਜੀਤ ਸਿੰਘ ਦਾਦੂਵਾਲ, ਸ. ਸਿਮਰਨਜੀਤ ਸਿੰਘ ਮਾਨ। (3) ਭਾਰਤੀ ਫੌਜ ਵਲੋਂ ਜੂਨ 84 'ਚ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੀ ਯਾਦ 'ਚ ਹੋਏ ਦਰਬਾਰ ਸਾਹਿਬ ਪਰਿਕਰਮਾ 'ਚ ਹੋਏ ਸਮਾਗਮ 'ਚ ਸ਼ਾਮਲ ਸੰਗਤਾਂ।

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜੂਨ '84 ਵਾਪਰਿਆਂ ਇਕ ਵਰ੍ਹਾ ਹੋਰ ਬੀਤ ਗਿਆ ਹੈ ਪਰ ਨਾ ਹੀ ਇਹਦੀ ਪੀੜਾ ਮੁੱਕੀ ਤੇ ਨਾ ਹੀ ਸਿੱਖਾਂ ਨੂੰ ਨਿਆਂ ਹੀ ਮਿਲਿਆ। ਦੇਸ਼ਾਂ-ਵਿਦੇਸ਼ਾਂ ਵਿਚ ਵੱਸਦਾ ਸਿੱਖ ਭਾਈਚਾਰਾ 33 ਵਰ੍ਹਿਆਂ ਤੋਂ ਕਾਨੂੰਨੀ ਲੜਾਈ ਲੜਦਾ ਆ ਰਿਹਾ ਹੈ। ਦੇਸ਼-ਵਿਦੇਸ਼ ਦੀ ਧਰਤੀ 'ਤੇ ਹਰ ਵਰ੍ਹੇ ਰੋਸ ਮੁਜ਼ਾਹਰੇ ਹੋ ਰਹੇ ਹਨ ਪਰ ਭਾਰਤ ਦੀਆਂ ਸਮੇਂ ਸਮੇਂ ਦੀਆਂ ਸਰਕਾਰਾਂ ਟੱਸ ਤੋਂ ਮਸ ਨਹੀਂ ਹੋਈਆਂ। ਬੇਕਸੂਰ ਸਿੱਖ ਤਾਂ ਹਾਲੇ ਤੱਕ ਜੇਲ੍ਹਾਂ ਵਿਚ ਹਨ ਤੇ ਜਿਨ੍ਹਾਂ ਕਾਂਗਰਸੀ ਆਗੂਆਂ ਨੇ ਇਸ ਦਰਦਨਾਕ ਕਾਰੇ ਨੂੰ ਅੰਜਾਮ ਦਿੱਤਾ, ਉਹ ਬੇਖ਼ੌਫ਼ ਆਜ਼ਾਦ ਘੁੰਮ ਰਹੇ ਹਨ। ਭਾਵੇਂ ਇਹ ਕਾਰਾ ਕਾਂਗਰਸ ਸਰਕਾਰ ਵੇਲੇ ਹੋਇਆ ਪਰ ਹੁਣ ਤਕ ਕੇਂਦਰ ਵਿਚ ਦੋ ਵਾਰ ਸੱਤਾ 'ਚ ਆ ਚੁੱਕੀ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵੀ

ਬਾਕੀ ਸਫ਼ਾ 31 'ਤੇ

## ਗਿਆਨੀ ਗੁਰਬਚਨ ਸਿੰਘ ਵਲੋਂ ਕੌਮ ਦੇ ਨਾਂ ਸੰਦੇਸ਼

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਸਮੁੱਚਾ ਸਿੱਖ ਜਗਤ ਪੰਥਕ ਮਸਲਿਆਂ ਤੇ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਇਕਜੁੱਟ ਹੋ ਕੇ ਮੁਕਾਬਲਾ ਕਰੇ। ਜੂਨ, 1984 'ਚ ਤਤਕਾਲੀ ਕੇਂਦਰ ਸਰਕਾਰ ਵੱਲੋਂ ਕਰਵਾਏ ਇਸ ਘੱਲੂਘਾਰੇ ਨੂੰ ਅਤਿ-ਨਿੰਦਣਯੋਗ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਦੌਰਾਨ ਭਾਰਤੀ ਫ਼ੌਜ ਵੱਲੋਂ ਕੀਤੇ ਜ਼ੁਲਮ ਵਿਰੁੱਧ ਸੂਰਬੀਰ ਯੋਧੇ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਸ਼ਹੀਦ ਭਾਈ ਅਮਰੀਕ ਸਿੰਘ ਤੇ ਜਨਰਲ ਸੁਬੇਗ ਸਿੰਘ ਸਮੇਤ ਅਨੇਕ ਸਿੰਘ-ਸਿੰਘਣੀਆਂ ਤੇ ਭੁਝੰਗੀਆਂ ਨੇ ਸ਼ਹਾਦਤਾਂ ਦਿੱਤੀਆਂ, ਜਿਨ੍ਹਾਂ ਨੂੰ ਸਿੱਖ ਕੌਮ ਹਰ ਸਾਲ

ਬਾਕੀ ਸਫ਼ਾ 31 'ਤੇ

## ਭਾਈ ਧਿਆਨ ਸਿੰਘ ਮੰਡ ਵੱਲੋਂ ਕੌਮ ਦੇ ਨਾਂ ਸੰਦੇਸ਼

ਸਰਬੱਤ ਖ਼ਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਬਾਬਾ ਬਲਜੀਤ ਸਿੰਘ ਦਾਦੂਵਾਲ ਤੇ ਸਿਮਰਨਜੀਤ ਸਿੰਘ ਮਾਨ ਦੀ ਮੌਜਦੂਗੀ ਵਿਚ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਦਿਆਂ ਜੂਨ, 1984 ਵਿਚ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਨੂੰ ਭਾਰਤ ਸਰਕਾਰ ਦੀ ਨਸਲਕੁਸ਼ੀ ਦੀ ਚੀਸ ਦੱਸਦਿਆਂ ਕਿਹਾ ਕਿ ਮੌਜੂਦਾ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਵਾਪਰ ਰਹੀਆਂ ਘਟਨਾਵਾਂ ਨੂੰ ਰੋਕਣ ਦੀ ਲੋੜ ਹੈ। ਉਨ੍ਹਾਂ ਸਮੂਹ ਪੰਥ ਵਿਚ ਪੂਰਨ ਏਕਤਾ ਦੀ ਲੋੜ 'ਤੇ ਅਤੇ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਸੰਘਰਸ਼ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਲੰਬੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੀ ਰਿਹਾਈ ਲਈ ਸਾਂਝੇ ਸੁਹਿਰਦ ਯਤਨਾਂ ਦੀ ਲੋੜ ਹੈ।

ਬਾਕੀ ਸਫ਼ਾ 31 'ਤੇ

## ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਅਤੇ ਜੂਨ 1984 ਦੇ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ ਪਰੇਡ 11 ਜੂਨ, ਐਤਵਾਰ ਨੂੰ

### *ਬੇ-ਏਰੀਏ ਦੇ ਸਿੱਖ ਭਾਈਚਾਰੇ ਵਲੋਂ ਵੱਡੀ ਗਿਣਤੀ 'ਚ ਕੀਤੀ ਜਾਵੇਗੀ ਸ਼ਮੂਲੀਅਤ*

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਬੇ-ਏਰੀਏ ਦੇ ਸਿੱਖ ਭਾਈਚਾਰੇ ਵਲੋਂ ਜੂਨ '84 ਦੇ ਘੱਲੂਘਾਰੇ ਦੀ 33ਵੀਂ ਯਾਦ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਪਰੇਡ 11 ਜੂਨ, ਐਤਵਾਰ ਨੂੰ ਕੀਤੀ ਜਾ ਰਹੀ ਹੈ। ਇਹ ਪਰੇਡ ਦੁਪਹਿਰ 1:00 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਵੇਗੀ। ਇਹ ਘਟਨਾ ਸਿੱਖ ਭਾਈਚਾਰੇ ਲਈ ਇਤਿਹਾਸਕ ਪੱਖੋਂ ਬੇਹੱਦ ਮਹੱਤਵ ਰੱਖਦੀ ਹੈ। ਇਹ ਪ੍ਰੋਗਰਾਮ ਭਾਰਤ ਵਿਚ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਉਲੰਘਣਾ ਤੇ ਉਨ੍ਹਾਂ 'ਤੇ ਹੋ ਰਹੇ ਜ਼ੁਲਮਾਂ 'ਤੇ ਰੌਸ਼ਨੀ ਪਾਏਗਾ। ਇਸ ਪ੍ਰੋਗਰਾਮ ਵਿਚ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਤੋਂ 10000 ਤੋਂ ਵੱਧ ਸਿੱਖਾਂ ਦੇ ਸ਼ਿਰਕਤ ਕਰਨ ਦੀ ਉਮੀਦ ਹੈ। ਇਹ ਪਰੇਡ ਇਸ ਗੱਲ 'ਤੇ ਚਾਨਣਾ ਪਾਏਗੀ ਕਿ 33 ਵਰ੍ਹਿਆਂ ਬਾਅਦ ਵੀ ਸਿੱਖਾਂ ਦੀਆਂ ਧਾਰਮਿਕ ਤੇ ਆਰਥਿਕ ਮੰਗਾਂ ਜਿਉਂ ਦੀਆਂ ਤਿਉਂ ਪਈਆਂ ਹਨ ਅਤੇ ਹਾਲੇ ਵੀ ਹਜ਼ਾਰਾਂ ਸਿੱਖ ਜੇਲ੍ਹਾਂ ਵਿਚ ਬਿਨਾਂ ਕਿਸੇ ਕਸੂਰੋਂ ਸੜ ਰਹੇ ਹਨ। ਇੰਦਰਾ ਗਾਂਧੀ ਦੀ ਮੌਤ


ਪਿਛਲੇ ਸਾਲ ਦੇ ਨਗਰ ਕੀਰਤਨ 'ਚ ਸ਼ਾਮਲ ਸੰਗਤਾਂ

ਬਾਕੀ ਸਫ਼ਾ 31 'ਤੇ

## ਜੂਨ 84 ਦੇ ਘੱਲੂਘਾਰੇ ਵਿਰੁਧ ਸਿੱਖ ਸੰਗਤਾਂ ਵਲੋਂ ਭਾਰਤੀ ਦੂਤਾਵਾਸ ਸੈਨ ਫਰਾਂਸਿਸਕੋ ਅੱਗੇ ਭਾਰੀ ਰੋਸ ਮਜ਼ਾਹਰਾ

**ਸੈਨ ਫਰਾਂਸਿਸਕੋ/ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕੀ ਸਿੱਖਾਂ ਨੇ ਜੂਨ 84 ਦੇ ਸਿੱਖ ਘੱਲੂਘਾਰੇ ਵਿਰੁਧ ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਅੱਗੇ ਭਾਰੀ ਰੋਸ ਮੁਜ਼ਾਹਰਾ ਕੀਤਾ। ਸਟਾਕਟਨ, ਟਰੇਸੀ, ਟਰਲਕ, ਮੋਡੈਸਟੋ, ਫਰੀਮਾਂਟ, ਸੈਨ ਹੋਜ਼ੇ, ਮਨਟੀਕਾ, ਯੂਨੀਅਨ ਸਿਟੀ, ਨਿਊਆਰਕ, ਹੇਵਰਡ ਲੈਥਰੋਪ ਸਮੇਤ ਵੱਖ ਵੱਖ ਸ਼ਹਿਰਾਂ ਤੋਂ ਸੰਗਤਾਂ ਪਹੁੰਚੀਆਂ। ਭਾਰਤੀ ਹਕੂਮਤ ਦੇ ਅਣਮਨੁੱਖੀ ਕਾਰੇ ਵਿਰੁਧ ਸੰਗਤਾਂ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਵਿਚ ਤੇਜਪਾਲ ਸਿੰਘ, ਦਰਸ਼ਨ ਸਿੰਘ, ਬੱਚੀ ਅੰਮ੍ਰਿਤ ਕੌਰ ਜੋ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਦੀ ਦੋਹਤਰੀ ਹੈ, ਬੱਚੀ ਮਹਿਤਾਬ ਕੌਰ ਖਾਲਸਾ.ਜਗਪਾਲ ਸਿੰਘ, ਦਵਿੰਦਰ ਸਿੰਘ ਬੱਬਰ, ਕੁਲਵੰਤ ਸਿੰਘ, ਬਲਵਿੰਦਰਪਾਲ ਸਿੰਘ ਖਾਲਸਾ ਅਤੇ ਅਜੈ ਸਿੰਘ ਯੂਨੀਵਰਸਿਟੀ ਆਫ

ਬਾਕੀ ਸਫ਼ਾ 31 'ਤੇ


ਜੂਨ 84 ਦੇ ਸਿੱਖ ਘੱਲੂਘਾਰੇ ਵਿਰੁਧ ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਅੱਗੇ ਮੁਜ਼ਾਹਰਾ ਕਰਦੇ ਅਮਰੀਕੀ ਸਿੱਖ

For Advertisements in Quomantry Amritsar Times Please Call :
Jai Singh
510-677-2777
















A KAVI RAZ FILM
THE BLACK PRINCE
A FILM BY KAVI RAZ 'THE BLACK PRINCE' STARRING SATINDER SARTAAJ JASON FLEMYNG AMANDA ROOT SOPHIE STEVENS AND SHABANA AZMI MUSIC BY GEORGE KALLIS
SONGS MUSIC BY PREM & HARDEEP EDITED BY HEIDI SCHARFE JULY 21ST DIRECTOR OF PHOTOGRAPHY AARON C. SMITH WRITTEN AND DIRECTED BY KAVI RAZ


FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA
MasterCard
DISCOVER NETWORK
AMERICAN EXPRESS


Opening Soon
Help wanted
★ Cook
★ Tandoria
★ server and
★ other helpers
Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM



Raja SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

# Travel for Less Inc.



SPECIALIZED IN DISCOUNT FARES WORLDWIDE
**INDIA | PAKISTAN | EUROPE**

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

ASIANA AIRLINES
A STAR ALLIANCE MEMBER

Asiana Airlines
Daily Flight To New Delhi

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

BBB IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.




CST NO : 2031914-40

We have moved to
**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# ਲੰਡਨ ਵਿੱਚ 25 ਹਜ਼ਾਰ ਸਿੱਖਾਂ ਵਲੋਂ ਘੱਲੂਘਾਰਾ ਜੂਨ '84 ਦੀ ਯਾਦ 'ਚ ਰੋਸ ਮੁਜ਼ਾਹਰਾ

## ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸਿੱਖ ਜਥੇਬੰਦੀਆਂ ਤੇ ਸੰਗਤ ਦਾ ਧੰਨਵਾਦ

**ਲੰਡਨ/ਬਿਊਰੋ ਨਿਊਜ਼ :**
ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਜੂਨ 1984 ਦੇ 33ਵੇਂ ਘੱਲੂਘਾਰੇ ਦੀ ਯਾਦ ਵਿੱਚ 4 ਜੂਨ, ਐਤਵਾਰ ਨੂੰ ਲੰਡਨ ਵਿਖੇ ਰੋਸ ਮੁਜ਼ਾਹਰਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਮੁਜ਼ਾਹਰੇ ਵਾਲੀ ਰਾਤ ਦਹਿਸ਼ਤੀ ਹਮਲਾ ਹੋਣ ਕਾਰਨ ਹਾਈਡ ਪਾਰਕ ਵਿਚ ਹੋਣ ਵਾਲਾ ਇਕੱਠ ਰੱਦ ਕਰ ਦਿੱਤਾ ਗਿਆ ਸੀ ਤੇ ਸਿੱਖ ਸੰਗਤ ਨੂੰ ਟਰਫਾਲਗਰ ਸੁਕੇਅਰ ਪੁੱਜਣ ਦੀ ਅਪੀਲ ਕੀਤੀ ਗਈ ਸੀ। ਇਸ ਦੇ ਬਾਵਜੂਦ ਰੋਸ ਮੁਜ਼ਾਹਰੇ ਵਿਚ 25 ਹਜ਼ਾਰ ਦੇ ਕਰੀਬ ਸਿੱਖ



ਸੰਗਤ ਪੁੱਜੀ। ਸਿੱਖ ਸੰਗਤ ਅਤੇ ਜਥੇਬੰਦੀਆਂ ਵਲੋਂ ਭਾਰਤ ਸਰਕਾਰ ਖ਼ਿਲਾਫ਼ ਪ੍ਰਚੰਡ ਰੋਹ ਦਾ ਪ੍ਰਗਟਾਵਾ ਕੀਤਾ ਗਿਆ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਇਸ ਭਰਵੇਂ ਯੋਗਦਾਨ ਲਈ ਸਿੱਖ ਸੰਗਤ, ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਤਹਿਦਿਲੋਂ ਧੰਨਵਾਦ ਕੀਤਾ ਗਿਆ। ਮਾਨਚੈਸਟਰ ਅਤੇ ਲੰਡਨ ਵਿੱਚ ਅੱਤਵਾਦੀ ਹਮਲਿਆਂ ਦੌਰਾਨ ਮਾਰੇ ਗਏ ਨਿਰਦੋਸ਼ ਵਿਅਕਤੀਆਂ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਰੱਖਿਆ ਗਿਆ।

ਸਟੇਜ ਤੋਂ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਜੂਨ 1984 ਦੇ ਖ਼ੂਨੀ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਦੀਆਂ ਸ਼ਹਾਦਤਾਂ ਨਾਲ ਸਿਰਜੇ ਗਏ ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ ਗਈ। ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਅਤੇ ਧਰਮੀ ਫੌਜੀਆਂ ਦੇ ਮੁੜ ਵਸੇਬੇ ਦੀ ਆਵਾਜ਼ ਵੀ ਬੁਲੰਦ ਕੀਤੀ ਗਈ ਅਤੇ ਸਰਬੱਤ ਖਾਲਸਾ ਵਲੋਂ ਨਿਯੁਕਤ ਕੀਤੇ ਗਏ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ

ਬਾਕੀ ਸਫ਼ਾ 32 'ਤੇ

# ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ 6 ਜੂਨ ਨੂੰ ਵਿਸ਼ਵ ਦਾ ਕਾਲਾ ਦਿਨ ਐਲਾਨਿਆ

***ਸਿੱਖ ਕੌਮ ਬੇਗਮ ਪੁਰਾ ਵਸਾਉਣ ਦੇ ਸੰਕਲਪ ਤੇ ਅਮਲ ਕਰੇ: ਹਿੰਮਤ ਸਿੰਘ***

**ਨਿਊਯਾਰਕ/ਹੁਸਨ ਲੜੋਆ ਬੰਗਾ:**
ਅਮਰੀਕਾ ਦੇ 140 ਦੇ ਕਰੀਬ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਤੇ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂ ਐਸ ਏ) ਨੇ 6 ਜੂਨ ਮੰਗਲਵਾਰ ਨੂੰ ਦੁਨੀਆਂ ਦਾ ਕਾਲਾ ਦਿਨ ਕਰਾਰ ਦਿੰਦਿਆਂ ਕਿਹਾ ਕਿ ਅੱਜ ਦਿਨ ਹੈ ਜਿਸ ਦਿਨ ਭਾਰਤ ਦੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਫੌਜੀ ਹਮਲਾ ਕਰਕੇ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਾਇਆ, ਪਰ ਅਫਸੋਸ ਹੈ ਕਿ ਅਜੋਕਾ ਜ਼ਿਆਦਾਤਰ ਸਿੱਖ ਵਰਗ ਨਿੱਜੀ ਗਰਜ਼ਾਂ ਦੀਆਂ ਜ਼ੰਜੀਰਾਂ ਵਿਚ ਜਕੜਿਆ ਸਾਰਾ ਕੁਝ ਭੁਲੀ ਜਾ ਰਿਹਾ ਹੈ। ਜਦ ਕਿ ਚਾਹੀਦਾ ਇਹ ਸੀ ਕਿ ਸਿੱਖ ਆਪਣੇ ਆਪ ਨੂੰ ਆਜ਼ਾਦ ਕਰਾਉਣ ਲਈ ਆਪਣਾ ਸੰਘਰਸ਼ ਹੋਰ ਪ੍ਰਚੰਡ ਕਰਦਾ ਤੇ ਬੇਗਮ ਪੁਰਾ ਵਸਾਉਣ ਦੇ ਸੰਕਲਪ ਤੇ ਅਮਲ ਕਰਦਾ। ਅੱਜ ਦੇ ਦਿਨ ਸ੍ਰੀ ਅਕਾਲ ਤਖਤ ਦੇ ਢਹਿ ਢੇਰੀ ਕੀਤੇ ਜਾਣ ਸਬੰਧੀ ਸਿੱਖ ਕੌਮ ਨੂੰ ਯਾਦ ਕਰਾਉਂਦਿਆਂ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਅੱਜ ਵੀ ਹਿੰਦੂਤਵ ਹੁਕਮਰਾਨਾਂ ਵੱਲੋਂ ਸਿੱਖ ਕੌਮ ਅਤੇ ਸਿੱਖ ਧਰਮ ਵਿਰੁੱਧ ਨਫ਼ਰਤ ਫੈਲਾਉਣ ਦੀਆਂ ਕਾਰਵਾਈਆਂ ਨਿਰੰਤਰ ਲੰਮੇ ਸਮੇਂ ਤੋਂ ਹੁੰਦੀਆਂ ਆ ਰਹੀਆਂ ਹਨ। ਇਹੋ ਵਜ੍ਹਾ ਹੈ ਕਿ ਸਿੱਖ ਕੌਮ ਆਪਣੀ ਅਣਖ ਅਤੇ ਗ਼ੈਰਤ ਨੂੰ ਕਾਇਮ ਰੱਖਣ ਹਿਤ ਬੀਤੇ ਸਮੇਂ ਤੋਂ ਆਪਣਾ ਆਜ਼ਾਦ ਪ੍ਰਭੂਸੱਤਾ ਸਿੱਖ ਰਾਜ ਜਮਹੂਰੀਅਤ ਅਤੇ ਅਮਨਮਈ ਤਰੀਕੇ ਨਾਲ ਪ੍ਰਾਪਤ



ਕਰਨ ਲਈ ਕੌਮਾਂਤਰੀ ਪੱਧਰ ਤੇ ਯਤਨਸ਼ੀਲ ਹੈ। ਇਸ ਮੌਕੇ ਹੋਈ ਭਰਵੀਂ ਮੀਟਿੰਗ ਦੌਰਾਨ ਕੋਆਰਡੀਨੇਸ਼ਨ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਬੇਗਮ ਪੁਰਾ ਦੇ ਸੰਦੇਸ਼ ਨੂੰ ਪਰਪੱਕਤਾ ਨਾਲ ਅਮਲ ਵਿਚ ਲਿਆਉਣ ਲਈ ਸਿੱਖਾਂ ਨੂੰ ਆਜ਼ਾਦ ਹੋ ਕੇ ਸੋਚਣਾ ਪਵੇਗਾ, ਕਿਉਂਕਿ ਸਿੱਖਾਂ ਦੀ ਆਜ਼ਾਦ ਹਸਤੀ ਹੀ ਆਪਣੇ ਬੇਗਮ ਪੁਰਾ ਦੇ ਸੰਕਲਪ ਨੂੰ ਪੂਰਾ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਅਮਨ ਚਾਹੁੰਦੇ ਹਾਂ, ਇਹ ਵੀ ਨਾਲ ਚਾਹੁੰਦੇ ਹਾਂ ਕਿ ਸਾਨੂੰ ਅਮਨ ਨਾਲ ਰਹਿਣ ਦਿੱਤਾ ਜਾਵ. ਪਰ ਪਿਛਲੇ ਸਮੇਂ ਤੋਂ ਭਾਰਤ ਵਿਚ ਸਿੱਖਾਂ ਵਿਰੁੱਧ ਵਾਪਰੀਆਂ ਘਟਨਾਵਾਂ ਨੇ ਇਹ ਸਪਸ਼ਟ ਕੀਤਾ ਹੈ ਕਿ ਹਿੰਦੂਤਵ ਹਕੂਮਤਾਂ ਸਿੱਖਾਂ ਨੂੰ ਆਪਣੀ ਗੁਲਾਮੀ ਹੇਠਾਂ ਰੱਖਣਾ ਚਾਹੁੰਦੀਆਂ ਹਨ. ਸਿੱਖਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪੰਜਾਬ ਅੰਦਰ ਹੀ ਹੋਈਆਂ, ਇੱਥੇ ਭਾਵੇਂ ਅਕਾਲੀ ਦਲ (ਬਾਦਲ) ਦਾ ਰਾਜ ਰਿਹਾ ਭਾਵੇਂ ਹੁਣ ਕਾਂਗਰਸ ਦੇ ਅਮਰਿੰਦਰ ਸਿੰਘ ਦਾ ਰਾਜ ਹੈ, ਅਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਮਾਮਲੇ ਵਿਚ ਕੋਈ ਵੀ ਗੰਭੀਰ ਨਹੀਂ ਹੈ। ਬੁਲਾਰਿਆਂ ਨੇ ਅਫਸੋਸ ਜ਼ਾਹਿਰ ਕੀਤਾ ਕਿ ਅਮਰਿੰਦਰ ਸਿੰਘ ਨੇ ਤਾਂ ਗੁਟਕਾ ਸਾਹਿਬ ਦੀ ਸੌਂਹ ਖਾ ਕੇ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਉਲਟਾ ਬੁੱਚੜ ਪੁਲਸੀਏ ਕੇ ਪੀ ਐਸ ਗਿੱਲ ਵਰਗੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਮਾਰਨ ਵਾਲੇ ਨਾਲ ਦੋਸਤੀਆਂ ਜ਼ਾਹਿਰ ਕਰਨੀਆਂ ਇਹ ਸਪਸ਼ਟ ਕਰਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦਾ ਜੂਨ ਚੁਰਾਸੀ ਮੌਕੇ

ਬਾਕੀ ਸਫ਼ਾ 32 'ਤੇ


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਕੌਮ ਦੀ ਚੜ੍ਹਦੀ ਕਲਾ ਲਈ ਸਿੱਖਾਂ ਨੂੰ ਇਕ ਝੰਡੇ-ਇਕ ਏਜੰਡੇ ਤਹਿਤ ਬਿਨਾਂ ਸ਼ਰਤ ਤੇ ਖੁਦਗਰਜ਼ੀ ਦੇ ਇਕੱਠੇ ਹੋਣਾ ਪਵੇਗਾ : ਅਜਮੇਰ ਸਿੰਘ

## ਭਵਾਨੀਗੜ੍ਹ ਵਿਖੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸਮਾਗਮ

**ਭਵਾਨੀਗੜ੍ਹ/ਸਿੱਖ ਸਿਆਸਤ ਬਿਊਰੋ:** ਗੁਰਦੁਆਰਾ ਪਾਤਸ਼ਾਹੀ ਨੌਵੀਂ, ਭਵਾਨੀਗੜ੍ਹ ਵਿਖੇ 4 ਜੂਨ ਦੀ ਸ਼ਾਮ ਨੂੰ ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸਿੱਖ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸਮਾਗਮ ਕੀਤਾ ਗਿਆ। ਸਮਾਗਮ ਦੇ ਮੁੱਖ ਬੁਲਾਰੇ ਸਿੱਖ ਚਿੰਤਕ ਅਜਮੇਰ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜੂਨ 1984 ਵਿਚ ਦਿੱਲੀ ਦੇ ਹਾਕਮਾਂ ਵਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਕੀਤਾ ਗਿਆ ਫੌਜੀ ਹਮਲਾ ਇਕ ਸੋਚੀ ਸਮਝੀ ਜੰਗ ਦਾ ਸਿਖਰ ਸੀ। ਕੇਂਦਰ ਦੀ ਹਿੰਦੂਵਾਦੀ ਸਰਕਾਰ 1947 ਤੋਂ ਲੈ ਕੇ ਸਿੱਖਾਂ ਨਾਲ ਲਗਾਤਾਰ ਧੱਕਾ ਅਤੇ ਵਿਤਕਰਾ ਕਰਦੀ ਆ ਰਹੀ ਸੀ ਜਦੋਂ ਕਿ ਸਿੱਖ ਆਪਣੇ ਹੱਕਾਂ ਲਈ ਆਵਾਜ਼ ਚੁੱਕਦੇ ਆ ਰਹੇ ਸੀ। ਉਨ੍ਹਾਂ ਕਿਹਾ ਕਿ ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਵਾਈ ਹੇਠ ਧਰਮ ਯੁੱਧ ਮੋਰਚਾ ਆਪਣੇ ਸਿਖਰ 'ਤੇ ਪਹੁੰਚ ਗਿਆ ਤਾਂ 5 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਦਿੱਲੀ ਦੀ ਹਕੂਮਤ ਨੇ ਦਰਬਾਰ ਸਾਹਿਬ ਉੱਤੇ ਤੋਪਾਂ ਅਤੇ ਟੈਂਕਾਂ ਨਾਲ ਫੌਜੀ ਹਮਲਾ ਕਰਕੇ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਹਾਦਤ ਅੱਜ ਵੀ ਸਿੱਖ ਕੌਮ ਲਈ ਫਖਰ ਵਾਲੀ ਹੈ ਅਤੇ ਅੱਜ ਵੀ ਸੰਤਾਂ ਦਾ ਨਾਮ ਹਰ ਸਿੱਖ ਦੇ ਹਿਰਦਿਆਂ ਵਿਚ ਵਸਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਚੜ੍ਹਦੀ ਕਲਾ ਤੇ ਸਿੱਖ ਕੌਮ ਨੂੰ ਇਕ ਝੰਡੇ ਅਤੇ ਇਕ ਏਜੰਡੇ ਤਹਿਤ ਬਿਨਾਂ ਸ਼ਰਤ ਅਤੇ ਬਿਨਾਂ ਖੁਦਗਰਜ਼ੀ ਦੇ ਇਕੱਠੇ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਅੰਦਰ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਚੱਲ ਰਹੇ ਮਤਭੇਦ ਅਤੇ ਆਪਸੀ ਟਕਰਾਅ ਕੌਮ ਦੀ ਬਿਹਤਰੀ ਲਈ ਇਕ ਪਾਸੇ ਰੱਖ ਦੇਣੇ ਚਾਹੀਦੇ ਹਨ ਅਤੇ ਸਮੂਹ ਸਿੱਖ ਸੰਸਥਾਵਾਂ ਨੂੰ ਸਿਰ ਜੋੜ ਕੇ ਮਸਲੇ ਹੱਲ ਕਰਨ ਵੱਲ ਵਧਣਾ ਚਾਹੀਦਾ ਹੈ। ਇਸ ਮੌਕੇ ਜਗਦੇਵ ਸਿੰਘ ਜਾਚਕ ਦੇ ਢਾਡੀ ਜੱਥੇ ਨੇ ਸਿੱਖ ਇਤਿਹਾਸ ਸਬੰਧੀ ਵੀਰ ਰਸ ਵਾਰਾਂ ਸੁਣਾਈਆਂ ਅਤੇ ਭਾਈ ਗੁਰਸੇਵਕ ਸਿੰਘ ਘਰਾਚੋਂ ਨੇ ਕਥਾ ਕੀਤੀ।



ਗੁਰਦੁਆਰਾ ਕਮੇਟੀ ਦੇ ਪ੍ਰਬੰਧਕ ਭਾਈ ਅਜਮੇਰ ਸਿੰਘ ਦਾ ਸਨਮਾਨ ਕਰਦੇ ਹੋਏ।

ਗੁਰਦੁਆਰਾ ਕਮੇਟੀ ਵਲੋਂ ਭਾਈ ਅਜਮੇਰ ਸਿੰਘ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮ ਵਿਚ ਮੈਨੇਜਰ ਨਰਿੰਦਰਜੀਤ ਸਿੰਘ, ਮਲਕੀਤ ਸਿੰਘ ਅਤੇ ਮਨਧੀਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਸਿੱਖ ਸੰਗਤ ਹਾਜ਼ਰ ਸੀ।

## ਹੋਦ ਚਿੱਲੜ ਕਾਂਡ ਦੌਰਾਨ ਮਾਰੇ ਗਏ ਸਿੱਖਾਂ ਦੇ 7 ਨਵੇਂ ਕੇਸ ਸਾਹਮਣੇ ਆਏ

**ਚੰਡੀਗੜ੍ਹ/ਬਿਊਰੋ ਨਿਊਜ਼ :** ਹੋਦ ਚਿੱਲੜ ਕਾਂਡ ਵਿਚ ਮਾਰੇ ਗਏ ਸਿੱਖਾਂ ਦੇ ਸੱਤ ਹੋਰ ਨਵੇਂ ਕੇਸ ਸਾਹਮਣੇ ਆਏ ਹਨ। ਪੀੜਤ ਪਰਿਵਾਰਾਂ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨਾਲ ਇਨ੍ਹਾਂ ਸਿੱਖਾਂ ਦੀ ਪਛਾਣ ਹੋਈ ਹੈ। ਹੋਦ ਚਿੱਲੜ ਕਾਂਡ ਵਿਚ ਮਾਰੇ ਗਏ ਸਿੱਖਾਂ ਵਿਚ ਹਰਨਾਮ ਸਿੰਘ, ਹਰਜਾਪ ਸਿੰਘ, ਸੁਰਜੀਤ ਸਿੰਘ ਤੇ ਉਸ ਦੇ ਦੋ ਪੁੱਤਰਾਂ ਹਰਮਿੰਦਰ ਸਿੰਘ ਅਤੇ ਗੁਰਮੁਖ ਸਿੰਘ, ਕਰਮਜੀਤ ਕੌਰ ਅਤੇ ਹਰਮੀਤ ਕੌਰ ਸ਼ਾਮਲ ਹਨ। ਹੋਦ ਚਿੱਲਡ ਕਾਂਡ ਵਿਚ ਮਾਰੇ ਗਏ ਸਿੱਖਾਂ ਦੇ ਕੇਸਾਂ ਦੀ ਗਿਣਤੀ 43 ਹੋ ਗਈ ਹੈ। ਹੋਦ ਚਿੱਲੜ ਤਾਲਮੇਲ ਕਮੇਟੀ ਨੇ ਇਨ੍ਹਾਂ ਸੱਤ ਕੇਸਾਂ ਦੇ ਪੀੜਤ ਪਰਿਵਾਰਾਂ ਨੂੰ ਵੀ ਜਸਟਿਸ ਗਰਗ ਕਮਿਸ਼ਨ ਦੀਆਂ ਸਿਫਾਰਸ਼ਾਂ

ਬਾਕੀ ਸਫ਼ਾ 32 'ਤੇ

*ਆਰ.ਟੀ.ਆਈ. 'ਚ ਸੱਚਾਈ ਆਈ ਸਾਹਮਣੇ*

## ਸ਼ਹੀਦ ਹੋਣ ਤੱਕ ਸੰਤ ਭਿੰਡਰਾਂਵਾਲਿਆਂ ਖਿਲਾਫ ਕੋਈ ਪੁਲੀਸ ਦਰਜ ਨਹੀਂ ਸੀ

**ਚੰਡੀਗੜ੍ਹ/ਵਿਕਰਮਜੀਤ ਸਿੰਘ ਮਾਨ:** ਮਨੁੱਖੀ ਅਧਿਕਾਰਾਂ ਬਾਰੇ ਸੰਸਥਾ ਜਸਟਿਸ ਫਾਊਂਡੇਸਨ ਦੇ ਮੈਂਬਰ ਨਵਦੀਪ ਗੁਪਤਾ ਵੱਲੋਂ ਸ਼ਨਿਚਰਵਾਰ ਨੂੰ ਚੰਡੀਗੜ੍ਹ ਪ੍ਰੈੱਸ ਕੱਲਬ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਖ਼ਿਲਾਫ਼ 6 ਜੂਨ 1984 ਤੱਕ ਨਾ ਤਾਂ ਕਿਤੇ ਵੀ ਕੋਈ ਐਫ.ਆਈ.ਆਰ. ਦਰਜ ਹੋਈ ਤੇ ਨਾ ਹੀ ਉਨ੍ਹਾਂ ਨੂੰ ਅੱਤਵਾਦੀ ਐਲਾਨਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਉਕਤ ਖੁਲਾਸਾ ਆਰ.ਟੀ.ਆਈ. 'ਚ ਮੰਗੀ ਜਾਣਕਾਰੀ ਪ੍ਰਾਪਤ ਹੋਣ ਮਗਰੋਂ ਹੋਇਆ ਹੈ .ਗ ਉਨ੍ਹਾਂ ਦੱਸਿਆ ਕਿ ਇਸ ਮਾਮਲੇ ਬਾਰੇ ਜਾਣਕਾਰੀ ਆਰ.ਟੀ.ਆਈ. ਤਹਿਤ ਅੰਮ੍ਰਿਤਸਰ ਪੁਲਿਸ ਨੇ ਉਨ੍ਹਾਂ ਨੂੰ ਭੇਜੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਵਿਭਾਗ ਤੋਂ ਮੰਗੀ ਜਾਣਕਾਰੀ 'ਚ ਦੱਸਿਆ ਗਿਆ ਹੈ ਕਿ ਸਾਕਾ ਨੀਲਾ ਤਾਰਾ ਤੋਂ ਬਾਅਦ ਸੰਤ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਤੇ 34 ਹੋਰਨਾਂ ਦੀਆਂ ਲਾਸ਼ਾਂ ਹਥਿਆਰਾਂ ਸਮੇਤ ਅਕਾਲ ਤਖ਼ਤ ਸਾਹਿਬ ਦੀ ਹੇਠਲੀ ਮੰਜ਼ਿਲ ਤੋਂ ਮਿਲੀਆਂ ਸਨ ਤੇ ਇਸ ਸਬੰਧੀ ਫੌਜ ਨੇ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ .ਗ ਇਸ ਮੌਕੇ ਨਵਦੀਪ ਕੁਮਾਰ, ਅਮਰੀਕ ਸਿੰਘ ਖਾਲਸਾ ਫਗਵਾੜਾ, ਯਾਦਵਿੰਦਰ ਸਿੰਘ ਸੰਗਰੂਰ ਤੇ ਗੁਰਦੀਪ ਸਿੰਘ ਮਡਾਹੜ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਕੁਝ ਕੱਟੜ ਹਿੰਦੂ ਸੰਗਠਨਾਂ ਵੱਲੋਂ ਬੇਲੋੜਾ ਵਿਰੋਧ ਕੀਤਾ ਜਾ ਰਿਹਾ ਹੈ, ਜਿਸ ਦੇ ਚਲਦੇ ਸੂਬੇ ਦਾ ਮਾਹੌਲ ਪ੍ਰਭਾਵਿਤ ਹੋ ਰਿਹਾ ਹੈ।




ਜਸਟਿਸ ਫਾਊਂਡੇਸ਼ਨ ਦੇ ਮੈਂਬਰ ਨਵਦੀਪ ਗੁਪਤਾ ਅਤੇ ਹੋਰ ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear
Family Law • Divorce
Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

# ਬੋਲੀਨਾ ਲੈਂਡ ਸਕੇਪਿੰਗ ਦੇ ਮਾਲਕ ਬਲਦੇਵ ਬੋਲੀਨਾ ਨਹੀਂ ਰਹੇ ਸਸਕਾਰ ਤੇ ਅੰਤਮ ਅਰਦਾਸ 10 ਜੂਨ ਸ਼ਨਿਚਰਵਾਰ ਨੂੰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਸੈਕਰਾਮੈਂਟੋ ਇਲਾਕੇ ਦੇ ਪੰਜਾਬੀ ਭਾਈਚਾਰੇ ਵਿਚ ਹਰਮਨ ਪਿਆਰੀ ਸਖਸ਼ੀਅਤ ਤੇ ਬੋਲੀਨਾ ਲੈਂਡ ਸਕੇਪਿੰਗ ਦੇ ਮਾਲਕ ਬਲਦੇਵ ਸਿੰਘ ਬੋਲੀਨਾ ਸਾਡੇ ਵਿਚਕਾਰ ਨਹੀਂ ਰਹੇ। ਉਹ ਅਜੇ 47 ਵਰ੍ਹਿਆਂ ਦੇ ਸਨ ਤੇ ਅਚਾਨਕ ਸੰਖੇਪ ਬਿਮਾਰੀ ਤੋਂ ਬਾਅਦ ਚਲ ਵਸੇ। ਉਹ ਆਪਣੇ ਪਿਛੇ ਘੁੱਗ ਵਸਦੇ ਪਰਿਵਾਰ ਨੂੰ ਛੱਡ ਗਏ ਜਿਨ੍ਹਾਂ 'ਚ ਪਤਨੀ ਹਰਵਿੰਦਰ ਕੌਰ ਬੋਲੀਨਾ, ਬੇਟਾ ਐਸ਼ਵੀਰ ਬੋਲੀਨਾ, ਬੇਟੀ ਸਿਮਰਨ ਕੌਰ ਬੋਲੀਨਾ, ਪਿਤਾ ਦਰਸ਼ਨ ਸਿੰਘ, ਮਾਤਾ ਰੇਸ਼ਮ ਕੌਰ, ਭਰਾ ਸਰਬਜੀਤ ਬੋਲੀਨਾ ਤੇ ਇੰਦਰ ਬੋਲੀਨਾ ਸ਼ਾਮਲ ਹਨ। ਸ੍ਰੀ ਬਲਦੇਵ ਬੋਲੀਨਾ ਦਾ ਪਿਛਲਾ ਜੱਦੀ ਪਿੰਡ ਬੋਲੀਨਾ ਨੇੜੇ ਜਲੰਧਰ ਹੈ ਤੇ ਉਹ ਸੰਨ 1988 ਵਿਚ ਅਮਰੀਕਾ ਆਏ ਤੇ ਰੱਜ ਕੇ ਮੇਹਨਤ ਕੀਤੀ। ਬਾਅਦ ਵਿਚ ਸ਼ੁਰੂ ਕੀਤੇ ਬਿਜਨਸ ਵਿਚ ਸਫ਼ਲ ਹੋਏ ਤੇ ਭਾਈਚਾਰੇ ਨਾਲ ਹਰ ਪੱਖੋਂ ਸਾਂਝ ਵਧਾਈ ਜਿਸਦੇ ਫਲਸਰੂਪ ਅੱਜ ਇਲਾਕੇ ਦੇ ਹਰ ਪੰਜਾਬੀ ਨੇ ਉਨ੍ਹਾਂ ਦੀ ਮੌਤ ਤੇ ਦੁੱਖ ਪ੍ਰਗਟ ਕੀਤਾ।



ਬਲਦੇਵ ਸਿੰਘ ਬੋਲੀਨਾ ਦਾ ਸਸਕਾਰ ਐਲ ਕਮੀਨੋ ਸੈਕਰਾਮੈਂਟੋ ਵਿਚ 10 ਜੂਨ ਸ਼ਨੀਵਾਰ ਬਾਅਦ ਦੁਪਹਿਰ 2:00 ਵਜੇ ਦੋ ਤੋਂ 4:00 ਵਜੇ ਤੱਕ ਹੋਵੇਗਾ ਤੇ ਉਸ ਤੋਂ ਬਾਅਦ ਦਸ਼ਮੇਸ਼ ਦਰਬਾਰ ਸਾਊਥ ਸੈਕਰਾਮੈਂਟੋ ਗੁਰਦੁਆਰਾ ਸਾਹਿਬ 'ਚ ਅੰਤਮ ਅਰਦਾਸ ਹੋਵੇਗੀ।

# ਮਹਿਤਾ ਚੌਂਕ ਵਿਚ ਦਮਦਮੀ ਟਕਸਾਲ ਨੇ ਘੱਲੂਘਾਰੇ ਦਾ ਸ਼ਹੀਦੀ ਸਮਾਗਮ ਮਨਾਇਆ

**ਚੌਂਕ ਮਹਿਤਾ/ਬਿਊਰੋ ਨਿਊਜ਼ :** ਦਮਦਮੀ ਟਕਸਾਲ ਵੱਲੋਂ ਮਹਿਤਾ ਚੌਂਕ ਵਿਖੇ ਜੂਨ '84 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ 33ਵਾਂ ਸ਼ਹੀਦੀ ਸਮਾਗਮ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਅਤੇ ਅਮਰ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਅਤੇ ਸਾਥੀ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਵੱਡੀ ਗਿਣਤੀ ਵਿਚ ਸੰਗਤ ਪੁੱਜੀ।

ਦਮਦਮੀ ਟਕਸਾਲ ਵੱਲੋਂ ਸ਼ਹੀਦੀ ਸਮਾਗਮ ਸੰਬੰਧੀ ਢਾਈ ਮਹੀਨਿਆਂ ਤੋਂ ਵੱਖ-ਵੱਖ ਪਿੰਡਾਂ ਵਿਚ ਦੀਵਾਨ ਆਰੰਭ ਕੀਤੇ ਗਏ ਸਨ ਅਤੇ 1 ਤੋਂ 5 ਜੂਨ ਤਕ ਚੌਂਕ ਮਹਿਤਾ ਵਿਖੇ ਲੜੀਵਾਰ ਸਮਾਗਮ ਕਰਵਾਏ ਗਏ।

ਸਮਾਗਮ ਵਿਚ ਜਿੱਥੇ ਬੁਲਾਰਿਆਂ ਨੇ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਤੇ ਪੰਥ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਨੂੰ ਪਛਾੜਨ ਲਈ ਇੱਕਜੁੱਟ ਹੋਣ ਦੀਆਂ ਸੁਰਾਂ ਤੇਜ਼ ਕੀਤੀਆਂ, ਉਥੇ ਹੀ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਧਰਮ ਪ੍ਰਚਾਰ ਤੇ ਕੌਮ ਦੇ ਹਿਤਾਂ ਲਈ ਕੀਤੇ ਜਾ ਰਹੇ ਵਡਮੁੱਲੇ ਕਾਰਜਾਂ ਦੀ ਭਰਪੂਰ ਪ੍ਰਸੰਸਾ ਕੀਤੀ ਗਈ। ਸਾਰਾ ਸਮਾਂ ਮੁੱਖ ਪੰਡਾਲ ਜੈਕਾਰਿਆਂ ਨਾਲ ਗੂੰਜਦਾ ਰਿਹਾ। ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਜਨਰਲ ਸੁਬੇਗ ਸਿੰਘ, ਸ਼ਹੀਦ ਬਾਬਾ ਠਾਹਰਾ ਸਿੰਘ ਸਮੇਤ ਪੰਥਕ ਕਾਰਜ ਲਈ ਸ਼ਹੀਦ ਹੋਏ ਸਿੰਘ ਸਿੰਘਣੀਆਂ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਸੰਤ ਭਿੰਡਰਾਂ ਵਾਲਿਆਂ ਨੇ ਆਪਣੀ ਕੁਰਬਾਨੀ ਦੇ ਕੇ ਸੁੱਤੀ ਕੌਮ ਨੂੰ ਜਗਾਇਆ ਹੈ। ਉਨ੍ਹਾਂ ਕਿਹਾ ਕਿ ਕਲਗੀਧਰ ਦੇ ਇਨ੍ਹਾਂ ਸਪੁੱਤਰਾਂ ਨੇ ਦੁਨੀਆ ਨੂੰ ਇਹ ਵੀ ਦੱਸ ਦਿੱਤਾ ਕਿ ਸਿੱਖ ਨਾ ਕੇਵਲ ਅਠ੍ਹਾਰਵੀਂ ਸਦੀ ਵਿਚ ਸਗੋਂ ਵੀਹਵੀਂ ਸਦੀ ਅਤੇ ਅੱਜ ਵੀ ਜ਼ਾਲਮ ਹਕੂਮਤਾਂ ਦੇ ਜ਼ਬਰ ਦਾ ਦਿਝੜ੍ਹਤਾ ਅਤੇ ਦਲੇਰੀ ਨਾਲ ਮੂੰਹ ਤੋੜਵਾਂ ਜਵਾਬ ਦੇਣ ਦੀ ਸਮਰੱਥਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਸੰਤਾਂ ਦੀ ਕੁਰਬਾਨੀ ਤੇ ਸਿੰਘਾਂ ਦੀਆਂ ਸ਼ਹੀਦੀਆਂ ਦੀ ਬਦੌਲਤ ਦੇਸ਼ ਵਿਦੇਸ਼ ਵਿਚ ਸਿੱਖ ਅੱਜ ਰਾਜਭਾਗ ਦੇ ਹਿੱਸੇਦਾਰ ਬਣੇ ਹੋਏ ਹਨ। ਉਨ੍ਹਾਂ ਦੁਨੀਆ ਭਰ ਵਿਚ ਵਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕਰਦਿਆਂ ਸਿੱਖ ਕੌਮ ਦੇ ਕੇਂਦਰੀ ਧੁਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ, ਸ੍ਰੀ ਦਰਬਾਰ ਸਾਹਿਬ, ਪਵਿੱਤਰ ਸਰੋਵਰ, ਧੁਰ ਕੀ ਬਾਣੀ ਅਤੇ ਗੁਰੂ ਕਾਲ ਤੋਂ ਚੱਲੀ ਆ ਰਹੀ ਪੁਰਾਤਨ ਪਰੰਪਰਾ ਪ੍ਰਤੀ ਵੱਡੇ ਸ਼ੰਕੇ ਪੈਦਾ ਕਰਨ ਦੇ ਸਿੱਖੀ ਦੇ ਭੇਸ ਵਿਚ ਸਿੱਖ ਵਿਰੋਧੀ ਸ਼ਕਤੀਆਂ ਵੱਲੋਂ ਘੜੇ ਜਾ ਰਹੇ ਮਨਸੂਬਿਆਂ ਪ੍ਰਤੀ ਸੁਚੇਤ ਰਹਿਣ ਲਈ ਕਿਹਾ। ਉਨ੍ਹਾਂ ਆਈਆਂ ਸੰਗਤਾਂ ਮਹਾਂਪੁਰਸ਼ਾਂ ਤੇ ਰਾਜਸੀ ਆਗੂਆਂ ਦਾ ਧੰਨਵਾਦ ਕੀਤਾ।

## ਸ਼ਹੀਦੀ ਸਮਾਗਮ 'ਚ ਅੱਠ ਮਤੇ ਪਾਸ

ਪਹਿਲੇ ਮਤੇ ਵਿਚ ''84 ਦੇ ਘੱਲੂਘਾਰੇ ਨਾਲ ਸਬੰਧਤ ਮਹਾਨ ਸ਼ਹੀਦਾਂ ਦੀਆਂ ਤਸਵੀਰਾਂ ਲਗਾਉਣ ਲਈ ਗੁਰਦੁਆਰਾ ਯਾਦਗਾਰ ਸ਼ਹੀਦਾਂ ਦੀ ਬੇਸਮੈਂਟ ਨੂੰ ਸ਼ਹੀਦੀ ਗੈਲਰੀ ਵਜੋਂ ਸਥਾਪਤ ਕਰਨ ਲਈ ਸ਼੍ਰੋਮਣੀ ਕਮੇਟੀ ਤੋਂ ਪੁਰਜ਼ੋਰ ਮੰਗ ਕੀਤੀ ਗਈ। ਦੂਜੇ ਮਤੇ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਈ ਗੁਰਮਤਿ ਰਹਿਤ ਮਰਿਆਦਾ ਅਤੇ ਪਰੰਪਰਾ 'ਤੇ ਚੱਟਾਨ ਵਾਂਗ ਇਕਜੁੱਟ ਹੋ ਕੇ ਖੜ੍ਹੇ ਹੋਣ ਦਾ ਪ੍ਰਣ ਲਿਆ ਗਿਆ। ਤੀਜੇ ਮਤੇ ਵਿਚ ਘੱਲੂਘਾਰੇ ਦੌਰਾਨ ਜੋਧਪੁਰ ਤੇ ਹੋਰਨਾਂ ਜੇਲ੍ਹਾਂ ਵਿਚ ਕੈਦ ਰਹੇ ਸਿੱਖਾਂ ਤੇ ਧਰਮੀ ਫੌਜੀਆਂ ਨੂੰ ਬਣਦਾ ਇਨਸਾਫ਼ ਦੇਣ, ਸਿੱਖਾਂ ਦੀ ਬਣਾਈ ਗਈ ਕਾਲੀ ਸੂਚੀ ਨੂੰ ਖਤਮ ਕਰਨ, ਸੰਘਰਸ਼ ਦੌਰਾਨ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀ ਜੋ ਕਿ ਹੱਦ ਤੋਂ ਵਧ ਸਜ਼ਾ ਭੁਗਤ ਚੁੱਕੇ ਹਨ ਅਤੇ ਬਿਰਧ ਹੋ ਚੁੱਕੇ ਹਨ ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨ ਦੀ ਅਪੀਲ ਕੀਤੀ ਗਈ। ਚੌਥੇ ਮਤੇ ਰਾਹੀਂ ਸੰਯੁਕਤ ਰਾਸ਼ਟਰ ਵੱਲੋਂ ਵਿਸਾਖੀ ਨੂੰ ਖ਼ਾਲਸਾ ਦਿਹਾੜੇ ਵੱਜੋ ਮਾਨਤਾ ਦੇਣ, ਅਮਰੀਕੀ ਕਾਂਗਰਸ ਵੱਲੋਂ ਖ਼ਾਲਸਾ ਪੰਥ ਦੇ ਸਾਜਣਾ ਦਿਵਸ ਵਿਸਾਖੀ ਨੂੰ 'ਸਿੱਖ ਨੈਸ਼ਨਲ ਡੇਅ' ਵਜੋਂ ਮਾਨਤਾ ਦੇਣ ਤੇ ਅਮਰੀਕੀ ਸੂਬਾ ਇੰਡੀਆਨਾ ਵੱਲੋਂ ਸਿੱਖ ਭਾਈਚਾਰੇ ਦੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਕੈਨੇਡਾ ਵੱਲੋਂ ਵਿਸਾਖੀ 'ਤੇ ਸਿੱਖੀ ਚਿੰਨ੍ਹਾਂ ਵਾਲੇ ਸਿੱਕੇ ਜਾਰੀ ਕਰਨ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਕੈਨੇਡਾ ਦੇ ਸੂਬਾ ਉਂਟਾਰਿਓ ਦੀ ਸੰਸਦ ਵੱਲੋਂ ਸਿੱਖ ਨਸਲਕੁਸ਼ੀ ਬਾਰੇ ਹਾਅ ਦਾ ਨਾਅਰਾ ਮਾਰਨ ਲਈ ਧੰਨਵਾਦ ਕੀਤਾ ਗਿਆ। ਯੂ. ਕੇ. ਦੀਆਂ ਚੋਣਾਂ 'ਚ ਸਾਕਾ ਨੀਲਾ ਤਾਰਾ ਤੇ ਨਵੰਬਰ '84 ਦੇ ਸਿੱਖ ਨਸਲਕੁਸ਼ੀ ਦੇ ਮੁੱਦੇ ਨੂੰ ਵੀ ਸ਼ਾਮਿਲ ਕੀਤੇ ਜਾਣ ਅਤੇ ਅੰਮ੍ਰਿਤਧਾਰੀ ਸਿੱਖਾਂ ਨੂੰ ਕਿਰਪਾਨ ਤੇ ਦਸਤਾਰ 'ਤੇ ਕੋਈ ਰੋਕ ਨਾ ਹੋਣ ਦੇ ਐਲਾਨ ਦਾ ਵੀ ਭਰਵਾਂ ਸਵਾਗਤ ਕੀਤਾ ਗਿਆ।

# 9 ਵਿਅਕਤੀਆਂ ਨੂੰ ਸਿਟੀਜ਼ਨਸ਼ਿਪ ਅਤੇ 11 ਵਿਅਕਤੀਆਂ ਨੂੰ ਦੁਆਈ ਰਾਜਸੀ ਸ਼ਰਨ

## ਜਸਪ੍ਰੀਤ ਸਿੰਘ ਅਟਾਰਨੀ ਨੇ ਗਾਇਕ ਕਲਾਕਾਰਾਂ ਨੂੰ ਦੁਆਇਆ ਅਮਰੀਕਾ ਦਾ ਪੀ-3 ਵੀਜ਼ਾ

**ਸੈਕਰਾਮੈਂਟੋ/ਬਿਊਰੋ ਨਿਊਜ਼:** ਉੱਘੇ ਅਟਾਰਨੀ ਅਤੇ ਇੰਮੀਗਰੇਸ਼ਨ ਮਾਮਲਿਆਂ ਦੇ ਮਾਹਰ ਸ. ਜਸਪ੍ਰੀਤ ਸਿੰਘ ਅਟਾਰਨੀ ਨੇ 9 ਵਿਅਕਤੀਆਂ ਨੂੰ ਸਿਟੀਜ਼ਨਸ਼ਿਪ ਦੁਆਈ ਜਿਨ੍ਹਾਂ ਵਿੱਚ ਲਹਿੰਹਬਰ ਸਿੰਘ, ਹਰਭਜਨ ਕੌਰ, ਬਚਨ ਸਿੰਘ, ਰਣਜੋਧਭਾਈ ਖਲਾਸੀ, ਦਿਆ ਭਾਈ ਖਲਾਸੀ, ਗੁਰਦਿਆਲ ਸਿੰਘ, ਸੁਰਜੀਤ ਕੌਰ, ਗੁਰਬਚਨ ਕੌਰ ਅਤੇ ਜਸਵਿੰਦਰ ਸਿੰਘ ਸ਼ਾਮਲ ਹਨ। ਇਸੇ ਤਰ੍ਹਾਂ ਅਰਸ਼ਦੀਪ ਸਿੰਘ, ਦਲਵਿੰਦਰਜੀਤ ਕੌਰ, ਗੁਰਲੀਨ ਕੌਰ, ਸੁਖਜਿੰਦਰ ਸਿੰਘ , ਜਗਤਾਰ ਸਿੰਘ, ਦਲਜੋਤ ਸਿੰਘ, ਪਰਮਿੰਦਰ ਸਿੰਘ, ਪਲਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ, ਮਨਿੰਦਰਜੀਤ ਸਿੰਘ ਨੂੰ ਰਾਜਸੀ ਸ਼ਰਨ ਦੁਆਉਣ ਵਿਚ ਸਫ਼ਲਤਾ ਹਾਸਲ ਕੀਤੀ।

ਜਸਪ੍ਰੀਤ ਸਿੰਘ ਅਟਾਰਨੀ ਨੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ 'ਚ ਸ਼ੋਅ ਕਰਨ ਵਾਸਤੇ ਗਾਇਕ ਜੈਜੀ ਬੀ., ਪ੍ਰਭ ਗਿੱਲ, ਕੌਰ ਬੀ. ਅਤੇ ਮਮਤਾ ਜੋਸ਼ੀ ਨੂੰ ਪੀ-3 ਵੀਜਾ ਦੁਆਉਣ ਵਿਚ ਸਫ਼ਲਤਾ ਹਾਸਲ ਕੀਤੀ। ਇਨ੍ਹਾਂ ਕਲਾਕਾਰਾਂ ਨੇ ਇਸ ਬਦਲੇ ਜਸਪ੍ਰੀਤ ਸਿੰਘ ਅਟਾਰਨੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨਾਲ ਫੋਨ ਨੰਬਰਾਂ 510 657 6444 (ਫਰੀਮੌਂਟ), 559 271 5511 (ਫਰਿਜ਼ਨੋ), 916 372 4440 (ਸੈਕਰਾਮੈਂਟੋ) ਅਤੇ 718 533 8444 (ਨਿਊਯਾਰਕ) 'ਤੇ ਕਾਲ ਕਰਕੇ ਇੰਮੀਗ੍ਰੇਸ਼ਨ ਦੇ ਕਿਸੇ ਵੀ ਮਸਲੇ ਤੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।










# ਪੰਜਾਬ ਪੁਲੀਸ ਵਲੋਂ ਪੰਜ ਸਿੱਖ ਨੌਜਵਾਨ ਗ੍ਰਿਫ਼ਤਾਰ, ਖਾੜਕੂਆਂ ਨਾਲ ਸਬੰਧ ਹੋਣ ਦਾ ਕੀਤਾ ਦਾਅਵਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਪੁਲੀਸ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਦਾ ਦਾਅਵਾ ਹੈ ਕਿ ਇਸ ਗਰੋਹ ਦਾ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਦੀ ਹਮਾਇਤ ਹਾਸਲ ਪਾਬੰਦੀਸ਼ੁਦਾ ਅਤਿਵਾਦੀ ਜਥੇਬੰਦੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਆਈ.ਐਸ.ਵਾਈ.ਐਫ.) ਨਾਲ ਸਿੱਧਾ ਸਬੰਧ ਸੀ। ਪੁਲੀਸ ਅਨੁਸਾਰ ਗ੍ਰਿਫਤਾਰ ਕੀਤੇ ਖਾੜਕੂਆਂ ਦੀ ਪਛਾਣ ਗੁਰਦਿਆਲ ਸਿੰਘ, ਜਗਰੂਪ ਸਿੰਘ ਅਤੇ ਸਤਵਿੰਦਰ ਸਿੰਘ ਵਜੋਂ ਹੋਈ ਹੈ। ਇਨ੍ਹਾਂ ਨੂੰ ਪਾਕਿਸਤਾਨ ਆਧਾਰਤ ਆਈ.ਐਸ.ਵਾਈ.ਐਫ. ਦੇ ਮੁਖੀ ਲਖਬੀਰ ਰੋਡੇ ਅਤੇ ਹਰਮੀਤ ਸਿੰਘ ਉਰਫ ਹੈਪੀ ਉਰਫ ਪੀਐਚ.ਡੀ. ਅਤੇ ਆਈ.ਐਸ.ਆਈ. ਨੇ ਸਿਖਲਾਈ ਦੇ ਕੇ ਹਮਲੇ ਕਰਨ ਅਤੇ 'ਪੰਥ ਵਿਰੋਧੀ' ਤੇ 'ਸਿੱਖ ਵਿਰੋਧੀ ਤਾਕਤਾਂ/ਵਿਅਕਤੀਆਂ' ਨੂੰ ਨਿਸ਼ਾਨਾ ਬਣਾਉਣ ਦਾ ਕਾਰਜ ਸੌਂਪਿਆ ਸੀ। ਮੁਢਲੀ ਪੜਤਾਲ ਵਿੱਚ ਜਾਣਕਾਰੀ ਮਿਲੀ ਹੈ ਕਿ 21 ਮਈ ਨੂੰ ਅੰਮ੍ਰਿਤਸਰ ਵਿੱਚ ਅੰਤਰਰਾਸ਼ਟਰੀ ਸਰਹੱਦ ਨੇੜਿਓਂ ਬੀ.ਐਸ.ਐਫ. ਵੱਲੋਂ ਫੜੀ ਗਈ ਹਥਿਆਰ ਤੇ ਗੋਲੀ-ਸਿੱਕੇ ਦੀ ਖੇਪ ਆਈ.ਐਸ.ਵਾਈ.ਐਫ. ਵੱਲੋਂ ਸਪਲਾਈ ਕੀਤੀ ਗਈ ਸੀ। ਬੀ.ਐਸ.ਐਫ. ਨੇ ਪਿਛਲੇ ਮਹੀਨੇ ਮਾਨ ਸਿੰਘ ਅਤੇ ਸ਼ੇਰ ਸਿੰਘ ਨਾਂ ਦੇ ਦੋ ਨੌਜਵਾਨਾਂ ਨੂੰ ਉਦੋਂ ਗ੍ਰਿਫ਼ਤਾਰ ਕਰ ਲਿਆ ਸੀ ਜਦੋਂ ਉਹ ਇਹ ਖੇਪ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਪੁਲੀਸ ਅਨੁਸਾਰ ਗੁਰਦਿਆਲ ਸਿੰਘ, ਰੋਡ ਮਾਜਰਾ, ਥਾਣਾ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਦਾ ਵਾਸੀ ਹੈ। ਜਗਰੂਪ ਅਤੇ ਸਤਵਿੰਦਰ ਵਾਸੀ ਚਾਂਦਪੁਰ ਰੁੜਕੀ, ਥਾਣਾ ਪੋਜੋਵਾਲ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵਾਸੀ ਹਨ। ਇਨ੍ਹਾਂ ਪਾਸੋਂ .32 ਬੋਰ ਦਾ ਇਕ ਪਿਸਤੌਲ, ਇਕ ਮੈਗਜ਼ੀਨ ਤੇ ਕਾਰਤੂਸ ਅਤੇ ਇਕ .38 ਬੋਰ ਰਿਵਾਲਵਰ, ਸੱਤ ਕਾਰਤੂਸ ਬਰਾਮਦ ਹੋਏ ਹਨ। ਗੁਰਦਿਆਲ ਤੇ ਜਗਰੂਪ ਨੂੰ ਉਨ੍ਹਾਂ ਦੇ ਜੱਦੀ ਘਰਾਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ ਜਦਕਿ ਸਤਵਿੰਦਰ ਨੂੰ ਬਲਾਚੌਰ ਸਬ-ਡਿਵੀਜ਼ਨ ਵਿੱਚ ਉਸ ਦੇ ਪਿੰਡ ਨੇੜੇ ਲੱਗੇ ਨਾਕੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਮੁਤਾਬਕ ਗੁਰਦਿਆਲ ਸਿੰਘ ਗਰੋਹ ਦਾ ਮੁਖੀ ਹੈ ਅਤੇ ਜਰਮਨ ਦੇ ਬਲਵੀਰ ਸਿੰਘ ਸੰਧੂ ਨੇ ਲਖਬੀਰ ਸਿੰਘ ਰੋਡੇ ਨਾਲ ਉਸ ਦੀ ਮੁਲਾਕਾਤ ਕਰਵਾਈ ਸੀ। ਗੁਰਦਿਆਲ ਤੇ ਜਗਰੂਪ ਨੂੰ ਭਾਰਤ ਵਿੱਚ ਅਤਿਵਾਦੀ ਹਮਲੇ ਕਰਨ ਦਾ ਕਾਰਜ ਸੌਂਪਿਆ ਗਿਆ ਸੀ ਅਤੇ ਉਨ੍ਹਾਂ ਨੂੰ 'ਪੰਥ ਵਿਰੋਧੀ ਅਤੇ ਸਿੱਖ ਵਿਰੋਧੀ ਸ਼ਕਤੀਆਂ/ਵਿਅਕਤੀਆਂ' ਨੂੰ ਨਿਸ਼ਾਨਾ ਬਣਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ ਸੀ। ਸ਼ਹੀਦ ਭਗਤ ਸਿੰਘ ਨਗਰ ਪੁਲੀਸ ਨੇ ਗੁਪਤ ਸੂਚਨਾ 'ਤੇ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਇਨ੍ਹਾਂ ਖਿਲਾਫ਼ ਵੱਖ ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ।



ਨਵਾਂਸ਼ਹਿਰ ਪੁਲੀਸ ਦੇ ਮੁਲਾਜ਼ਮ, ਸਤਵਿੰਦਰ ਸਿੰਘ ਨੂੰ ਅਦਾਲਤ ਵਿਚ ਲਿਜਾਂਦੇ ਹੋਏ।

## ਬੱਬਰ ਖਾਲਸਾ ਦੇ ਦੋ ਕਾਰਕੁਨ ਗ੍ਰਿ.ਫਤਾਰ

*ਐਸ.ਏ.ਐਸ. ਨਗਰ (ਮੁਹਾਲੀ) : ਜ਼ਿਲ੍ਹਾ ਸੀਆਈਏ ਸਟਾਫ਼ ਮੁਹਾਲੀ ਨੇ ਬੱਬਰ ਖਾਲਸਾ ਨਾਲ ਸਬੰਧਤ ਦੋ ਹੋਰ ਖਾੜਕੂਆਂ ਰਮਨਦੀਪ ਸਿੰਘ ਅਤੇ ਪਰਮਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮਾਂ ਕੋਲੋਂ .32 ਬੋਰ ਦਾ ਪਿਸਤੌਲ ਤੇ ਦੋ ਕਾਰਤੂਸ ਅਤੇ .9 ਐਮਐਮ ਦੇ 3 ਕਾਰਤੂਸ ਬਰਾਮਦ ਹੋਏ ਹਨ। ਇਹ ਗ੍ਰਿਫਤਾਰੀ ਪਹਿਲਾਂ ਫੜੇ ਖਾੜਕੂਆਂ ਦੀ ਨਿਸ਼ਾਨਦੇਹੀ 'ਤੇ ਕੀਤੀ ਗਈ ਹੈ। ਇਸ ਤੋਂ ਪਹਿਲਾਂ ਮੁਹਾਲੀ ਪੁਲੀਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੀ ਇੱਕ ਔਰਤ ਅੰਮ੍ਰਿਤਪਾਲ ਕੌਰ ਉਰਫ਼ ਅੰਮ੍ਰਿਤ ਵਾਸੀ ਅਕਾਲ ਨਗਰ, ਸਲੇਮ ਟਾਬਰੀ ਲੁਧਿਆਣਾ; ਜਰਨੈਲ ਸਿੰਘ ਵਾਸੀ ਮੁਹੱਲਾ ਸ਼ਿਵ ਮੰਦਿਰ, ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ; ਰਣਦੀਪ ਸਿੰਘ ਵਾਸੀ ਜਿੰਦੜ, ਜ਼ਿਲ੍ਹਾ ਗੁਰਦਾਸਪੁਰ; ਸਤਨਾਮ ਸਿੰਘ ਉਰਫ਼ ਸੱਤਾ ਵਾਸੀ ਪਿੰਡ ਦੋਧਾ, ਜ਼ਿਲ੍ਹਾ ਮੁਕਤਸਰ ਅਤੇ ਹਰਬਰਿੰਦਰ ਸਿੰਘ ਵਾਸੀ ਪ੍ਰਤਾਪ ਨਗਰ, ਜੀ.ਟੀ ਰੋਡ, ਅੰਮ੍ਰਿਤਸਰ ਨੂੰ ਗ੍ਰਿਫ਼ਤਾਰ ਕੀਤਾ ਹੈ। ਹਰਬਰਿੰਦਰ ਇਸ ਵੇਲੇ ਚੰਡੀਗੜ੍ਹ ਦੇ ਸੈਕਟਰ-44 ਵਿੱਚ ਰਹਿ ਰਿਹਾ ਸੀ। ਇਹ ਸਾਰੇ ਇਸ ਸਮੇਂ ਪੁਲੀਸ ਰਿਮਾਂਡ 'ਤੇ ਹਨ। ਇਸ ਤੋਂ ਇਲਾਵਾ ਕੁੱਝ ਸ਼ਰਾਰਤੀ ਤੱਤਾਂ ਅਤੇ ਗਰਮ ਖਿਆਲੀ ਆਗੂਆਂ ਦੀ ਕਥਿਤ ਫੜੋਫੜੀ ਜਾਰੀ ਹੈ, ਜਿਨ੍ਹਾਂ ਨੂੰ ਛੇ ਜੂਨ ਤੱਕ ਆਪਣੇ ਟੀਚੇ ਪੂਰੇ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ ਗਏ ਸੀ। ਇਹ ਵੀ ਪਤਾ ਲੱਗਾ ਹੈ ਕਿ ਪੁਲੀਸ ਸੱਤੇ ਦੇ ਸਾਥੀ ਗੌਰਵ ਕੁਮਾਰ ਵਾਸੀ ਬਿਹਾਰ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਹੋਰਨਾਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਮੁੱਢਲੀ ਪੁੱਛਗਿੱਛ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮ ਭਾਰਤ ਅਤੇ ਵਿਦੇਸ਼ਾਂ ਵਿੱਚ ਬੈਠ ਕੇ ਅਤਿਵਾਦੀ ਗਤੀਵਿਧੀਆਂ ਚਲਾ ਰਹੇ ਖਾੜਕੂਆਂ ਦੇ ਪੂਰੀ ਤਰ੍ਹਾਂ ਸੰਪਰਕ ਵਿੱਚ ਸਨ।*

## ਮੁਹਾਲੀ ਪੁਲੀਸ ਦਾ ਦਾਅਵਾ

### ਬੱਬਰ ਖਾਲਸਾ ਦਾ ਇਕ ਹੋਰ ਖਾੜਕੂ ਗ੍ਰਿਫ਼ਤਾਰ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼ :**
ਜ਼ਿਲ੍ਹਾ ਸੀਆਈਏ ਸਟਾਫ਼ ਮੁਹਾਲੀ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਸਤਨਾਮ ਸਿੰਘ ਉਰਫ਼ ਸੱਤਾ (ਵਾਸੀ ਪਿੰਡ ਦੋਧਾ, ਜ਼ਿਲ੍ਹਾ ਮੁਕਤਸਰ) ਨੇ ਦੇ ਨੌਜਵਾਨ ਨੂੰ ਗ੍ਰਿਫ਼ਤਾਰ ਹੈ, ਜਿਸ ਦਾ ਬੱਬਰ ਖਾਲਸਾ ਨਾਲ ਸਬੰਧ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਮੁਹਾਲੀ ਪੁਲੀਸ ਨੇ ਅੰਮ੍ਰਿਤਪਾਲ ਕੌਰ ਸਣੇ ਚਾਰ ਕਥਿਤ ਖਾੜਕੂਆਂ ਹਰਬਰਿੰਦਰ ਸਿੰਘ, ਜਰਨੈਲ ਸਿੰਘ ਅਤੇ ਰਣਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ।
ਪੁਲੀਸ ਅਨੁਸਾਰ ਪਹਿਲਾਂ ਫੜੇ ਮੁਲਜ਼ਮਾਂ ਨੇ ਪੁੱਛਗਿੱਛ ਦੌਰਾਨ ਸੱਤਾ ਦਾ ਨਾਂ ਲਿਆ ਹੈ, ਜੋ ਬੀਤੀ 30 ਮਈ ਨੂੰ ਚਾਰ ਖਾੜਕੂਆਂ ਦੀ ਗ੍ਰਿਫ਼ਤਾਰੀ ਸਮੇਂ ਪੁਲੀਸ ਨੂੰ ਝਕਾਨੀ ਦੇ ਕੇ ਫਰਾਰ ਹੋ ਗਿਆ ਸੀ। ਇਸ ਗੱਲ ਦੀ ਪੁਸ਼ਟੀ ਐਸਐਸਪੀ ਕੁਲਦੀਪ ਸਿੰਘ ਚਾਹਲ ਨੇ ਕੀਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਨੂੰ 6 ਜੂਨ ਤੱਕ ਆਪਣੇ ਟੀਚੇ ਪੂਰੇ ਕਰਨ ਦੇ ਹੁਕਮ ਦਿੱਤੇ ਗਏ ਸਨ। ਉਨ੍ਹਾਂ ਦੱਸਿਆ ਕਿ ਸੱਤਾ ਨੂੰ ਮੁਹਾਲੀ ਰੇਲਵੇ ਸਟੇਸ਼ਨ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਦਾ ਇੱਕ ਸਾਥੀ ਗੌਰਵ ਕੁਮਾਰ ਵਾਸੀ ਬਿਹਾਰ ਹਾਲੇ ਪੁਲੀਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਪੁਲੀਸ ਅਨੁਸਾਰ ਇਹ ਸਾਰੇ ਪਾਕਿਸਤਾਨ ਵਿਚਲੇ ਖਾੜਕੂਆਂ ਦੇ ਸੰਪਰਕ ਵਿੱਚ ਸਨ। ਪੁਲੀਸ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਕਈ ਹਿੰਦੂ ਸੰਠਗਨਾਂ ਦੇ ਆਗੂ ਖਾੜਕੂਆਂ ਦੇ ਨਿਸ਼ਾਨੇ 'ਤੇ ਹਨ। ਉਂਜ ਇਹ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਪੁਲੀਸ ਨੂੰ ਸ਼ੱਕ ਹੈ ਕਿ ਇਸ ਗਰੋਹ ਪਿੱਛੇ ਹੋਰ ਵੀ ਲੋਕਾਂ ਦਾ ਹੱਥ ਹੋ ਸਕਦਾ ਹੈ। ਇਹ ਨੌਜਵਾਨ ਪਾਕਿਸਤਾਨ, ਮੱਧ-ਪੂਰਬ ਦੇ ਵੱਖ-ਵੱਖ ਦੇਸ਼ਾਂ ਅਤੇ ਇੰਗਲੈਂਡ ਆਧਾਰਤ ਕੁਝ ਵਿਅਕਤੀਆਂ ਵੱਲੋਂ ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ 'ਤੇ ਸੰਪਰਕ ਰਾਹੀਂ ਪ੍ਰਭਾਵਤ ਹੋ ਕੇ 'ਖ਼ਾਲਿਸਤਾਨ ਜ਼ਿੰਦਾਬਾਦ' ਨਾਂ ਦਾ ਗਰੁੱਪ ਬਣਾਉਣ ਲਈ ਇਕੱਠੇ ਹੋ ਰਹੇ ਸਨ। ਮੁਲਜ਼ਮਾਂ ਕੋਲੋਂ 32 ਬੋਰ ਦੇ ਦੋ ਪਿਸਤੌਲ, ਚਾਰ ਮੈਗਜ਼ੀਨ ਅਤੇ ਪੰਜ ਕਾਰਤੂਸ, .315 ਬੋਰ ਦਾ ਪਿਸਤੌਲ ਅਤੇ ਇੱਕ 12 ਬੋਰ ਦਾ ਪਿਸਤੌਲ ਬਰਾਮਦ ਹੋਇਆ ਹੈ।

# ਬੰਬ ਬਣਾਉਣ ਵਾਲੇ ਕੰਪਿਊਟਰ ਇੰਜਨੀਅਰ ਰਜਤਵੀਰ ਸਿੰਘ ਨੇ ਪੁਲੀਸ ਰੇਡ ਦੌਰਾਨ ਕੀਤੀ ਖ਼ੁਦਕੁਸ਼ੀ, ਪਿਤਾ ਨੂੰ ਕੀਤਾ ਕਾਬੂ

**ਪਟਿਆਲਾ/ਬਿਊਰੋ ਨਿਊਜ਼ :** ਇੱਥੋਂ ਦੇ ਦਰਸ਼ਨ ਨਗਰ ਦੇ ਵਸਨੀਕ ਕੰਪਿਊਟਰ ਇੰਜਨੀਅਰ ਰਜਤਵੀਰ ਸਿੰਘ ਸੋਢੀ ਅਤੇ ਉਸ ਦੇ ਪਿਤਾ ਤੇ ਮਾਰਕੀਟ ਕਮੇਟੀ ਦੇ ਸੇਵਾਮੁਕਤ ਸਕੱਤਰ ਹਰਪ੍ਰੀਤ ਸਿੰਘ ਵੱਲੋਂ ਘਰ ਵਿੱਚ ਹੀ ਬੰਬ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ।
ਇਨ੍ਹਾਂ ਬੰਬਾਂ ਦੀ ਪਰਖ ਲਈ ਉਨ੍ਹਾਂ ਵੱਲੋਂ ਅਰਬਨ ਅਸਟੇਟ ਨੇੜਲੀ ਪਾਰਕ ਵਿੱਚ ਧਮਾਕੇ ਵੀ ਕੀਤੇ ਜਾਂਦੇ ਸਨ। ਪੁਲੀਸ ਨੇ ਇਨ੍ਹਾਂ ਵਿਚੋਂ ਪਿਤਾ ਨੂੰ ਕਾਬੂ ਕਰ ਲਿਆ ਪਰ ਰਜਤਵੀਰ ਸੋਢੀ ਨੇ ਮੱਥੇ 'ਤੇ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਪੁਲੀਸ ਨੇ ਉਨ੍ਹਾਂ ਦੇ ਘਰੋਂ ਵੱਡੀ ਮਾਤਰਾ ਵਿੱਚ ਹਥਿਆਰ ਤੇ ਹੋਰ ਗੋਲੀ ਸਿੱਕਾ ਵੀ ਬਰਾਮਦ ਕੀਤਾ ਹੈ, ਜਿਸ ਵਿੱਚ ਕੁੱਕਰ ਬੰਬ, ਕੁਝ ਪਾਈਪ ਬੰਬ ਅਤੇ ਬੰਬ ਬਣਾਉਣ ਵਾਲੀ ਧਮਾਕਾਖੇਜ਼ ਸਮੱਗਰੀ, ਦੋ ਪਿਸਤੌਲ, 12 ਬੋਰ ਦੀਆਂ ਤਿੰਨ ਰਾਈਫਲਾਂ ਅਤੇ ਭਾਰੀ ਮਾਤਰਾ ਵਿੱਚ ਕਾਰਤੂਸ ਸ਼ਾਮਲ ਹਨ। ਦੋਵਾਂ ਖ਼ਿਲਾਫ਼ ਥਾਣਾ ਸਦਰ ਪਟਿਆਲਾ ਵਿੱਚ ਕੇਸ ਦਰਜ ਕੀਤਾ ਗਿਆ ਹੈ।
ਇਸ ਮਾਮਲੇ ਨੂੰ ਲੈ ਕੇ ਦਰਸ਼ਨ ਨਗਰ ਦੀਆਂ ਗਲੀਆਂ ਵਿੱਚ ਪੁਲੀਸ ਦੀਆਂ ਗੱਡੀਆਂ ਘੁੰਮਦੀਆਂ ਰਹੀਆਂ। ਆਈਜੀ ਅਮਰਦੀਪ ਸਿੰਘ ਰਾਏ, ਡੀਆਈਜੀ ਡਾ. ਸੁਖਚੈਨ ਸਿੰਘ ਗਿੱਲ, ਐਸਪੀ (ਡੀ) ਹਰਵਿੰਦਰ ਵਿਰਕ, ਕੇਸਰ ਸਿੰਘ ਧਾਲੀਵਾਲ, ਡੀਐਸਪੀ ਗੁਰਦੇਵ ਧਾਲੀਵਾਲ ਤੇ ਸੁਖਮਿੰਦਰ ਚੌਹਾਨ ਸਮੇਤ ਇੰਸਪੈਕਟਰ ਦਲਜੀਤ ਸਿੰਘ ਵਿਰਕ ਤੇ ਜਸਵਿੰਦਰ ਟਿਵਾਣਾ ਵੀ ਮੌਕੇ ਉਤੇ ਮੌਜੂਦ ਸਨ। ਚੰਡੀਗੜ੍ਹ ਤੋਂ ਪੁੱਜੀ ਬੰਬ ਮਾਹਰਾਂ ਦੀ ਟੀਮ ਨੇ ਜਾਂਚ ਮਗਰੋਂ ਹੀ ਲਾਸ਼ ਪੋਸਟ ਮਾਰਟਮ ਲਈ ਹਸਪਤਾਲ ਭੇਜੀ। ਡੀਆਈਜੀ ਡਾ. ਸੁਖਚੈਨ ਸਿੰਘ ਗਿੱਲ ਤੇ ਐਸਐਸਪੀ ਡਾ. ਐਸ. ਭੂਪਤੀ ਨੇ ਦੱਸਿਆ ਕਿ ਪਿੰਡ ਫਲੌਲੀ ਕੋਲੋਂ ਭਾਵੇਂ ਰਜਤਵੀਰ ਫਰਾਰ ਹੋ ਗਿਆ ਸੀ ਪਰ ਐਸਪੀ (ਡੀ) ਹਰਵਿੰਦਰ ਵਿਰਕ ਦੀ ਅਗਵਾਈ ਹੇਠਲੀ ਟੀਮ ਨੇ ਹਰਪ੍ਰੀਤ ਸਿੰਘ ਨੂੰ ਦਬੋਚ ਲਿਆ, ਜਿਸ ਦੀ ਰਿਟਜ਼ ਕਾਰ ਵਿਚੋਂ ਕੁੱਕਰਨੁਮਾ ਧਮਾਕਾਖੇਜ਼ ਸਮੱਗਰੀ ਬਰਾਮਦ ਹੋਈ, ਜਦੋਂ ਕਿ ਰਜਤਵੀਰ ਸਿੰਘ ਸਕਾਰਪੀਓ ਗੱਡੀ ਰਾਹੀਂ ਫਰਾਰ ਹੋ ਗਿਆ। ਜਦੋਂ ਹਰਪ੍ਰੀਤ ਸਿੰਘ ਦੀ ਪਤਨੀ ਨੂੰ ਨਾਲ ਲੈ ਕੇ ਪੁਲੀਸ ਨੇ ਦਰਸ਼ਨ ਨਗਰ ਵਿਚਲੇ ਇਨ੍ਹਾਂ ਦੇ ਇਕ ਹੋਰ ਮਕਾਨ ਉਤੇ ਛਾਪਾ ਮਾਰਿਆ ਤਾਂ ਇਸ ਦੇ ਉਪਰਲੇ ਕਮਰੇ ਵਿੱਚ ਰਜਤਵੀਰ ਸਿੰਘ ਦੀ ਲਾਸ਼ ਪਈ ਮਿਲੀ, ਜਿਸ ਦੇ ਮੱਥੇ 'ਤੇ ਗੋਲੀ ਲੱਗੀ ਹੋਈ ਸੀ ਤੇ ਪਿਸਤੌਲ ਵੀ ਕੋਲ ਪਿਆ ਸੀ। ਪੁਲੀਸ ਦਾ ਕਹਿਣਾ ਹੈ ਕਿ ਉਸ ਨੇ ਕਾਨੂੰਨੀ ਕਾਰਵਾਈ ਦੇ ਡਰੋਂ ਖ਼ੁਦਕੁਸ਼ੀ ਕਰ ਲਈ। ਇਸ ਮਾਮਲੇ ਨੂੰ ਆਈਐਸਆਈ ਤੇ ਮੁਹਾਲੀ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਚਾਰ ਮੁਲਜ਼ਮਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ ਪਰ ਡੀਆਈਜੀ ਦਾ ਕਹਿਣਾ ਹੈ ਕਿ ਅਜੇ ਜਾਂਚ ਕੀਤੀ ਜਾ ਰਹੀ ਹੈ।



### ਰਜਤਵੀਰ ਦੀ ਮਾਂ ਨੇ ਵੀ ਕੀਤੀ ਖ਼ੁਦਕੁਸ਼ੀ :

ਰਜਤਵੀਰ ਦੀ ਮਾਂ ਕਿਰਨਜੋਤ ਕੌਰ ਨੇ ਵੀ ਦੋ ਦਿਨਾਂ ਬਾਅਦ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਮਿਲੀ ਜਾਣਕਾਰੀ ਅਨੁਸਾਰ ਕਿਰਨਜੋਤ ਕੌਰ ਲੰਘੇ ਦਿਨ ਆਪਣੇ ਪੁੱਤਰ ਦੇ ਸਸਕਾਰ ਤੋਂ ਬਾਅਦ ਉਸ ਦੇ ਫੁੱਲ ਜਲ ਪ੍ਰਵਾਹ ਕਰਕੇ ਆਪਣੇ ਘਰ ਆਈ ਸੀ। ਦੇਰ ਰਾਤ ਉਹ ਪਿਸ਼ਾਬ ਕਰਨ ਦੇ ਬਹਾਨੇ ਕਮਰੇ ਵਿਚੋਂ ਬਾਹਰ ਗਈ ਜਦੋਂ ਜ਼ਿਆਦਾ ਦੇਰ ਹੋ ਗਈ ਤਾਂ ਰਿਸ਼ਤੇਦਾਰਾਂ ਨੇ ਨਾਲ ਵਾਲੇ ਕਮਰੇ ਵਿਚ ਜਾ ਕੇ ਦੇਖਿਆ ਤਾਂ ਉਹ ਪੱਖੇ ਨਾਲ ਲਟਕ ਰਹੀ ਸੀ। ਕਿਰਨਜੋਤ ਕੌਰ ਪਾਵਰਕਾਮ ਵਿਚ ਕੰਮ ਕਰਦੀ ਸੀ।

### ਪਾਰਕ ਵਿੱਚ ਹੁੰਦੀ ਸੀ ਬੰਬਾਂ ਦੀ ਪਰਖ

ਪਿੰਡ ਫਲੌਲੀ ਕੋਲ ਸਥਿਤ ਪੁੱਡਾ ਦੇ ਪਾਰਕ ਵਿੱਚ ਰਜਤਵੀਰ ਸਿੰਘ ਸੋਢੀ ਤੇ 'ਹੋਰਾਂ' ਵੱਲੋਂ ਕਈ ਦਿਨਾਂ ਤੋਂ ਬੰਬਾਂ ਦੀ ਪਰਖ ਕੀਤੀ ਜਾ ਰਹੀ ਸੀ। ਇਸ ਕਾਰਵਾਈ ਨੂੰ ਉਹ ਤਕਰੀਬਨ ਅੱਧੀ ਰਾਤ ਨੂੰ ਹੀ ਅੰਜਾਮ ਦਿੰਦੇ ਸਨ।
ਇਸ ਇਲਾਕੇ ਦੇ ਵਸਨੀਕ ਸਤਨਾਮ ਸਿੰਘ ਨਾਮ ਦੇ ਇਕ ਵਿਅਕਤੀ ਨੇ ਰਾਤ ਨੂੰ ਇਸ ਪਾਸੇ ਟਾਰਚ ਨਾਲ ਰੌਸ਼ਨੀ ਕੀਤੀ ਤਾਂ ਉਸ ਉਤੇ ਗੋਲੀ ਵੀ ਚਲਾ ਦਿੱਤੀ ਗਈ ਸੀ। ਇਸ ਪਾਰਕ ਦੀ ਕੰਧ ਦਾ ਕੁਝ ਹਿੱਸਾ ਵੀ ਟੁੱਟਿਆ ਹੋਇਆ ਹੈ। ਲੋਕਾਂ ਦਾ ਕਹਿਣਾ ਸੀ ਕਿ ਪਹਿਲਾਂ ਵੀ ਪੁਲੀਸ ਨੂੰ ਇਤਲਾਹ ਦਿੱਤੀ ਗਈ ਸੀ ਪਰ ਉਸ ਰਾਤ ਪੁਲੀਸ ਨੇ ਇੱਥੇ ਪੱਕੇ ਡੇਰੇ ਲਾ ਲਏ।

### ਰਜਤਵੀਰ ਨੇ ਫੇਸਬੁੱਕ 'ਤੇ ਮੌਲਾਨਾ ਮਸੂਦ ਦੀਆਂ ਵੀਡੀਓਜ਼ ਕੀਤੀਆਂ ਸ਼ੇਅਰ

ਖ਼ੁਦਕੁਸ਼ੀ ਕਰਨ ਵਾਲਾ ਰਜਤਵੀਰ ਸਿੰਘ ਜੇਹਾਦੀ ਮੁਸਲਿਮ ਆਗੂਆਂ ਤੋਂ ਕਾਫ਼ੀ ਜ਼ਿਆਦਾ ਪ੍ਰਭਾਵਤ ਸੀ। ਇਹ ਗੱਲ ਉਸ ਸਮੇਂ ਸਾਹਮਣੇ ਆਈ ਜਦੋਂ ਉਸ ਦੇ ਫੇਸਬੁੱਕ ਪੇਜ 'ਤੇ ਮੌਲਾਨਾ ਮਸੂਦ, ਓਸਾਮਾ ਬਿਨ ਲਾਦੇਨ ਸਮੇਤ ਹੋਰਨਾਂ ਕਈ ਮੁਸਲਿਮ ਆਗੂਆਂ ਦੀਆਂ ਵੀਡੀਓਜ਼ ਸ਼ੇਅਰ ਕੀਤੀਆਂ ਹੋਈਆਂ ਪਾਈਆਂ ਗਈਆਂ, ਜਦਕਿ ਉਨ੍ਹਾਂ ਨੂੰ ਵੱਡੀ ਗਿਣਤੀ ਵਿਚ ਲੋਕਾਂ ਵੱਲੋਂ ਲਾਈਕ ਵੀ ਕੀਤਾ ਗਿਆ ਸੀ। ਇਸ ਤੋਂ ਇਲਾਵਾ ਵੀ ਉਸ ਵੱਲੋਂ ਆਪਣੇ ਰੋਜ਼ਾਨਾ ਜੀਵਨ ਨਾਲ ਸਬੰਧਤ ਵਧੇਰੇ ਤਸਵੀਰਾਂ ਫੇਸਬੁੱਕ 'ਤੇ ਸ਼ੇਅਰ ਕੀਤੀਆਂ ਗਈਆਂ ਹਨ ਅਤੇ ਉਸ ਵੱਲੋਂ 30 ਮਈ ਨੂੰ ਆਪਣੀ ਆਖ਼ਰੀ ਵੀਡੀਓ ਫੇਸਬੁੱਕ 'ਤੇ ਸ਼ੇਅਰ ਕੀਤੀ ਗਈ ਸੀ।
ਇਸ ਸਬੰਧੀ ਡੀ.ਆਈ.ਜੀ. ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਰਜਤਵੀਰ ਦੇ ਫੇਸਬੁੱਕ ਅਕਾਉਂਟ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ।

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਚੀਨ ਅਤੇ ਅਮਰੀਕਾ ਤੋਂ ਕਈ ਗੁਣਾ ਘੱਟ ਪ੍ਰਦੂਸ਼ਣ, ਫਿਰ ਵੀ ਭਾਰਤ 'ਤੇ ਨਿਸ਼ਾਨਾ



# ਸਮਝੌਤੇ ਤੋਂ ਭੱਜ ਰਹੇ ਨੇ ਟਰੰਪ

### ਅਮਰੀਕੀ ਰਾਸ਼ਟਰਪਤੀ ਨੇ ਜਲਵਾਯੂ ਪਰਿਵਰਤਣ ਦੇ ਨਾਂ 'ਤੇ ਭਾਰਤ ਨੂੰ ਅਰਬਾਂ ਡਾਲਰ ਮਿਲਣ ਅਤੇ ਕੋਲਾ ਖ਼ਾਨਾਂ 'ਚ ਹੜ੍ਹ ਆਉਣ ਦਾ ਵਿਖਾਇਆ ਡਰ

ਪੈਰਿਸ ਜਲਵਾਯੂ ਪਰਿਵਰਤਨ ਸਮਝੌਤੇ ਤੋਂ ਵੱਖ ਹੋਣ ਦਾ ਐਲਾਨ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬਹੁਤ ਘੱਟ ਕਾਰਬਨ ਪ੍ਰਦੂਸ਼ਣ ਦੇ ਬਾਵਜੂਦ ਚੀਨ ਦੇ ਨਾਲ ਭਾਰਤ 'ਤੇ ਵੀ ਜਲਵਾਯੂ ਪਰਿਵਰਤਣ ਨੂੰ ਲੈ ਕੇ ਹਮਲਾ ਬੋਲਿਆ ਹੈ। ਚੀਨ ਦੁਨੀਆ 'ਚ ਸਭ ਤੋਂ ਵੱਧ 28.03% ਅਤੇ ਅਮਰੀਕੀ 15.90% ਕਾਰਬਨ ਪੈਦਾ ਕਰਦਾ ਹੈ। ਇਨ੍ਹਾਂ ਦੋਹਾਂ ਦੇ ਮੁਕਾਬਲੇ ਭਾਰਤ ਦਾ ਕਾਰਬਨ ਪੈਦਾਵਾਰ ਸਿਰਫ਼ 5.81% ਹੈ। ਇਨ੍ਹਾਂ ਅੰਕੜਿਆਂ ਨੂੰ ਨਜ਼ਰਅੰਦਾਜ਼ ਕਰਦਿਆਂ ਟਰੰਪ ਨੇ ਪੈਰਿਸ ਸਮਝੌਤੇ ਤੋਂ ਭਾਰਤ ਨੂੰ ਸਭ ਤੋਂ ਵੱਧ ਫ਼ਾਇਦਾ ਲੈਣ ਵਾਲਿਆਂ ਦੀ ਸੂਚੀ 'ਚ ਪਾ ਦਿੱਤਾ।



ਟਰੰਪ ਅਨੁਸਾਰ ਸਮਝੌਤਾ ਅਮਰੀਕਾ ਲਈ ਠੀਕ ਨਹੀਂ ਹੈ, ਕਿਉਂਕਿ ਇਸ ਕਾਰਨ ਦੇਸ਼ ਦੇ ਉਦਯੋਗਾਂ ਅਤੇ ਰੁਜ਼ਗਾਰ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਭਾਰਤ ਨੂੰ ਪੈਰਿਸ ਸਮਝੌਤੇ ਤਹਿਤ ਆਪਣੀ ਲੋੜਾਂ ਪੂਰੀਆਂ ਕਰਨ ਲਈ ਅਰਬਾਂ ਡਾਲਰ ਮਿਲਣਗੇ ਅਤੇ ਚੀਨ ਨਾਲ ਮਿਲ ਕੇ ਉਹ ਆਉਣ ਵਾਲੇ ਕੁੱਝ ਸਾਲਾਂ 'ਚ ਕੋਲੇ ਨਾਲ ਸੰਚਾਲਤ ਬਿਜਲੀ ਪਲਾਂਟਾਂ ਨੂੰ ਦੁੱਗਣਾ ਕਰ ਲਵੇਗਾ। ਇਸ ਤੋਂ ਉਹ ਅਮਰੀਕਾ 'ਤੇ ਵਿਧੀ ਵਾਧਾ ਹਾਸਲ ਕਰ ਲਵੇਗਾ। ਭਾਰਤ ਵਿਕਸਤ ਦੇਸ਼ਾਂ ਤੋਂ ਵਿਦੇਸ਼ੀ ਸਹਾਇਤਾ 'ਚ ਅਰਬਾਂ ਡਾਲਰ ਲੈ ਕੇ ਆਪਣੀ ਹਿੱਸੇਦਾਰੀ ਕਰਦਾ ਹੈ। ਟਰੰਪ ਨੇ ਦਾਅਵਾ ਕੀਤਾ ਕਿ ਸਾਲ 2020 ਤੱਕ ਭਾਰਤ ਦਾ ਕੋਲਾ ਉਤਪਾਦਨ ਵੀ ਦੁੱਗਣਾ ਹੋ ਜਾਵੇਗਾ। ਇੱਥੇ ਤੱਕ ਕਿ ਯੂਰਪ ਕੋਲਾ ਪਲਾਂਟ ਦਾ ਨਿਰਮਾਣ ਜਾਰੀ ਰੱਖ ਸਕਦਾ ਹੈ। ਇਸ ਸਮਝੌਤੇ ਤੋਂ ਚੀਨ ਵੀ ਸੈਂਕੜੇ ਵਾਧੂ ਕੋਲਾ ਪਲਾਂਟ ਬਣਾ ਸਕਦਾ ਹੈ, ਪਰ ਅਸੀਂ ਅਜਿਹਾ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਅਜਿਹਾ ਸਮਝੌਤਾ ਕੀਤਾ ਸੀ, ਜੋ ਸਾਡੇ ਲਈ ਨੁਕਸਾਨਦਾਇਕ ਅਤੇ ਹੋਰ ਦੇਸ਼ ਲਈ ਫ਼ਾਇਦੇਮੰਦ ਹੈ। ਟਰੰਪ ਨੇ ਕਿਹਾ ਕਿ ਰਾਸ਼ਟਰਪਤੀ ਵਜੋਂ ਮੈਂ ਅਮਰੀਕੀ ਨਾਗਰਿਕਾਂ ਦੀ ਭਲਾਈ ਤੋਂ ਪਹਿਲਾਂ ਕਿਸੇ ਦੂਜੀ ਚੀਜ਼ ਬਾਰੇ ਨਹੀਂ ਸੋਚ ਸਕਦਾ। ਮੈਨੂੰ ਪਿਟਸਬਰਗ ਦੀ ਅਗਵਾਈ ਕਰਨ ਲਈ ਚੁਣਿਆ ਗਿਆ ਹੈ, ਨਾ ਕਿ ਪੈਰਿਸ ਦੀ। ਅਮਰੀਕਾ ਪੂਰੀ ਤਰ੍ਹਾਂ ਨਵੇਂ ਸਮਝੌਤੇ 'ਤੇ ਗੱਲਬਾਤ ਸ਼ੁਰੂ ਕਰੇਗਾ, ਜੋ ਉਸ ਦੇ ਉਦਯੋਗਾਂ, ਕਾਮਿਆਂ, ਲੋਕਾਂ ਅਤੇ ਟੈਕਸ ਦੇਣਦਾਰਾਂ ਲਈ ਸਹੀ ਹੋਵੇ।

**ਤੱਥਾਂ ਦੀ ਜਾਣਬੁੱਝ ਕੇ ਅਣਦੇਖੀ :** *ਜਾਣਕਾਰਾਂ ਮੁਤਾਬਕ ਪ੍ਰਦੂਸ਼ਣ ਫੈਲਾਉਣ ਵਿਚ ਭਾਰਤ ਚੀਨ-ਅਮਰੀਕਾ ਤੋਂ ਬਹੁਤ ਪਿਛੇ ਹੈ ਤੇ ਇਸ ਮੋਰਚੇ 'ਤੇ ਆਪਣੀ ਵਿਸ਼ਵੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿਚ ਹਮੇਸ਼ਾ ਤੋਂ ਅੱਗੇ ਵੀ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਨੇ ਪੈਰਿਸ ਸਮਝੌਤੇ ਤੋਂ ਅਮਰੀਕਾ ਨੂੰ ਅਲੱਗ-ਥਲੱਗ ਕਰਦਿਆਂ ਜੋ ਗੱਲਾਂ ਕਹੀਆਂ, ਉਹ ਤਥਾਤਮਕ ਤੌਰ 'ਤੇ ਸਹੀ ਨਹੀਂ ਹਨ। ਜਾਣਕਾਰਾਂ ਮੁਤਾਬਕ, ਟਰੰਪ ਦਾ ਇਹ ਕਹਿਣਾ ਗ਼ਲਤ ਹੈ ਕਿ ਭਾਰਤ ਨੂੰ ਇਸ ਸਮਝੌਤੇ ਰਾਹੀਂ 2020 ਤਕ ਆਪਣਾ ਕੋਲਾ ਉਤਪਾਦਨ ਦੁੱਗਣਾ ਕਰਨ ਦੀ ਮਨਜ਼ੂਰੀ ਮਿਲ ਜਾਵੇਗੀ। ਇਸ ਤੋਂ ਇਲਾਵਾ ਭਾਰਤ ਨੇ ਇਹ ਵੀ ਸਾਫ਼ ਕੀਤਾ ਹੈ ਕਿ ਆਪਣੇ ਟੀਚੇ ਹਾਸਲ ਕਰਨ ਲਈ ਉਸ ਨੂੰ ਵਿਦੇਸ਼ੀ ਮਦਦ ਨਹੀਂ ਚਾਹੀਦੀ। ਇੰਡੀਆ ਸਪੈਂਡ ਦੀ ਮਈ 2015 ਦੀ ਰਿਪੋਰਟ ਮੁਤਾਬਕ, ਭਾਰਤ ਦਾ ਪ੍ਰਤੀ ਵਿਅਕਤੀ ਉਤਸਰਜਨ ਵਿਸ਼ਵੀ ਪੱਧਰ ਦਾ ਕਰੀਬ 20ਵਾਂ ਹਿੱਸਾ ਹੈ ਜਦਕਿ ਦੁਨੀਆ ਦੀ ਆਬਾਦੀ ਦਾ 6ਵਾਂ ਹਿੱਸਾ ਭਾਰਤ ਵਿਚ ਰਹਿੰਦਾ ਹੈ। ਬਰਤਾਨੀਆ, ਜਰਮਨੀ, ਕੈਨੇਡਾ ਤੇ ਅਮਰੀਕਾ ਦੇ ਲੋਕ ਭਾਰਤ ਦੇ ਲੋਕਾਂ ਦੇ ਮੁਕਾਬਲੇ 5 ਤੋਂ 12 ਗੁਣਾ ਜ਼ਿਆਦਾ ਪ੍ਰਦੂਸ਼ਣ ਫੈਲਾਉਂਦੇ ਹਨ। ਸਮਝੌਤੇ ਮੁਤਾਬਕ ਭਾਰਤ ਨੂੰ ਫਾਸਿਲ ਫਿਊਲ 'ਤੇ ਆਪਣੀ ਨਿਰਭਰਤਾ ਸਾਲ 2005 ਦੇ ਮੁਕਾਬਲੇ ਸਾਲ 2030 ਤਕ 30-35 ਫ਼ੀਸਦੀ ਤੱਕ ਘੱਟ ਕਰਨੀ ਪਏਗੀ। ਭਾਰਤ ਆਪਣੀ ਕੁੱਲ ਬਿਜਲੀ ਦਾ 75 ਫ਼ੀਸਦੀ ਉਤਪਾਦਨ ਕੋਲੇ ਤੋਂ ਕਰਦਾ ਹੈ, ਜੋ ਘੱਟ ਕੇ ਅਗਸਤ 2016 ਤਕ 61 ਫ਼ੀਸਦੀ ਹੋ ਗਿਆ ਸੀ। ਭਾਰਤ ਨੇ ਸਮਝੌਤੇ ਤਹਿਤ ਇਹ ਵੀ ਮੰਨਿਆ ਸੀ ਕਿ ਉਸ ਨੂੰ ਆਪਣੇ ਟੀਚਿਆਂ ਨੂੰ ਹਾਸਲ ਕਰਨ ਅਤੇ ਬਾਕੀ ਜ਼ਰੂਰਤਾਂ ਲਈ ਕਿਸੇ ਦੂਸਰੇ ਮੁਲਕਾਂ ਦੀ ਮਦਦ ਦੀ ਲੋੜ ਨਹੀਂ ਹੈ।*

**ਸਭ ਤੋਂ ਵੱਧ ਕਾਰਬਨ ਪੈਦਾ ਕਰਨ ਵਾਲੇ ਦੇਸ਼**

| | |
|---|---|
| ਚੀਨ | 28.03% |
| ਅਮਰੀਕਾ | 15.90% |
| ਭਾਰਤ | 5.81% |
| ਰੂਸ | 4.79% |
| ਜਾਪਾਨ | 3.84% |
| ਜਰਮਨੀ | 2.86% |

**ਭਾਰਤ 'ਚ ਗਰੀਨ ਹਾਊਸ ਗੈਸਾਂ ਦੀ ਸਥਿਤੀ**

| | |
|---|---|
| ਮੀਥੇਨ | 20% |
| ਨਾਈਟਰਸ ਆਕਸਾਈਡ | 6% |
| ਕਲੋਰੋਫਲੋਰੋ ਕਾਰਬਨ | 14% |
| ਕਾਰਬਨ ਡਾਈਆਕਸਾਈਡ | 60% |

**ਵਿਗਿਆਨੀਆਂ ਦੀ ਚਿਤਾਵਨੀ :**

2070 ਤੱਕ ਕਾਰਬਨ ਪੈਦਾਵਾਰ ਸਿਫ਼ਰ ਨਾ ਹੋਈ ਤਾਂ ਤਾਪਮਾਨ ਵਾਧੇ ਦੀ ਦਰ 2.7 ਡਿਗਰੀ ਤੋਂ ਉੱਪਰ ਹੋ ਜਾਵੇਗੀ। ਇਸ ਕਾਰਨ ਦੁਨੀਆ 'ਚ ਭਿਆਨਕ ਤਬਾਹੀ ਮੱਚੇਗੀ। ਕਾਰਬਨ ਧਰਤੀ ਦੇ ਸੁਰੱਖਿਆ ਕਵਚ ਮੰਨੇ ਜਾਣ ਵਾਲੇ ਓਜ਼ੋਨ ਗੈਸ ਦੀ ਪਰਤ ਨੂੰ ਕਾਫ਼ੀ ਨੁਕਸਾਨ ਪਹੁੰਚਾ ਰਿਹਾ ਹੈ। ਇੱਥੇ ਤੱਕ ਕਿ ਅੰਟਾਰਟਿਕਾ ਦੇ ਉੱਪਰ ਇਸ 'ਚ ਛੇਕ ਤੱਕ ਹੋ ਗਿਆ ਹੈ। ਸਾਲ 2015 ਤੱਕ ਇਸ ਦਾ ਆਕਾਰ ਉੱਤਰੀ ਅਮਰੀਕਾ ਦੇ ਖੇਤਰਫਲ ਜਿੰਨਾ ਵੱਡਾ ਸੀ।

**ਟਰੰਪ ਨੇ ਕੀਤੇ ਅਹਿਮ ਨੇਤਾਵਾਂ ਨੂੰ ਫੋਨ**

ਵ੍ਹਾਈਟ ਹਾਊਸ ਨੇ ਦੱਸਿਆ ਕਿ ਆਪਣੇ ਫ਼ੈਸਲੇ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਜਰਮਨੀ, ਫਰਾਂਸ, ਕੈਨੇਡਾ ਤੇ ਬਰਤਾਨੀਆ ਦੇ ਨੇਤਾਵਾਂ ਨੂੰ ਨਿੱਜੀ ਤੌਰ 'ਤੇ ਫ਼ੋਨ ਕੀਤਾ। ਹਾਲਾਂਕਿ ਇਹ ਨਹੀਂ ਦੱਸਿਆ ਗਿਆ ਕਿ ਟਰੰਪ ਨੇ ਜਰਮਨੀ ਦੀ ਚਾਂਸਲਰ ਏਂਜਲਾ ਮਾਰਕੇਲ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਨ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਬਰਤਾਨੀਆ ਦੀ ਪ੍ਰਧਾਨ ਮੰਤਰੀ ਟੇਰੀਜ਼ਾ ਮੇ ਨੂੰ ਭਰੋਸਾ ਦਿੱਤਾ ਕਿ ਅਮਰੀਕਾ ਟਰਾਂਸ-ਐਟਲਾਂਟਿਕ ਗਠਜੋੜ ਪ੍ਰਤੀ ਪ੍ਰਤੀਬੱਧ ਰਹੇਗਾ ਤੇ ਵਾਤਾਵਰਣ ਸੁਰੱਖਿਆ ਦੇ ਯਤਨਾਂ ਨੂੰ ਮਜ਼ਬੂਤੀ ਦਏਗਾ। ਇਹੀ ਨਹੀਂ ਅਮਰੀਕਾ, 'ਸਭ ਤੋਂ ਸਵੱਛ ਤੇ ਸਭ ਤੋਂ ਵਾਤਾਵਰਣ ਹਿਤੈਸ਼ੀ ਦੇਸ਼' ਹੋਵੇਗਾ। ਹਾਲਾਂਕਿ ਰਿਪੋਰਟਾਂ ਮੁਤਾਬਕ ਜਰਮਨੀ ਦੀ ਚਾਂਸਲਰ ਏਂਜਲਾ ਮਾਰਕੇਲ ਅਤੇ ਟਰੰਪ ਵਿਚਾਲੇ ਇਸ ਮੁੱਦੇ 'ਤੇ ਸਭ ਕੁਝ ਠੀਕ ਨਹੀਂ ਸੀ।

**ਕੀ ਹੈ ਪੈਰਿਸ ਜਲਵਾਯੂ ਸਮਝੌਤਾ**

**26%** ਕਾਰਬਨ ਉਤਸਰਜਨ ਘੱਟ ਕਰਕੇ ਅਮਰੀਕਾ ਨੇ ਗ਼ਰੀਬ ਮੁਲਕਾਂ ਲਈ 3 ਅਰਬ ਡਾਲਰ ਜਾਰੀ ਕਰਨੇ ਸਨ।

**2 ਡਿਗਰੀ** ਸੈਲਸੀਅਸ ਧਰਤੀ ਦਾ ਤਾਪਮਾਨ ਘੱਟ ਕਰਨ ਦਾ ਟੀਚਾ, ਜਿਸ ਨੂੰ 1.5 ਡਿਗਰੀ ਤੱਕ ਲੈ ਕੇ ਜਾਣਾ ਸੀ।

- **ਵਿਕਸਤ ਮੁਲਕ, ਜਲਵਾਯੂ ਪਰਿਵਰਤਣ ਦੇ ਅਸਰ ਨਾਲ ਜੂਝਣ ਵਿਚ ਵਿਕਾਸਸ਼ੀਲ ਮੁਲਕਾਂ ਦੀ ਮਦਦ ਕਰਨਗੇ।**
- **ਵਿਕਸਤ ਦੇਸ਼ ਵਿਕਾਸ਼ੀਲ ਤੇ ਗ਼ਰੀਬ ਮੁਲਕਾਂ ਲਈ ਹਰ ਸਾਲ 100 ਅਰਬ ਡਾਲਰ ਜੁਟਾਉਣਗੇ।**
- **195 ਮੁਲਕਾਂ ਨੇ ਕੀਤਾ ਹੈ ਸਮਝੌਤੇ 'ਤੇ ਹਸਤਾਖ਼ਰ। 146 ਮੁਲਕਾਂ ਦਾ ਸਮਰਥਨ।**

**ਕਿਉਂ ਨਾਰਾਜ਼ ਹਨ ਟਰੰਪ ?**

ਟਰੰਪ ਮੰਨਦੇ ਹਨ, ਪੈਰਿਸ ਸਮਝੌਤਾ ਅਮਰੀਕੀ ਜਨਤਾ 'ਤੇ ਬੋਝ ਹੈ। ਇਸ ਵਿਚ ਅਮਰੀਕਾ 'ਤੇ ਤਾਂ ਪਾਬੰਦੀ ਹੈ ਪਰ ਭਾਰਤ, ਚੀਨ 'ਤੇ ਸਖ਼ਤੀ ਨਹੀਂ।

ਸਮਝੌਤੇ ਨਾਲ ਅਮਰੀਕਾ ਦੀ ਖਣਨ ਗਤੀਵਿਧੀਆਂ 'ਤੇ ਅਸਰ।

ਪਾਬੰਦੀਆਂ ਨਾਲ ਅਮਰੀਕੀਆਂ ਲਈ ਰੁਜ਼ਗਾਰ ਹੋ ਰਹੇ ਘੱਟ। ਜਲਵਾਯੂ ਪਰਿਵਰਤਣ ਚੀਨ ਦਾ ਖੜ੍ਹਾ ਕੀਤਾ ਹਊਆ।

**ਭਾਰਤ 'ਤੇ ਅਸਰ ਨਹੀਂ**

- ਕਾਰਬਨ ਉਤਸਰਜਨ ਘੱਟ ਕਰਨ ਦੇ ਭਾਰਤ ਦੇ ਆਪਣੇ ਟੀਚੇ। ਜਲਵਾਯੂ ਪਰਿਵਰਤਣ ਰੋਕਣ ਦੇ ਪ੍ਰੋਗਰਾਮ ਅਮਰੀਕਾ ਦੇ ਮੁਹਤਾਜ ਨਹੀਂ।
- ਪ੍ਰੋਗਰਾਮ ਭਾਰਤ ਦੇ ਆਪਣੇ ਪੈਸੇ ਤੇ ਟੈਕਨਾਲੋਜੀ ਨਾਲ ਚੱਲ ਰਹੇ ਹਨ।
- ਕਲੀਨ ਐਨਰਜੀ ਨਾਲ ਜੁੜੇ ਭਾਰਤ-ਅਮਰੀਕੀ ਪ੍ਰੋਗਰਾਮ ਦੁਵੱਲੇ ਸਮਝੌਤਿਆਂ ਦੀ ਉਪਜ, ਪੈਰਿਸ ਸਮਝੌਤੇ ਦੀ ਨਹੀਂ।



**ਅਮਰੀਕਾ ਦੀ ਦਾਦਾਗਿਰੀ :** ਧਰਤੀ ਦੇ ਵਧਦੇ ਤਾਪਮਾਨ ਪਿਛੇ ਅਮਰੀਕਾ ਘੱਟ ਜ਼ਿੰਮੇਵਾਰ ਨਹੀਂ ਹੈ। ਅਮਰੀਕਾ ਗਰੀਨ ਹਾਊਸ ਗੈਸਾਂ ਦਾ ਉਤਸਰਜਨ ਕਰਨ ਵਾਲਾ ਦੂਸਰਾ ਸਭ ਤੋਂ ਵੱਡਾ ਮੁਲਕ ਹੈ। ਇਸ ਮਾਮਲੇ ਵਿਚ ਚੀਨ ਪਹਿਲੇ ਨੰਬਰ 'ਤੇ ਅਤੇ ਭਾਰਤ ਤੀਸਰੇ ਪਾਏਦਾਨ 'ਤੇ ਹੈ। ਭਾਰਤ ਵਿਸ਼ਵ ਦੇ 5.81 ਫ਼ੀਸਦੀ ਉਤਸਰਜਨ ਲਈ ਜ਼ਿੰਮੇਵਾਰ ਹੈ। ਅਮਰੀਕਾ ਪਹਿਲਾਂ ਤੋਂ ਹੀ ਆਪਣੇ ਉੱਪਰ ਕਿਸੇ ਵੀ ਤਰ੍ਹਾਂ ਦੀ ਪਾਬੰਦੀ ਲੱਗਣ ਖ਼ਿਲਾਫ਼ ਰਿਹਾ ਹੈ ਤੇ ਭਾਰਤ ਸਮੇਤ ਹੋਰਨਾਂ ਵਿਕਾਸ਼ੀਲ ਮੁਲਕਾਂ 'ਤੇ ਧਰਤੀ ਦੇ ਤਾਪਮਾਨ ਵਿਚ ਵਾਧੇ ਦਾ ਠੀਕਰਾ ਭੰਨਦਾ ਰਿਹਾ ਹੈ। ਹੁਣ ਪੈਰਿਸ ਸਮਝੌਤੇ ਤੋਂ ਪਿਛੇ ਹਟਣ ਵਿਚ ਅਮਰੀਕਾ ਦੀ ਪੁਰਾਣੀ ਦਾਦਾਗਿਰੀ ਸਾਫ਼ ਤੌਰ 'ਤੇ ਝਲਕ ਰਹੀ ਹੈ।

**ਅੱਗੇ ਰਸਤਾ ਸਾਫ਼ ਨਹੀਂ**

- ਦੋ ਡਿਗਰੀ ਦੇ ਟੀਚੇ ਨੂੰ ਤੈਅ ਕਰਕੇ ਇਸ 'ਤੇ ਜਲਦੀ ਪਹੁੰਚ ਦੀ ਗੱਲ। ਪਰ ਇਸ ਤਕ ਪਹੁੰਚਣ ਦਾ ਕੋਈ ਸਾਫ਼ ਰਸਤਾ ਤੈਅ ਨਹੀਂ। ਇਹ ਪਤਾ ਨਹੀਂ ਕਿ ਦੇਸ਼ਾਂ ਨੇ ਕਰਨਾ ਕੀ ਹੈ?
- ਅਮਰੀਕਾ ਨੇ ਕਿਹਾ ਸੀ, 2025 ਤੱਕ ਕਾਰਬਨ ਉਤਸਰਜਨ 26 ਤੋਂ 28 ਫ਼ੀਸਦੀ ਘਟਾਵਾਂਗੇ ਪਰ ਟਰੰਪ ਨੇ ਤਾਜ਼ਾ ਕਦਮ ਨਾਲ ਇਸ 'ਤੇ ਸਵਾਲੀਆ ਨਿਸ਼ਾਨ।
- ਭਾਰਤ 2030 ਤਕ ਕਾਰਬਨ ਉਤਸਰਜਨ 35 ਫ਼ੀਸਦੀ ਘੱਟ ਕਰੇਗਾ। 2020 ਵਿਚ ਸਾਰੇ ਦੇਸ਼ ਦੱਸਣਗੇ ਕਿ ਹੁਣ ਤਕ ਕੀ ਕੀ ਕਦਮ ਚੁੱਕੇ।
- ਸਮਝੌਤਾ ਤੋੜਨ 'ਤੇ ਕੀ ਸਜ਼ਾ ਮਿਲੇਗੀ ਇਹ ਵੀ ਸਾਫ਼ ਨਹੀਂ ਹੈ।

**ਇਹ ਹਨ ਖ਼ਦਸ਼ੇ...**

- ਸਭ ਤੋਂ ਵੱਡਾ ਕਾਰਬਨ ਉਤਸਰਜ ਵਾਲਾ ਦੇਸ਼ ਹੋਣ ਕਾਰਨ ਵਿਸ਼ਵੀ ਤਾਪਮਾਨ ਘੱਟ ਕਰਨ ਦੇ ਯਤਨਾਂ ਨੂੰ ਝਟਕਾ। ਅਮਰੀਕਾ ਤੋਂ ਗਰੀਬ ਦੇਸ਼ਾਂ ਨੂੰ ਮਿਲਣ ਵਾਲੀ ਮਦਦ 'ਤੇ ਦੁਚਿਤੀ।
- ਹਰ ਦੇਸ਼ ਨੇ ਵਿਸ਼ਵੀ ਤਾਪਮਾਨ ਵਿਚ ਕਮੀ ਲਿਆਉਣ ਲਈ ਟੀਚੇ ਤਿਆਰ ਕੀਤੇ ਸਨ, ਉਨ੍ਹਾਂ ਵਿਚ ਕਮਜ਼ੋਰੀ ਸੰਭਵ।
- ਐਕਸਨ ਮੋਬਿਲ, ਟੇਸਲਾ, ਸਪੇਸ-ਐਕਸ, ਗੂਗਲ, ਐਪਲ ਤੇ ਜੀਵਾਸ਼ਮ ਇੰਧਨ ਕੰਪਨੀਆਂ ਕਰਨਗੀਆਂ ਟਰੰਪ ਦਾ ਵਿਰੋਧ। ਕੋਲ ਇੰਧਣ ਦੀ ਵਾਪਸੀ।

# ਦੁਨੀਆ ਭਰ ਵਿਚ ਨਿੰਦਾ ਦਾ ਦੌਰ

### *ਅਮਰੀਕਾ ਦੇ ਫ਼ੈਸਲੇ ਨਾਲ ਸਮਝੌਤੇ ਦੀ ਮਹੱਤਤਾ ਘੱਟ ਨਹੀਂ ਹੋਵੇਗੀ : ਸੰਯੁਕਤ ਰਾਸ਼ਟਰ*

**ਨਿਊ ਯਾਰਕ ਟਾਈਮਜ਼ ਨਿਊਜ਼ ਸਰਵਿਸ/ਏਜੰਸੀ**
**ਪੈਰਿਸ/ਲੰਡਨ/ਵਾਸ਼ਿੰਗਟਨ/ਸੰਯੁਕਤ/ਰਾਸ਼ਟਰ**

ਟਰੰਪ ਦੇ ਕਦਮ ਖਿੱਚਣ ਦੇ ਫ਼ੈਸਲੇ ਮਗਰੋਂ ਉਹ ਪੂਰੀ ਦੁਨੀਆ ਦੇ ਨਿਸ਼ਾਨੇ 'ਤੇ ਆ ਗਏ ਹਨ। ਫਰਾਂਸ, ਜਰਮਨੀ ਤੇ ਇਟਲੀ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਇਸ ਸਮਝੌਤੇ 'ਤੇ ਮੁੜ ਗੱਲਬਾਤ ਨਹੀਂ ਕੀਤੀ ਜਾ ਸਕਦੀ ਹੈ। ਸੰਯੁਕਤ ਰਾਸ਼ਟਰ ਨੇ ਕਿਹਾ, 'ਜਲਵਾਯੂ ਪਰਿਵਰਤਨ ਦੀ ਦਿਸ਼ਾ ਵਿਚ ਕਦਮ ਚੁੱਕਣਾ ਕੋਈ ਬੋਝ ਨਹੀਂ, ਬਲਕਿ ਇਕ ਮੌਕਾ ਹੈ। ਨੀਦਰਲੈਂਡ ਨੇ ਇਸ ਨੂੰ ਅਮਰੀਕਾ ਦੀ ਖ਼ਤਰਨਾਕ ਭੁੱਲ ਦੱਸਿਆ ਜਦਕਿ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਸ ਟਰੂਡੋ

ਬਾਕੀ ਸਫ਼ਾ 32 'ਤੇ

**ਅਮਰੀਕਾ ਵਿਚ ਵੀ ਵਿਰੋਧ, ਓਬਾਮਾ ਨੇ ਕੀਤੀ ਆਲੋਚਨਾ**

ਪੈਰਿਸ ਸਮਝੌਤੇ ਦੀ ਪਹਿਲ ਕਰਨ ਵਾਲੇ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਅਮਰੀਕਾ ਸਮਝੌਤੇ ਦਾ ਪਾਲਣ ਨਾ ਕਰਕੇ ਅਗਲੀ ਪੀੜ੍ਹੀ ਨਾਲ ਖਿਲਵਾੜ ਕਰ ਰਿਹਾ ਹੈ। ਡੈਮੋਕਰੇਟਿਕ ਸੰਸਦ ਮੈਂਬਰਾਂ ਨੇ ਵੀ ਫ਼ੈਸਲੇ ਦੀ ਸਖ਼ਤ ਨਿੰਦਾ ਕੀਤੀ ਹੈ। ਯੂਰਪੀ ਕਮਿਸ਼ਨ ਦੇ ਮੁਖੀ ਜੀਨ ਕਲਾਡਡੇ ਜੰਕੇਰ ਨੇ ਵੀ ਇਸ ਨੂੰ ਬੇਹੱਦ ਗ਼ਲਤ ਫ਼ੈਸਲਾ ਕਰਾਰ ਦਿੱਤਾ ਹੈ। ਉਧਰ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਟਰੰਪ ਨੂੰ ਫੋਨ ਕਰਕੇ ਨਿਰਾਸ਼ਾ ਪ੍ਰਗਟਾਈ ਅਤੇ ਵਿਸ਼ਵੀ ਹਿੱਸੇਦਾਰਾਂ ਨਾਲ ਕੰਮ ਕਰਦੇ ਰਹਿਣ ਦੀ ਆਪਣੀ ਇੱਛਾ ਬਾਰੇ ਦੱਸਿਆ।



# ਹਜ਼ਾਰਾਂ ਸਿੱਖਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਰਨ ਵਾਲਾ ਗਿੱਲ ਭੋਗ ਸਮੇਂ ਹੋਇਆ ਲਾਵਾਰਸ: ਖਾਲੜਾ ਮਿਸ਼ਨ

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ:**

ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਅਤੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਅਤੇ ਮਨੁੱਖੀ ਅਧਿਕਾਰ ਇਨਸਾਫ ਸੰਘਰਸ਼ ਕਮੇਟੀ ਨੇ ਕਿਹਾ ਹੈ ਕਿ ਕੇ.ਪੀ.ਐਸ. ਗਿੱਲ ਦੇ ਭੋਗ ਸਮਾਗਮ ਦਾ ਸਿੱਖ ਪੰਥ ਅਤੇ ਮਨੁੱਖਤਾ ਦੇ ਹਾਮੀਆਂ ਵੱਲੋਂ ਬਾਈਕਾਟ ਕਰਨ ਤੋਂ ਬਾਅਦ ਸਾਬਿਤ ਹੋ ਗਿਆ ਹੈ ਕਿ ਝੂਠ ਅਤੇ ਪਾਪ ਦੀ ਆਖਿਰ ਹਾਰ ਹੁੰਦੀ ਹੈ ਇਸ ਉੱਪਰ ਜਿੰਨਾ ਮਰਜ਼ੀ ਮਲੰਮਾਂ ਚਾੜ੍ਹ ਲਿਆ ਜਾਵੇ। ਜਾਰੀ ਬਿਆਨ 'ਚ ਕਿਹਾ ਗਿਆ ਕਿ ਗਿੱਲ ਦੇ ਭੋਗ 'ਤੇ 50-100 ਲੋਕਾਂ ਦਾ ਪੁੱਜਣਾ ਸਾਬਿਤ ਕਰਦਾ ਹੈ ਕਿ ਕੂੜ ਸੱਚ ਨਹੀਂ ਬਣ ਸਕਦਾ ਭਾਵੇਂ ਸੌ ਘਾੜ੍ਹਤਾਂ ਘੜ੍ਹੀਆਂ ਜਾਣ।

ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਦੇ ਆਗੂਆਂ ਪਰਮਜੀਤ ਕੌਰ ਖਾਲੜਾ, ਸਤਵਿੰਦਰ ਸਿੰਘ ਪਲਾਸੌਰ, ਵਿਰਸਾ ਸਿੰਘ ਬਹਿਲਾਂ, ਸਤਵੰਤ ਸਿੰਘ ਮਾਣਕ, ਕਾਬਲ ਸਿੰਘ, ਕ੍ਰਿਪਾਲ ਸਿੰਘ ਰੰਧਾਵਾ, ਬਾਬਾ ਦਰਸ਼ਨ ਸਿੰਘ ਅਤੇ ਪ੍ਰਵੀਨ ਕੁਮਾਰ ਨੇ ਇੱਥੇ ਜਾਰੀ ਇੱਕ ਸਾਂਝੇ ਪ੍ਰੈਸ ਬਿਆਨ 'ਚ ਕਿਹਾ ਕਿ ਗਿੱਲ ਅਤੇ ਦਿੱਲੀ ਦਰਬਾਰ ਸਿੱਖ ਜਵਾਨੀ ਨੂੰ ਅੱਤਵਾਦੀ ਅਤੇ ਵੱਖਵਾਦੀ ਆਖ ਕੇ ਭੰਡਦਾ ਰਹੇ ਪਰ ਖੁਦ ਪੰਜਾਬ ਦੇ ਲੋਕਾਂ ਤੋਂ ਮੂੰਹ ਛਿਪਾਉਂਦੇ ਫਿਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਭਾਈ ਜੁਗਰਾਜ ਸਿੰਘ ਉਰਫ ਤੁਫਾਨ ਸਿੰਘ ਦੇ ਸ਼ਹੀਦੀ ਸਮਾਗਮ ਵਿੱਚ ਲੱਖਾਂ ਸਿੱਖ ਅਤੇ ਹਿੰਦੂ ਪਹੁੰਚੇ ਪਰ ਹਿੰਦੁਸਤਾਨ ਦੀ ਪਾਰਲੀਮੈਂਟ ਨੇ ਮੰਨਿਆ ਕਿ ਭਾਈ ਜੁਗਰਾਜ ਸਿੰਘ ਦੇ ਸ਼ਹੀਦੀ ਸਮਾਗਮ ਉੱਪਰ ਪੰਜਾਹ ਹਜ਼ਾਰ ਤੋਂ ਉੱਪਰ ਲੋਕ ਹਾਜ਼ਰ ਸਨ।

ਉਨ੍ਹਾਂ ਕਿਹਾ ਕਿ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਸ਼ਹੀਦ ਕਰਕੇ ਉਨ੍ਹਾਂ ਦੀਆਂ ਲਾਸ਼ਾਂ ਲਾਵਾਰਿਸ ਕਰਾਰ ਦੇਣ ਵਾਲਾ ਗਿੱਲ ਅੱਜ ਦਿੱਲੀ ਵਿੱਚ ਭੋਗ ਸਮਾਗਮ ਮੌਕੇ 'ਤੇ ਲਵਾਰਿਸ ਬਣਿਆ ਨਜ਼ਰ ਆ ਰਿਹਾ ਸੀ। ਉਨ੍ਹਾਂ ਕਿਹਾ ਕਿ ਗਿੱਲ ਦੇ ਭੋਗ ਅਤੇ ਹਾਜ਼ਰੀ ਨੇ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਅਤੇ ਦੇਸ਼ ਦੇ ਲੋਕ ਸਰਕਾਰੀ ਅੱਤਵਾਦ ਤੇ ਜੰਗਲ ਰਾਜ ਦੇ ਹਾਮੀ ਨਹੀਂ ਉਹ ਕਾਨੂੰਨ ਦੇ ਰਾਜ ਤੇ ਹਲੇਮੀ ਰਾਜ ਦੇ ਹਾਮੀ ਹਨ। ਉਨ੍ਹਾਂ ਕਿਹਾ ਕਿ ਕੈਪਟਨ ਨੇ ਗਿੱਲ ਦੇ ਭੋਗ 'ਤੇ ਪਹੁੰਚ ਕੇ ਆਪਣਾ ਪਿਆਰਾ ਮਿੱਤਰ ਦੱਸ ਕੇ ਸਿੱਖ ਪੰਥ ਨਾਲ ਦੁਸ਼ਮਣੀ ਕਮਾਈ ਹੈ।



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਦੇ ਬੁੱਚੜ ਕੇ.ਪੀ.ਐਸ. ਗਿੱਲ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ

ਉਨ੍ਹਾਂ ਕਿਹਾ ਕਿ ਜੇਕਰ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਗਿੱਲ-ਕੈਪਟਨ ਯਾਰੀ ਦਾ ਪਤਾ ਲੱਗ ਜਾਂਦਾ ਤਾਂ ਅੱਜ ਕੈਪਟਨ ਪੰਜਾਬ ਦਾ ਮੁੱਖ ਮੰਤਰੀ ਨਾ ਹੁੰਦਾ। ਪੰਜਾਬ ਦੇ ਲੋਕਾਂ ਨੂੰ ਤਾਂ ਬਾਦਲ-ਗਿੱਲ ਯਾਰੀ ਦਾ ਹੀ ਪਤਾ ਸੀ ਜਿਸ 'ਤੇ ਬਾਦਲ ਦਲ ਅੱਜ ਚੁੱਪ ਰਹਿ ਕੇ ਪਹਿਰੇਦਾਰੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਤਖਤਾਂ ਦੇ ਜੱਥੇਦਾਰਾਂ ਨੂੰ ਗਿੱਲ ਦੇ ਨਵੇਂ ਅਤੇ ਪੁਰਾਣੇ ਯਾਰਾਂ ਨੂੰ ਅਕਾਲ ਤਖਤ ਸਾਹਿਬ 'ਤੇ ਸੱਦਣਾ ਚਾਹੀਦਾ ਹੈ ਜੋ ਗਿੱਲ ਦੇ ਚੰਗੇ ਕੰਮਾਂ ਦਾ ਵੇਰਵਾ ਦੇ ਸਕਣ। ਯਾਦ ਰੱਖਣ ਯੋਗ ਹੈ ਕਿ ਬੰਦੇ ਦੇ ਚੰਗੇ-ਮੰਦੇ ਕੰਮਾਂ ਦਾ ਲੇਖਾ ਮਰਨ ਤੋਂ ਬਾਅਦ ਉਸਦੀਆਂ ਅੰਤਿਮ ਰਸਮਾਂ 'ਤੇ ਜੁੜੀ ਹਾਜ਼ਰੀ ਤੋਂ ਹੀ ਹੁੰਦਾ ਹੈ।

## ਹੁਣ ਕਾਂਗਰਸ ਲੱਗੀ 'ਪਾਪੀਆਂ' ਦੇ 'ਪਾਪ' ਧੋਣ

**ਬਠਿੰਡਾ/ਬਿਊਰੋ ਨਿਊਜ਼ :** ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ 'ਤੇ ਹੁਣ ਸਿੰਜਾਈ ਮਹਿਕਮੇ ਵਿੱਚ ਦਾਗੀ ਐਕਸੀਅਨਾਂ ਨੂੰ ਨਿਵਾਜੇ ਜਾਣ ਤੋਂ ਉਂਗਲ ਉਠੀ ਹੈ। ਸਿੰਜਾਈ ਮੰਤਰੀ ਨੇ ਬਾਦਲਾਂ ਦੇ ਹਲਕੇ ਵਿੱਚ ਕਰੋੜਾਂ ਵਿਚ ਖੇਡਣ ਵਾਲੇ ਸ੍ਰੀ ਕੇ.ਕੇ. ਸਿੰਗਲਾ ਨੂੰ ਬਹਾਲ ਕਰਕੇ ਡਰੇਨੇਜ਼ ਡਿਵੀਜ਼ਨ ਮਾਨਸਾ ਵਿਚ ਐਕਸੀਅਨ ਵਜੋਂ ਤਾਇਨਾਤ ਕਰ ਦਿੱਤਾ ਹੈ। ਵਿਜੀਲੈਂਸ ਬਠਿੰਡਾ ਨੇ ਇਸ ਐਕਸੀਅਨ ਖ਼ਿਲਾਫ਼ ਲੱਖਾਂ ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿੱਚ 10 ਜਨਵਰੀ 2017 ਨੂੰ ਪੁਲੀਸ ਕੇਸ ਦਰਜ ਕੀਤਾ ਸੀ। ਵਿਜੀਲੈਂਸ ਨੇ ਇਸ ਐਕਸੀਅਨ ਦੀ 4.81 ਕਰੋੜ ਦੀ ਸੰਪਤੀ ਦਾ ਪਤਾ ਲਗਾ ਕੇ 15 ਮਾਰਚ 2017 ਨੂੰ ਇੱਕ ਹੋਰ ਕੇਸ ਦਰਜ ਕੀਤਾ ਸੀ। ਵਿਜੀਲੈਂਸ ਨੂੰ ਇਸ ਦੇ ਘਰੋਂ 1.96 ਕਰੋੜ ਦੀਆਂ 109 ਐਫ.ਡੀਜ਼ ਮਿਲੀਆਂ ਸਨ ਅਤੇ ਬੈਂਕ ਖਾਤਿਆਂ ਵਿੱਚ 1.71 ਕਰੋੜ ਰੁਪਏ ਜਮ੍ਹਾਂ ਸਨ। ਤਤਕਾਲੀ ਪੰਜਾਬ ਸਰਕਾਰ ਨੇ ਇਸ ਐਕਸੀਅਨ ਨੂੰ ਫੌਰੀ ਮੁਅੱਤਲ ਕਰ ਦਿੱਤਾ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚੋਂ ਇਸ ਐਕਸੀਅਨ ਨੂੰ 26 ਅਪ੍ਰੈਲ ਨੂੰ ਜ਼ਮਾਨਤ ਮਿਲੀ ਸੀ। ਟਿਊਬਵੈੱਲ ਕਾਰਪੋਰੇਸ਼ਨ ਵਿੱਚ ਇਹ ਐਕਸੀਅਨ ਬਠਿੰਡਾ ਵਿੱਚ ਤਾਇਨਾਤ ਸੀ ਅਤੇ ਬਾਦਲ ਪਰਿਵਾਰ ਨੇ ਇਸ ਐਕਸੀਅਨ ਰਾਹੀਂ ਬਠਿੰਡਾ, ਮਾਨਸਾ ਤੇ ਲੰਬੀ ਵਿੱਚ ਕਰੋੜਾਂ ਰੁਪਏ ਦੇ ਖਾਲੇ ਪੱਕੇ ਕਰਾਏ ਹਨ। ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਦੇ ਐਮ.ਡੀ. ਸ੍ਰੀ ਐਸ.ਐਸ. ਗਰੇਵਾਲ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਐਕਸੀਅਨ ਨੂੰ ਉਦੋਂ ਹੀ ਮੁਅੱਤਲ ਕਰ ਦਿੱਤਾ ਸੀ। ਉਨ੍ਹਾਂ ਪੁਸ਼ਟੀ ਕੀਤੀ ਕਿ ਹੁਣ ਅਧਿਕਾਰੀ ਦੀ ਬਹਾਲੀ ਹੋ ਗਈ ਹੈ।

ਵੇਰਵਿਆਂ ਅਨੁਸਾਰ ਕੈਪਟਨ ਸਰਕਾਰ ਨੇ ਸਿੰਜਾਈ ਮਹਿਕਮੇ ਦੇ ਕਰੀਬ 57 ਕਰੋੜ ਦੇ ਪ੍ਰਾਜੈਕਟਾਂ ਦੀ ਵਿਜੀਲੈਂਸ ਪੜਤਾਲ ਕਰਵਾਈ ਹੈ ਅਤੇ ਪੜਤਾਲ ਵਾਲੀ ਡਿਵੀਜ਼ਨਾਂ ਦੇ ਦੋ ਐਕਸੀਅਨਾਂ ਦਾ ਤਬਾਦਲਾ ਵੀ ਦੋ ਘੰਟਿਆਂ ਵਿੱਚ ਹੀ ਰੱਦ ਕਰ ਦਿੱਤਾ ਹੈ। ਰਾਜਸਥਾਨ ਫੀਡਰ ਅਤੇ ਹਰੀਕੇ ਪੱਤਣ ਡਿਵੀਜ਼ਨ ਦੀ ਵਿਜੀਲੈਂਸ ਦੇ ਤਿੰਨ ਐਸ.ਐਸ.ਪੀਜ਼. ਨੇ ਪੜਤਾਲ ਕੀਤੀ ਹੈ, ਜਿਸ ਦੀ ਪੜਤਾਲ ਰਿਪੋਰਟ ਸਰਕਾਰ ਨੂੰ ਹੁਣ ਸੌਂਪੀ ਗਈ ਹੈ। ਐਕਸੀਅਨ ਅਰਿੰਦਰ ਸਿੰਘ ਵਾਲੀਆ ਕਾਫੀ ਵਰ੍ਹਿਆਂ ਤੋਂ ਰਾਜਸਥਾਨ ਫੀਡਰ ਮੰਡਲ ਵਿੱਚ ਤਾਇਨਾਤ ਹੈ ਅਤੇ ਪਿਛਲੀ ਸਰਕਾਰ ਨੇ ਉਸ ਨੂੰ ਬੀਐਮਐਲ ਪਟਿਆਲਾ ਦਾ ਵਾਧੂ ਚਾਰਜ ਦਿੱਤਾ ਹੋਇਆ ਸੀ। ਅਕਾਲੀ ਸਰਕਾਰ ਦੇ ਕਾਫੀ ਨੇੜੇ ਹੋਣ ਕਰਕੇ ਇਸ ਐਕਸੀਅਨ ਨੂੰ ਦੋ ਅਹਿਮ ਥਾਂ ਮਿਲੇ ਹੋਏ ਸਨ।

ਸਿੰਜਾਈ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਨੇ 31 ਮਈ ਨੂੰ 21 ਐਕਸੀਅਨਾਂ ਦੇ ਤਬਾਦਲੇ ਕੀਤੇ ਸਨ, ਜਿਨ੍ਹਾਂ ਵਿੱਚ ਐਕਸੀਅਨ ਅਰਿੰਦਰ ਸਿੰਘ ਦੀ ਥਾਂ 'ਤੇ ਰਾਜਸਥਾਨ ਫੀਡਰ ਮੰਡਲ ਵਿੱਚ ਦਲਜੀਤ ਸਿੰਘ ਧਾਲੀਵਾਲ ਨੂੰ ਬਤੌਰ ਐਕਸੀਅਨ ਤਾਇਨਾਤ ਕਰ ਦਿੱਤਾ। ਇਵੇਂ ਹਰੀਕੇ ਪੱਤਣ ਮੰਡਲ, ਜਿਸ ਦੀ ਵਿਜੀਲੈਂਸ ਪੜਤਾਲ ਹੋਈ ਹੈ, ਵਿੱਚ ਤਾਇਨਾਤ ਗੁਲਸ਼ਨ ਨਾਗਪਾਲ ਵਾਲੀ ਥਾਂ 'ਤੇ ਹਰਲਾਭ ਸਿੰਘ ਚਹਿਲ ਨੂੰ ਤਾਇਨਾਤ ਕਰ ਦਿੱਤਾ। ਦੋ ਘੰਟਿਆਂ ਮਗਰੋਂ ਹੀ ਦੋ ਪੰਨਿਆਂ ਦੀ ਤਬਾਦਲਾ ਸੂਚੀ ਦਾ ਪਹਿਲਾ ਪੰਨਾ ਬਦਲ ਕੇ ਰਾਜਸਥਾਨ ਫੀਡਰ ਮੰਡਲ ਅਤੇ ਹਰੀਕੇ ਪੱਤਣ ਮੰਡਲ ਵਿਚ ਲਾਏ ਨਵੇਂ ਐਕਸੀਅਨਾਂ ਨੂੰ 'ਆਊਟ' ਕਰ ਦਿੱਤਾ ਗਿਆ। ਐਕਸੀਅਨ ਅਰਿੰਦਰ ਵਾਲੀਆ ਦਾ ਕਹਿਣਾ ਹੈ ਕਿ ਉਸ ਨੂੰ ਕੋਈ ਜਾਣਕਾਰੀ ਨਹੀਂ ਹੈ ਅਤੇ ਉਸ ਦੀ ਕੋਈ ਬਦਲੀ ਵਗੈਰਾ ਨਹੀਂ ਹੋਈ ਹੈ।

ਸਿੰਜਾਈ ਮੰਤਰੀ ਨੇ ਨਵੇਂ ਤਬਾਦਲਿਆਂ ਵਿੱਚ ਬਾਦਲ ਪਰਿਵਾਰ ਦੇ ਨੇੜਲੇ ਐਕਸੀਅਨ ਰਮੇਸ਼ ਕੁਮਾਰ ਗੁਪਤਾ ਨੂੰ ਕੈਨਾਲ ਡਿਵੀਜ਼ਨ ਅਬੋਹਰ ਵਿੱਚ ਤਾਇਨਾਤ ਕਰ ਦਿੱਤਾ ਹੈ। ਕੁਝ ਸਮਾਂ ਪਹਿਲਾਂ ਹੀ ਐਕਸੀਅਨ ਗੁਪਤਾ ਨੂੰ ਅਬੋਹਰ ਤੋਂ ਢੋਲਬਾਹਾ ਡੈਮ ਵਿਖੇ ਬਦਲ ਦਿੱਤਾ ਸੀ ਪ੍ਰੰਤੂ ਥੋੜ੍ਹੇ ਦਿਨਾਂ ਵਿੱਚ ਹੀ ਉਸ ਨੂੰ ਮੁੜ ਪੁਰਾਣੀ ਡਿਵੀਜ਼ਨ ਅਬੋਹਰ ਵਿੱਚ ਤਾਇਨਾਤੀ ਦਿੱਤੀ ਗਈ ਹੈ।

ਰਾਣਾ ਗੁਰਜੀਤ ਸਿੰਘ ਦਾ ਕਹਿਣਾ ਹੈ ਕਿ ਉਹ ਸੂਚੀ ਵੇਖ ਕੇ ਹੀ ਕੁਝ ਦੱਸ ਸਕਦੇ ਹਨ ਪ੍ਰੰਤੂ ਜੋ ਵੀ ਪੜਤਾਲ ਵਿੱਚ ਦੋਸ਼ੀ ਪਾਏ ਗਏ, ਉਨ੍ਹਾਂ ਨੂੰ ਕੋਈ ਅਜਿਹਾ ਅਹੁਦਾ ਨਹੀਂ ਦਿੱਤਾ ਗਿਆ ਹੈ। ਉਨ੍ਹਾਂ ਲਈ ਸਭ ਅਧਿਕਾਰੀ ਬਰਾਬਰ ਹਨ ਅਤੇ ਤਬਾਦਲਾ ਸੂਚੀ ਵਾਲਾ ਕੋਈ ਅਧਿਕਾਰੀ ਹਾਲੇ ਦੋਸ਼ੀ ਨਹੀਂ ਪਾਇਆ ਗਿਆ ਹੈ।

# ਆਮਦਨ ਕਰ ਵਿਭਾਗ ਖੰਘਾਲ ਰਿਹੈ ਰਾਣਾ ਗੁਰਜੀਤ ਦੇ ਮੁਲਾਜ਼ਮਾਂ ਦੇ ਬੈਂਕ ਖਾਤੇ

**ਚੰਡੀਗੜ੍ਹ/ਬਿਊਰੋ ਨਿਊਜ਼**, ਰੇਤ ਖੱਡਾਂ ਦੀ ਨਿਲਾਮੀ ਮਾਮਲੇ ਵਿਚ ਰਾਜ ਦੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਚਾਰ ਮੁਲਾਜ਼ਮਾਂ ਖ਼ਿਲਾਫ਼ ਸ਼ਿਕੰਜਾ ਕਸਦਿਆਂ ਆਮਦਨ ਕਰ ਵਿਭਾਗ ਨੇ ਖੱਡਾਂ ਦੀ ਹਾਲੀਆ ਈ-ਨਿਲਾਮੀ ਵਿੱਚ ਹਿੱਸਾ ਲੈਣ ਵਾਲੇ ਚਾਰ ਮੁਲਾਜ਼ਮਾਂ ਵੱਲੋਂ ਕੀਤੇ ਵਿੱਤੀ ਲੈਣ ਦੇਣ ਦੀ ਜਾਂਚ ਆਰੰਭ ਦਿੱਤੀ ਹੈ। ਵਿਭਾਗ ਨੇ ਖਣਨ ਤੇ ਖਣਿਜਾਂ ਬਾਰੇ ਵਿਭਾਗ ਨੂੰ ਚਾਰਾਂ ਦੇ ਵਿੱਤੀ ਲੈਣ ਦੇਣ ਅਤੇ ਬੈਂਕ ਖਾਤਿਆਂ ਸਬੰਧੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਕਹਿ ਦਿੱਤਾ ਹੈ।

ਸਰਕਾਰੀ ਸੂਤਰਾਂ ਮੁਤਾਬਕ ਆਮਦਨ ਕਰ ਵਿਭਾਗ ਨੇ 29 ਮਈ ਨੂੰ ਇੰਡਸਟਰੀ ਤੇ ਕਾਮਰਸ ਵਿਭਾਗ ਨੂੰ ਪੱਤਰ ਲਿਖ ਕੇ ਚਾਰਾਂ ਖੱਡਾਂ ਦੀ ਨਿਲਾਮੀ, ਜਿਸ ਵਿੱਚ ਰਾਣਾ ਗੁਰਜੀਤ ਦੇ ਮੁਲਾਜ਼ਮਾਂ ਨੇ ਹਿੱਸਾ ਲਿਆ ਸੀ, ਨਾਲ ਸਬੰਧਤ ਦਸਤਾਵੇਜ਼ ਮੰਗੇ ਹਨ। ਆਈਟੀ ਵਿਭਾਗ ਨੇ ਹਾਲਾਂਕਿ ਚਾਰ ਨੁਕਤਿਆਂ ਦੇ ਅਧਾਰ 'ਤੇ ਜਾਣਕਾਰੀ ਮੰਗੀ ਹੈ, ਪਰ ਉਨ੍ਹਾਂ ਦਾ ਮੁੱਖ ਨਿਸ਼ਾਨਾ ਵਿੱਤੀ ਲੈਣ-ਦੇਣ ਹੈ। ਉਨ੍ਹਾਂ ਚਾਰੇ ਮੁਲਾਜ਼ਮਾਂ ਵੱਲੋਂ ਜਮ੍ਹਾਂ ਕੀਤੀ ਰਾਸ਼ੀ ਤੇ ਅਦਾਇਗੀ ਦੇ ਢੰਗ ਤਰੀਕੇ ਦੇ ਨਾਲ ਉਨ੍ਹਾਂ ਦੇ ਬੈਂਕ ਖਾਤਿਆਂ ਬਾਰੇ ਵੀ ਵਿਸਥਾਰਤ ਜਾਣਕਾਰੀ ਮੰਗੀ ਹੈ। ਵਿਭਾਗ ਨੇ ਇਨ੍ਹਾ ਮੁਲਾਜ਼ਮਾਂ ਵੱਲੋਂ ਖੱਡਾਂ ਦੀ ਨਿਲਾਮੀ ਤੋਂ ਪਹਿਲਾਂ ਤੇ ਮਗਰੋਂ ਕੀਤੀਆਂ ਅਦਾਇਗੀਆਂ ਦਾ ਰਿਕਾਰਡ ਵੀ ਮੰਗਿਆ ਹੈ। ਵਿੱਤੀ ਲੈਣ ਦੇਣ ਤੋਂ ਇਲਾਵਾ ਆਈਟੀ ਵਿਭਾਗ ਨੇ ਨਿਲਾਮੀ ਵਿੱਚ ਸ਼ਾਮਲ ਹੋਣ ਲਈ ਜਮ੍ਹਾ ਕਰਵਾਏ ਦਸਤਾਵੇਜ਼ ਵੀ ਮੰਗੇ ਹਨ। ਉਧਰ ਖਣਨ ਤੇ ਖਣਿਜ ਵਿਭਾਗ ਦੇ ਅਧਿਕਾਰੀਆਂ 'ਤੇ ਵੀ ਆਮਦਨ ਕਰ ਵਿਭਾਗ ਦੀ ਅੱਖ ਰਹੇਗੀ।

## ਰਾਣਾ ਗੁਰਜੀਤ ਖ਼ਾਨਸਾਮੇ ਦੇ ਕਰਜ਼ਦਾਰ

***ਰਾਣਾ ਨੇ ਖ਼ੁਦ ਖਾਨੇਸਾਮੇ ਦੀ ਕੰਪਨੀ ਤੋਂ ਲਿਆ 50 ਲੱਖ ਦਾ ਕਰਜ਼ਾ***

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਭਾਵੇਂ ਰੇਤ ਦੀ ਖੱਡ ਦੀ 26 ਕਰੋੜ ਰੁਪਏ ਦੀ ਸਫ਼ਲ ਬੋਲੀ ਦੇਣ ਵਾਲੇ ਆਪਣੇ ਖ਼ਾਨਸਾਮੇ ਅਮਿਤ ਬਹਾਦੁਰ ਨਾਲ ਕੋਈ ਸਬੰਧ ਹੋਣ ਤੋਂ ਨਾਂਹ ਕੀਤੀ ਹੈ, ਪਰ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਰਾਣਾ ਗੁਰਜੀਤ ਅਤੇ ਉਨ੍ਹਾਂ ਦੇ ਪਰਿਵਾਰ



ਦੀ ਮਾਲਕੀ ਵਾਲੀ ਕੰਪਨੀ ਅਤੇ ਉਨ੍ਹਾਂ ਦੇ ਭਰਾ ਨੇ ਉਸ ਕੰਪਨੀ ਤੋਂ 2015-16 ਵਿੱਚ 5.79 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ, ਜਿਸ ਦੇ ਡਾਇਰੈਕਟਰਾਂ ਵਿੱਚ ਬਹਾਦੁਰ ਵੀ ਸ਼ਾਮਲ ਸੀ। ਰਿਕਾਰਡ ਮੁਤਾਬਕ ਇਸ ਵਿਚੋਂ 50 ਲੱਖ ਰੁਪਏ ਦਾ ਕਰਜ਼ ਰਾਣਾ ਨੇ ਖ਼ੁਦ ਲਿਆ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰ ਦੀ ਕੰਪਨੀ ਰਾਣਾ ਪੌਲੀਕੌਟ ਲਿਮਟਿਡ ਨੇ ਅਮਿਤ ਬਹਾਦੁਰ ਦੀ ਮਾਲਕੀ ਵਾਲੀ ਫਲਾਅਲੈਂਸ ਟਰੇਡਰਜ਼ (ਪ੍ਰਾ.) ਲਿਮਟਿਡ ਤੋਂ 3.84 ਕਰੋੜ ਰੁਪਏ ਤੇ ਉਨ੍ਹਾਂ ਦੇ ਭਰਾ ਰਾਣਾ ਰਣਜੀਤ ਸਿੰਘ (ਰਾਣਾ ਗਰੁੱਪ ਦਾ ਸਹਿ-ਬਾਨੀ) ਨੇ 1.45 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਇਹ ਕਰਜ਼ਾ 'ਕਾਰੋਬਾਰੀ ਮਕਸਦ' ਲਈ 2015-16 ਵਿੱਚ ਦਿੱਤਾ ਗਿਆ ਸੀ। ਬਹਾਦੁਰ 21 ਮਾਰਚ, 2017 ਤੱਕ ਕੰਪਨੀ ਦਾ ਡਾਇਰੈਕਟਰ ਸੀ। ਕੰਪਨੀ ਵੱਲੋਂ ਰਜਿਸਟਰਾਰ ਆਫ਼ ਕੰਪਨੀਜ਼ ਕੋਲ ਦਾਖ਼ਲ 2016-17 ਦੀ ਬੈਲੈਂਸ ਸ਼ੀਟ ਮੁਤਾਬਕ ਕੰਪਨੀ ਦੀਆਂ ਨਕਦ ਜਮ੍ਹਾਂ ਰਕਮਾਂ ਵਿੱਚ ਵਾਧਾ 'ਅੰਤਰ-ਕਾਰਪੋਰੇਟ ਵਿਆਜ-ਰਹਿਤ ਕਰਜ਼ਿਆਂ' ਰਾਹੀਂ ਹੋਇਆ। ਕੰਪਨੀ ਨੇ ਰਾਣਾ ਪਰਿਵਾਰ ਦੀ ਮਾਲਕੀ ਵਾਲੀਆਂ ਕੰਪਨੀਆਂ ਵਿੱਚ ਵੀ ਸ਼ੇਅਰਾਂ ਦੀ ਖ਼ਰੀਦ ਰਾਹੀਂ 22.48 ਕਰੋੜ ਰੁਪਏ ਦਾ ਨਿਵੇਸ਼ ਕੀਤਾ ਸੀ।

ਸੂਤਰਾਂ ਨੇ ਕਿਹਾ ਕਿ ਰਾਣਾ ਗੁਰਜੀਤ ਦੇ ਮੁਲਾਜ਼ਮਾਂ ਦੀ ਸ਼ਮੂਲੀਅਤ ਵਾਲੀਆਂ ਚਾਰ ਖੱਡਾਂ ਦੀ ਨਿਲਾਮੀ ਨਾਲ ਸਬੰਧਤ ਫਾਈਲ ਮੰਗ ਲਈ ਹੈ। ਇਸ ਦੇ ਨਾਲ ਹੀ ਚਾਰੇ ਮੁਲਾਜ਼ਮਾਂ ਨੂੰ ਅਲਾਟ ਹੋਈਆਂ ਖੱਡਾਂ ਦੀ ਮੌਜੂਦਾ ਸਥਿਤੀ ਦੱਸਣ ਲਈ ਵੀ ਕਿਹਾ ਗਿਆ ਹੈ।

ਜ਼ਿਕਰਯੋਗ ਹੈ ਕਿ ਰਾਣਾ ਖੰਡ ਮਿੱਲ ਦੇ ਮੁਲਾਜ਼ਮਾਂ ਅਮਿਤ ਬਹਾਦਰ (ਰਾਣਾ ਗੁਰਜੀਤ ਦਾ ਸਾਬਕਾ ਖਾਨਸਾਮਾ), ਕੁਲਵਿੰਦਰ ਪਾਲ ਸਿੰਘ, ਗੁਰਿੰਦਰ ਸਿੰਘ ਤੇ ਬਲਰਾਜ ਸਿੰਘ ਵੱਲੋਂ ਕਰੋੜਾਂ ਰੁਪਏ ਦੀ ਬੋਲੀ ਲਾ ਕੇ ਖੱਡਾਂ ਖ਼ਰੀਦੀਆਂ ਗਈਆਂ ਹਨ।

## ਹਾਈ ਕੋਰਟ ਵਲੋਂ ਨਵੀਂ ਮਾਈਨਿੰਗ ਨੀਤੀ ਲਾਗੂ ਕਰਨ 'ਤੇ ਰੋਕ

**ਚੰਡੀਗੜ੍ਹ/ਬਿਊਰੋ ਨਿਊਜ਼ :**ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਮੌਜੂਦਾ ਠੇਕੇਦਾਰਾਂ ਉਤੇ ਨਵੀਂ ਮਾਈਨਿੰਗ ਨੀਤੀ ਲਾਗੂ ਕਰਨ 'ਤੇ ਰੋਕ ਲਗਾ ਦਿੱਤੀ ਹੈ। ਪੰਜਾਬ ਦੇ ਮੌਜੂਦਾ ਮਾਈਨਿੰਗ ਠੇਕੇਦਾਰਾਂ ਵੱਲੋਂ ਦਾਖ਼ਲ ਰਿੱਟ ਪਟੀਸ਼ਨਾਂ ਉਤੇ ਸੁਣਵਾਈ ਕਰਦਿਆਂ ਜਸਟਿਸ ਮਹੇਸ਼ ਗਰੋਵਰ ਅਤੇ ਜਸਟਿਸ ਫਤਹਿ ਦੀਪ ਸਿੰਘ ਦੇ ਵਕੇਸ਼ਨ ਬੈਂਚ ਨੇ 2 ਅਗਸਤ ਲਈ ਨੋਟਿਸ ਜਾਰੀ ਕਰ ਦਿੱਤਾ ਹੈ। ਬੈਂਚ ਨੂੰ ਦੱਸਿਆ ਗਿਆ ਕਿ ਨਵੀਂ ਨੀਤੀ ਵਿੱਚ ਜਨਤਕ ਹਿੱਤਾਂ ਦੀ ਅਣਦੇਖੀ ਕੀਤੀ ਗਈ ਹੈ, ਜਿਸ ਨਾਲ ਰੇਤ ਦੇ ਟਰੱਕ ਦੀ ਕੀਮਤ 12-14 ਹਜ਼ਾਰ ਰੁਪਏ ਤੋਂ ਵੱਧ ਕੇ ਤਕਰੀਬਨ ਤਿੰਨ ਲੱਖ ਰੁਪਏ ਨੂੰ ਅੱਪੜ ਜਾਵੇਗੀ। ਵਕੀਲ ਰਮਨਪ੍ਰੀਤ ਸਿੰਘ ਰਾਹੀਂ ਹਰਦੀਪ ਸਿੰਘ ਤੇ ਹੋਰ ਪਟੀਸ਼ਨਰਾਂ ਵੱਲੋਂ ਪਾਈਆਂ 24 ਪਟੀਸ਼ਨਾਂ 'ਤੇ ਬੈਂਚ ਨੇ ਇਹ ਫ਼ੈਸਲਾ ਸੁਣਾਇਆ ਹੈ। ਮੌਜੂਦਾ ਠੇਕੇਦਾਰਾਂ ਨੇ ਸਰਕਾਰ ਦੇ ਉਨ੍ਹਾਂ 'ਤੇ ਨਵੀਂ ਮਾਈਨਿੰਗ ਨੀਤੀ ਲਾਗੂ ਕੀਤੇ ਜਾਣ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਠੇਕੇਦਾਰਾਂ ਨੇ ਉਨ੍ਹਾਂ ਨੂੰ ਜਾਰੀ ਕੀਤੇ ਪੱਤਰਾਂ ਨੂੰ ਵੀ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਸੀ, ਜਿਨ੍ਹਾਂ ਰਾਹੀਂ ਠੇਕੇਦਾਰਾਂ ਨੂੰ ਨਵੀਂ ਨੀਤੀ ਮੁਤਾਬਕ ਰਾਸ਼ੀ ਜਮ੍ਹਾਂ ਕਰਾਉਣ ਜਾਂ ਕੰਟਰੈਕਟ ਸੌਂਪਣ ਲਈ ਮਜਬੂਰ ਕੀਤਾ ਜਾ ਰਿਹਾ ਸੀ।

# ਕੈਪਟਨ ਅਮਰਿੰਦਰ ਸਿੰਘ ਨੇ ਖੱਡਾਂ ਦੀ ਨਿਲਾਮੀ ਰੱਦ ਕਰਨ ਤੋਂ ਕੀਤਾ ਇਨਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਆਸੀ ਪਾਰਟੀਆਂ ਦੇ ਦਬਾਅ ਹੇਠ ਜਾਂ ਮੀਡੀਆ ਦੀ ਨੁਕਤਾਚੀਨੀ ਕਾਰਨ ਰੇਤ ਦੀਆਂ ਖੱਡਾਂ ਦੀ ਹਾਲ ਹੀ ਵਿੱਚ ਕੀਤੀ ਬੋਲੀ ਨੂੰ ਰੱਦ ਕਰਨ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਨਾ ਤਾਂ ਉਹ ਸਿਆਸੀ ਦਬਾਅ ਅੱਗੇ ਝੁਕਣਗੇ ਅਤੇ ਨਾ ਹੀ ਮੀਡੀਆ ਦੀ ਆਲੋਚਨਾ ਤੋਂ ਪ੍ਰਭਾਵਿਤ ਹੋ ਕੇ ਕੋਈ ਫੈਸਲਾ ਲੈਣਗੇ। ਇਸ ਬਾਰੇ ਫੈਸਲਾ ਕਾਨੂੰਨੀ ਪੱਖ ਨੂੰ ਧਿਆਨ ਵਿਚ ਰੱਖ ਕੇ ਲਿਆ ਜਾਵੇਗਾ, ਜੋ ਨਿਆਂ ਦੇ ਹਿੱਤ ਵਿੱਚ ਹੋਵੇ।

ਮੁੱਖ ਮੰਤਰੀ ਨੇ ਕਿਹਾ ਕਿ ਨਿਲਾਮੀ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਹਾਈ ਕੋਰਟ ਦੇ ਇੱਕ ਸਾਬਕਾ ਜੱਜ ਅਤੇ ਦੋ ਸੀਨੀਅਰ ਆਈਏਐਸ ਅਫ਼ਸਰਾਂ ਦੀ ਕਮੇਟੀ ਦੀ ਨਿਗਰਾਨੀ ਹੇਠ ਕਰਾਈ ਗਈ ਹੈ। ਮੁੱਖ ਮੰਤਰੀ ਨੇ ਮੀਡੀਆ ਰਿਪੋਰਟਾਂ ਬਾਅਦ ਖਣਨ ਵਿਭਾਗ ਕੋਲੋਂ ਜਾਣਕਾਰੀ ਪ੍ਰਾਪਤ ਕੀਤੀ ਹੈ। ਇਨ੍ਹਾਂ ਰਿਪੋਰਟਾਂ ਵਿੱਚ ਕਿਹਾ ਗਿਆ ਸੀ ਕਿ ਈ-ਨਿਲਾਮੀ ਦੌਰਾਨ ਕੁਝ ਵਿਅਕਤੀਆਂ ਨੂੰ ਲਾਭ ਪਹੁੰਚਾਇਆ ਗਿਆ ਹੈ। ਪਰ ਮੁੱਖ ਮੰਤਰੀ ਨੂੰ ਲੱਗਦਾ ਹੈ ਕਿ ਇਨ੍ਹਾਂ ਦੋਸ਼ਾਂ ਵਿੱਚ ਮੁੱਢਲੇ ਰੂਪ ਵਿਚ ਕੋਈ ਦਮ ਨਹੀਂ ਹੈ। ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਖ਼ਿਲਾਫ਼ ਦੋਸ਼ਾਂ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਜਾਂਚ ਲਈ ਕਾਇਮ ਕੀਤੇ ਨਿਆਂਇਕ ਕਮਿਸ਼ਨ ਦੀ ਰਿਪੋਰਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਤਕ ਸਪਸ਼ਟ ਤੌਰ 'ਤੇ ਸਿੱਧ ਨਹੀਂ ਹੁੰਦਾ, ਉਦੋਂ ਤਕ ਭਾਰਤ ਸਰਕਾਰ ਦੇ ਅਦਾਰੇ ਆਈਟੀਆਈ ਲਿਮ. ਵੱਲੋਂ ਈ-ਨਿਲਾਮੀ ਰਾਹੀਂ 102 ਖੱਡਾਂ ਦੀ ਬੋਲੀ ਪ੍ਰਕਿਰਿਆ ਵਿੱਚ ਪਾਦਰਸ਼ਤਾ ਦੀ ਘਾਟ ਨੂੰ ਮੰਨਣ ਦੀ ਕੋਈ ਤੁਕ ਨਹੀਂ ਬਣਦੀ।

ਸਰਕਾਰੀ ਬੁਲਾਰੇ ਮੁਤਾਬਕ ਖੱਡਾਂ ਲਈ ਤਕਰੀਬਨ 1026 ਬੋਲੀਕਾਰਾਂ ਨੇ ਅਪਲਾਈ ਕੀਤਾ ਸੀ ਅਤੇ ਇਸ ਪ੍ਰਕਿਰਿਆ ਦੌਰਾਨ ਪੂਰੀ ਪਾਰਦਰਸ਼ਤਾ 'ਤੇ ਜ਼ੋਰ ਦਿੱਤਾ ਗਿਆ ਸੀ। ਬੋਲੀ ਦੌਰਾਨ 8 ਖੱਡਾਂ ਵਾਸਤੇ ਈਐਮਡੀ ਪ੍ਰਾਪਤ ਨਹੀਂ ਹੋਈ, ਜਿਸ ਕਰਕੇ ਉਨ੍ਹਾਂ ਦੀ ਨਿਲਾਮੀ ਨਹੀਂ ਕੀਤੀ ਜਾ ਸਕੀ। 18 ਖੱਡਾਂ ਵਾਸਤੇ ਸਿਰਫ ਇਕ ਬੋਲੀਕਾਰ ਨੇ ਹੀ ਈਐਮਡੀ ਜਮ੍ਹਾਂ ਕਰਵਾਈ ਜਦੋਂ ਕਿ ਹੋਰ ਖੱਡਾਂ ਲਈ ਇਕ ਤੋਂ ਵੱਧ ਬੋਲੀਕਾਰ ਸ਼ਾਮਲ ਹੋਏ ਸਨ। 18 ਖੱਡਾਂ ਲਈ ਇਕ ਬੋਲੀਕਾਰ ਨੇ ਬਿਆਨਾ ਰਕਮ ਜਮ੍ਹਾਂ ਕਰਾਈ ਸੀ ਅਤੇ ਵਿਚਾਰ-ਵਟਾਂਦਰੇ ਬਾਅਦ ਫੈਸਲਾ ਕੀਤਾ ਗਿਆ ਕਿ ਉਸ ਇਕੋ-ਇਕ ਬੋਲੀਕਾਰ ਨੂੰ ਇਨ੍ਹਾਂ 18 ਖੱਡਾਂ ਦੀ ਬੋਲੀ ਦੇਣ ਦੀ ਆਗਿਆ ਦਿੱਤੀ ਜਾਵੇ ਪਰ ਇਨ੍ਹਾਂ 18 ਖੱਡਾਂ ਵਿਚੋਂ ਇਕ ਵੀ ਬੋਲੀਕਾਰ ਨੇ ਅੰਤ ਵਿੱਚ ਹੁਸ਼ਿਆਰਪੁਰ ਦੀਆਂ 2 ਖੱਡਾਂ ਲਈ ਈ-ਨਿਲਾਮੀ ਵਿੱਚ ਹਿੱਸਾ ਨਹੀਂ ਲਿਆ। ਇਸ ਕਰਕੇ 16 ਖੱਡਾਂ ਲਈ ਐਚ-1 ਬੋਲੀ ਰਹਿ ਗਈ। ਜ਼ਿਕਰਯੋਗ ਹੈ ਕਿ 94 ਖੱਡਾਂ ਵਿਚੋਂ 5 ਖੱਡਾਂ ਲਈ ਕੋਈ ਬੋਲੀ ਪ੍ਰਾਪਤ ਨਹੀਂ ਹੋਈ।

# ਕਿਸਾਨਾਂ ਲਈ ਕਰਜ਼ਾ ਮੁਕਤੀ ਰਾਹਤ ਨਹੀਂ ਆਫ਼ਤ



**ਚੰਡੀਗੜ੍ਹ/ਹਮੀਰ ਸਿੰਘ :** ਮੰਤਰੀ ਮੰਡਲ ਵੱਲੋਂ ਪੰਜਾਬ ਸਹਿਕਾਰੀ ਸੁਸਾਇਟੀਜ਼ ਕਾਨੂੰਨ 1961 ਦੀ ਧਾਰਾ 67-ਏ ਨੂੰ ਖ਼ਤਮ ਕਰ ਕੇ ਕਿਸਾਨ ਦੀ ਜ਼ਮੀਨ ਦੀ ਕੁਰਕੀ ਨਾ ਹੋਣ ਦਾ ਦਾਅਵਾ ਅਸਲ ਵਿੱਚ ਮਹਿਜ਼ ਅੱਖਾਂ ਪੂੰਝਣ ਦਾ ਯਤਨ ਹੈ। ਕਿਉਂਕਿ ਇਸੇ ਕਾਨੂੰਨ ਦੀ ਧਾਰਾ 63-ਸੀ ਕੁਰਕੀ ਕਰਨ ਦਾ ਅਧਿਕਾਰ ਦਿੰਦੀ ਹੈ। ਇਸੇ ਧਾਰਾ ਤਹਿਤ ਵਧੇਰੇ ਕੁਰਕੀਆਂ ਹੁੰਦੀਆਂ ਹਨ ਜਦਕਿ ਸ਼ਾਹੂਕਾਰਾਂ ਦੇ ਕਰਜ਼ਿਆਂ ਕਰਕੇ ਹੁੰਦੀਆਂ ਕੁਰਕੀਆਂ ਵੱਖਰੀਆਂ ਹਨ।

ਪੰਜਾਬ ਦੇ ਸਹਿਕਾਰਤਾ ਵਿਭਾਗ ਦੇ ਇੱਕ ਅਧਿਕਾਰੀ ਅਨੁਸਾਰ ਧਾਰਾ 67 ਏ ਖ਼ਤਮ ਕਰਨ ਦਾ ਮੁੱਖ ਮੰਤਵ ਸਿਆਸੀ ਲਾਹਾ ਲੈਣਾ ਹੈ, ਪਰ ਅਸਲੀਅਤ ਵਿੱਚ ਇਸ ਨਾਲ ਕਿਸਾਨਾਂ ਨੂੰ ਕੋਈ ਰਾਹਤ ਨਹੀਂ ਮਿਲੇਗੀ। ਇਸ ਧਾਰਾ ਉੱਤੇ ਅਮਲ 1986 ਵਿੱਚ ਬਰਨਾਲਾ ਸਰਕਾਰ ਦੌਰਾਨ ਰਜਿਸਟਰਾਰ ਦਫ਼ਤਰ ਵੱਲੋਂ ਜਾਰੀ ਪੱਤਰ ਨਾਲ ਹੀ ਰੋਕ ਦਿੱਤਾ ਗਿਆ ਸੀ। ਪੰਜਾਬ ਵਿੱਚ ਧਾਰਾ 67-ਏ ਤਹਿਤ ਲੰਬੇ ਸਮੇਂ ਤੋਂ ਕੋਈ ਕੁਰਕੀ ਨਹੀਂ ਹੋਈ। ਸਹਿਕਾਰੀ ਸੁਸਾਇਟੀਜ਼ ਕਾਨੂੰਨ ਵਿੱਚ ਧਾਰਾ 63-ਸੀ ਸਹਿਕਾਰੀ ਸੁਸਾਇਟੀ ਅਤੇ ਸੰਸਥਾਵਾਂ ਦਾ ਕੁਰਕੀ ਦਾ ਕੰਮ ਕਰਦੀ ਹੈ। ਪਿਛਲੇ ਸਮੇਂ ਵਿੱਚ ਇਸੇ ਧਾਰਾ ਤਹਿਤ ਕਿਸਾਨਾਂ ਦੀ ਗ੍ਰਿਫ਼ਤਾਰੀ ਜਾਂ ਕੁਰਕੀ ਦੇ ਹੁਕਮ ਦਿੱਤੇ ਜਾਂਦੇ ਰਹੇ ਹਨ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਉੱਪਲ ਨੇ ਕਿਹਾ ਕਿ ਕੁਰਕੀ ਦੇ ਹੁਕਮ ਧਾਰਾ 63-ਸੀ ਤਹਿਤ ਹੀ ਆਉਂਦੇ ਹਨ। ਸਹਿਕਾਰੀ ਸੰਸਥਾਵਾਂ ਇੱਕ ਸਾਲਸ ਨਿਯੁਕਤ ਕਰਦੀਆਂ ਹਨ ਅਤੇ ਉਸ ਦੀ ਰਿਪੋਰਟ ਉੱਤੇ ਹੀ ਸਹਿਕਾਰੀ ਸਭਾਵਾਂ ਬਾਰੇ ਰਜਿਸਟਰਾਰ ਸਰਟੀਫਿਕੇਟ ਜਾਰੀ ਕਰਦਾ ਹੈ। ਉਪਰੰਤ ਡਿਪਟੀ ਕਮਿਸ਼ਨਰ (ਕੁਲੈਕਟਰ) ਦੀ ਮਨਜ਼ੂਰੀ ਨਾਲ ਸਬੰਧਤ ਕਿਸਾਨ ਦੀ ਗ੍ਰਿਫ਼ਤਾਰੀ ਜਾਂ ਕੁਰਕੀ ਹੋਣੀ ਕਾਨੂੰਨਨ ਵਾਜਬ ਮੰਨੀ ਜਾਂਦੀ ਹੈ। ਧਾਰਾ 63-ਸੀ ਨੂੰ ਖ਼ਤਮ ਕੀਤੇ ਬਿਨਾਂ ਕੁਰਕੀ ਦਾ ਖ਼ਤਰਾ ਘਟਾਇਆ ਨਹੀਂ ਜਾ ਸਕਦਾ। ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਪ੍ਰੋ. ਸੁਖਪਾਲ ਸਿੰਘ ਨੇ ਕਿਹਾ ਕਿ ਕਰਜ਼ੇ ਕਾਰਨ ਖ਼ੁਦਕੁਸ਼ੀ ਵਾਲੇ ਸਰਵੇ ਦੌਰਾਨ ਸਹਿਕਾਰੀ ਕਰਜ਼ੇ ਨਾਲ ਜੁੜੀ ਕੁਰਕੀ ਦੇ ਮਾਮਲਿਆਂ ਦੀ ਥਾਂ ਗ੍ਰਿਫ਼ਤਾਰੀ ਡਰੋਂ ਖ਼ੁਦਕੁਸ਼ੀ ਕਰਨ ਦੇ ਕੁਝ ਮਾਮਲੇ ਜ਼ਰੂਰ ਸਾਹਮਣੇ ਆਏ ਸਨ। ਸ਼ਾਹੂਕਾਰਾਂ ਨਾਲ ਸਬੰਧਤ ਕੁਰਕੀ ਦੇ ਵੀ ਕਈ ਮਾਮਲੇ ਰਿਪੋਰਟ ਕੀਤੇ ਗਏ ਹਨ ਹਾਲਾਂਕਿ ਇਸ ਬਾਰੇ ਕੋਈ ਠੋਸ ਅੰਕੜੇ ਮੌਜੂਦ ਨਹੀਂ ਹਨ। ਭਾਰਤੀ ਕਿਸਾਨ ਯੂਨੀਅਨ (ਏਕਤਾ, ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਕੁਰਕੀ ਦੇ ਵਧੇਰੇ ਸੂਦਖੋਰਾਂ ਨਾਲ ਸਬੰਧਤ ਹਨ। ਵਪਾਰਕ ਬੈਂਕ ਅਤੇ ਸ਼ਾਹੂਕਾਰ ਸਿਵਲ ਅਦਾਲਤ ਰਾਹੀਂ ਕੁਰਕੀ ਦਾ ਹੁਕਮ ਲੈ ਕੇ ਆਉਂਦੇ ਹਨ। ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ ਲਈ ਅਦਾਲਤੀ ਰਾਹ ਖੁੱਲ੍ਹਾ ਹੈ ਅਤੇ ਇਨ੍ਹਾਂ ਦਾ ਕੰਮ ਤਾਂ ਕੁਲੈਕਟਰ ਤੱਕ ਹੀ ਸਰ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਜਦੋਂ ਉਹ ਬਰਨਾਲਾ ਸਰਕਾਰ ਵਿੱਚ ਸਹਿਕਾਰਤਾ ਮੰਤਰੀ ਸਨ, ਉਸ ਵਕਤ ਹੀ ਧਾਰਾ 67-ਏ ਉੱਤੇ ਅਮਲ ਰੋਕ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜੇ ਸਰਕਾਰ ਸਹੀ ਅਰਥਾਂ ਵਿੱਚ ਗੰਭੀਰ ਹੈ ਤਾਂ ਧਾਰਾ 63-ਸੀ ਨੂੰ ਹਟਾਉਣ ਬਾਰੇ ਫ਼ੈਸਲਾ ਕਰੇ।

**ਦੋਵਾਂ ਧਾਰਾਵਾਂ ਵਿਚਲਾ ਅੰਤਰ :** ਸਹਿਕਾਰੀ ਸੁਸਾਇਟੀਜ਼ ਕਾਨੂੰਨ ਦੀ ਧਾਰਾ 67-ਏ ਤਹਿਤ ਡਿਪਟੀ ਰਜਿਸਟਰਾਰ ਨੂੰ ਕੁਰਕੀ ਦਾ ਹੁਕਮ ਦੇਣ ਦਾ ਅਧਿਕਾਰ ਹੈ। ਧਾਰਾ 63-ਸੀ ਵਿੱਚ ਸਬੰਧਤ ਕਿਸਾਨ ਦੇ ਕਰਜ਼ੇ ਬਾਰੇ ਪਹਿਲਾਂ ਸਾਲਸ ਨਿਯੁਕਤ ਕੀਤਾ ਜਾਂਦਾ ਹੈ, ਜਿਸ ਦੀ ਰਿਪੋਰਟ ਮਗਰੋਂ ਰਜਿਸਟਰਾਰ ਸਹਿਕਾਰੀ ਸਭਾਵਾਂ ਵੱਲੋਂ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਉਪਰੰਤ ਜ਼ਿਲ੍ਹਾ ਕੁਲੈਕਟਰ (ਡਿਪਟੀ ਕਮਿਸ਼ਨਰ) ਸਬੰਧਤ ਕਿਸਾਨ ਦੀ ਗ੍ਰਿਫ਼ਤਾਰੀ ਜਾਂ ਜ਼ਮੀਨ ਦੀ ਕੁਰਕੀ ਦੇ ਹੁਕਮ ਜਾਰੀ ਕਰਦਾ ਹੈ।



## ਕਿਸਾਨਾਂ ਦਾ ਕਰਜ਼ਾ ਵੇਖ ਕੈਪਟਨ ਸਰਕਾਰ ਦੇ ਸਾਹ ਸੂਤੇ

### ਪਿਛਲੇ ਸਾਲ 14 ਹਜ਼ਾਰ ਕਰੋੜ ਦਾ ਕਰਜ਼ਾ ਲਿਆ ਕਿਸਾਨਾਂ ਨੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਪ੍ਰਤੀ ਸਾਲ ਲਗਭਗ 14 ਹਜ਼ਾਰ ਕਰੋੜ ਰੁਪਏ ਦੀ ਦਰ ਨਾਲ ਵਧਦਾ ਵੇਖ ਕੈਪਟਨ ਸਰਕਾਰ ਨੂੰ ਪਸੀਨਾ ਆਉਣ ਲੱਗਾ ਹੈ। ਯੂ.ਪੀ. 'ਚ ਯੋਗੀ ਸਰਕਾਰ ਵੱਲੋਂ ਕਿਸਾਨਾਂ ਦਾ ਕਰਜ਼ ਮਾਫ਼ ਕਰਨ ਲਈ ਅਪਣਾਇਆ ਗਿਆ ਤਰੀਕਾ ਵੀ ਹੁਣ ਪੰਜਾਬ ਸਰਕਾਰ ਨੂੰ ਮੁਸ਼ਕਲ ਲੱਗ ਰਿਹਾ ਹੈ। ਸਟੇਟ ਲੈਵਲ ਬੈਂਕਰਜ਼ ਕਮੇਟੀ ਤੋਂ ਮਿਲੀ ਜਾਣਕਾਰੀ ਅਨੁਸਾਰ ਵਿੱਤ ਸਾਲ 2016-17 'ਚ ਸੂਬੇ ਦੇ ਕਿਸਾਨਾਂ ਨੇ ਸਰਕਾਰੀ, ਨਿੱਜੀ, ਪੇਂਡੂ ਤੇ ਸਹਿਕਾਰੀ ਬੈਂਕਾਂ ਤੋਂ 14,383 ਕਰੋੜ ਰੁਪਏ ਕਰਜ਼ ਲਏ ਅਤੇ ਪੂਰਾ ਕਰਜ਼ ਵੱਧ ਕੇ 84,878 ਕਰੋੜ ਰੁਪਏ ਹੋ ਗਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਧਾਨ ਸਭਾ ਚੋਣਾਂ 'ਚ ਕੀਤਾ ਕਰਜ਼ ਮਾਫ਼ੀ ਦਾ ਵਾਅਦਾ ਹਰ ਹਾਲ 'ਚ ਪੂਰਾ ਕਰਨ ਦਾ ਐਲਾਨ ਕਰ ਚੁੱਕੇ ਹਨ ਅਤੇ ਇਸ ਦੇ ਲਈ ਸੂਬਾ ਸਰਕਾਰ ਨੇ ਇਕ ਕਮੇਟੀ ਦਾ ਗਠਨ ਵੀ ਕਰ ਦਿੱਤਾ ਹੈ, ਜੋ ਕਿਸਾਨਾਂ ਦੇ ਫਸਲੀ ਕਰਜ਼ ਮਾਫ਼ੀ ਦੇ ਤਰੀਕੇ ਵੀ ਸਰਕਾਰ ਨੂੰ ਦੱਸੇਗੀ। ਮੁੱਖ ਮੰਤਰੀ ਇਸ ਵਾਅਦੇ ਨੂੰ ਵਿਧਾਨ ਸਭਾ ਦੇ ਬਜਟ ਸੈਸ਼ਨ 'ਚ ਪੂਰਾ ਕਰਨਾ ਚਾਹੁੰਦੇ ਹਨ।

ਫਿਲਹਾਲ ਕਰਜ਼ ਅੰਕੜਾ ਕਮੇਟੀ ਕਿਸਾਨਾਂ ਦੇ ਫਸਲੀ ਕਰਜ਼ੇ ਦੀ ਕੁਲ ਰਕਮ ਦਾ ਅੰਦਾਜ਼ਾ ਲਗਾਉਣ 'ਚ ਜੁਟੀ ਹੋਈ ਹੈ। ਐਸ.ਐਲ.ਬੀ.ਸੀ. ਤੋਂ ਮਿਲੀ ਅੰਕੜਿਆਂ ਅਨੁਸਾਰ ਮਾਰਚ 2017 ਤੱਕ ਸੂਬੇ ਦੇ ਸਾਰੇ ਬੈਂਕਾਂ ਨੇ 31,29,831 ਲੋਕਾਂ ਨੂੰ 85 ਕਰੋੜ 36 ਲੱਖ ਰੁਪਏ ਦਾ ਖੇਤੀ ਕਰਜ਼ਾ ਦਿੱਤਾ, ਜਿਸ 'ਚ ਛੋਟੇ ਤੇ ਮੱਧਮ ਦਰਜੇ ਦੇ 17 ਲੱਖ 19 ਹਜ਼ਾਰ 038 ਕਿਸਾਨਾਂ ਨੂੰ 36 ਕਰੋੜ 60 ਲੱਖ ਰੁਪਏ ਕਰਜ਼ਾ ਦਿਤਾ ਗਿਆ।

ਬੈਂਕਾਂ ਨੇ ਕਿਸਾਨ ਕ੍ਰੈਡਿਟ ਕਾਰਡ ਯੋਜਨਾ ਤਹਿਤ 1 ਅਪ੍ਰੈਲ 2016 ਤੋਂ 31 ਮਾਰਚ 2017 ਤੱਕ ਲਗਭਗ 14905 ਕਰੋੜ ਰੁਪਏ ਕਰਜ਼ ਵਜੋਂ ਜਾਰੀ ਕੀਤੇ, ਜਿਸ 'ਚ 14667.60 ਕਰੋੜ ਰੁਪਏ ਹਾਲੇ ਕਰਜ਼ਦਾਰਾਂ ਦੇ ਬਾਕੀ ਹਨ। ਸਾਲ ਭਰ 'ਚ ਬੈਂਕਾਂ ਨੂੰ ਕਰਜ਼ ਰਾਸ਼ੀ ਦੀ ਵਾਪਸੀ ਵਜੋਂ ਵਿਆਜ ਸਮੇਤ 15522 ਕਰੋੜ ਰੁਪਏ ਪ੍ਰਾਪਤ ਹੋ ਚੁੱਕੇ ਹਨ। ਸੂਤਰਾਂ ਅਨੁਸਾਰ ਦੋ ਦਿਨ ਪਹਿਲਾਂ ਕੈਬਨਿਟ ਦੀ ਬੈਠਕ ਦੌਰਾਨ ਮੁੱਖ ਮੰਤਰੀ ਤੇ ਹੋਰ ਮੰਤਰੀ ਇਸ ਗੱਲ ਲਈ ਪ੍ਰੇਸ਼ਾਨ ਸਨ ਕਿ ਇਸ ਸਾਲ ਕਰਜ਼ ਮਾਫ਼ ਕਰ ਦੇਣ 'ਤੇ ਕੀ ਗਾਰੰਟੀ ਹੈ ਕਿ ਕਿਸਾਨ ਅਗਲੇ ਸਾਲ ਕਰਜ਼ ਨਹੀਂ ਲੈਣਗੇ ਜਾਂ ਕਰਜ਼ ਮਾਫ਼ ਨਹੀਂ ਕਰਨਾ ਪਵੇਗਾ?

ਸੂਤਰਾਂ ਅਨੁਸਾਰ ਬੈਠਕ 'ਚ ਕਾਫੀ ਦੇਰ ਤੱਕ ਵਿਚਾਰ ਚਰਚਾ ਹੋਈ, ਪਰ ਕੋਈ ਠੋਸ ਹੱਲ ਸਾਹਮਣੇ ਨਹੀਂ ਆਇਆ। ਕਮੇਟੀ ਦੀ ਰਿਪੋਰਟ ਹਾਲੇ ਤੱਕ ਸਰਕਾਰ ਕੋਲ ਨਹੀਂ ਪੁੱਜੀ ਹੈ, ਜਿਸ ਕਾਰਨ ਸਰਕਾਰ ਕਦੇ ਕਰਜ਼ ਮਾਫ਼ੀ ਦੇ ਯੂ.ਪੀ. ਪੈਟਰਨ ਤਾਂ ਕਦੇ ਕੇਰਲ ਪੈਟਰਨ 'ਤੇ ਵਿਚਾਰ ਕਰ ਰਹੀ ਹੈ। ਸਰਕਾਰ ਦੀ ਚਿੰਤਾ ਇਹ ਵੀ ਹੈ ਕਿ ਸੂਬੇ ਦਾ ਖ਼ਜ਼ਾਨਾ ਖਾਲੀ ਹੈ ਅਤੇ ਕਿਸਾਨਾਂ ਦੇ ਕਰਜ਼ ਮਾਫ਼ ਕਰਨ 'ਚ ਕੇਂਦਰ ਸਰਕਰ ਕੋਈ ਦਿਲਚਸਪੀ ਨਹੀਂ ਵਿਖਾ ਰਹੀ।

### ਕਰਜ਼ੇ ਦਾ ਸਹੀ ਤਰੀਕੇ ਨਾਲ ਭੁਗਤਾਨ ਕਰਦੇ ਨੇ ਪੰਜਾਬ ਦੇ ਕਿਸਾਨ

ਐਲ.ਐਸ.ਬੀ.ਸੀ. ਦੇ ਅਧਿਕਾਰੀ ਸੁਨੀਲ ਭਸੀਨ ਨੇ ਦੱਸਿਆ ਕਿ ਸਰਕਾਰੀ ਅਤੇ ਨਿੱਜੀ ਬੈਂਕਾਂ ਨੇ ਤੈਅ ਸ਼ਰਤਾਂ ਪੂਰੀ ਕਰਨ ਵਾਲੇ ਕਿਸਾਨਾਂ ਨੂੰ ਕਰਜ਼ ਦੇਣ 'ਚ ਕਦੇ ਢਿੱਲ ਨਹੀਂ ਵਰਤੀ, ਸਗੋਂ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਤਰਜੀਹ ਵੀ ਦਿੱਤੀ ਜਾਂਦੀ ਹੈ। ਮੌਜੂਦਾ ਸਮੇਂ 'ਚ ਬੈਂਕਾਂ ਵਲੋਂ ਦਿਤੇ ਕਰਜ਼ੇ ਦੀ ਕੁਲ ਰਕਮ 'ਚ ਸਿਰਫ਼ 49.40 ਕਰੋੜ ਰੁਪਏ ਹੀ ਫਸੇ ਹਨ, ਜੋ ਕੁਲ ਕਰਜ਼ ਰਾਸ਼ੀ ਦਾ ਸਿਰਫ਼ 5.79 ਫ਼ੀ ਸਦੀ ਹੈ। ਸੂਬੇ ਦੇ ਕਿਸਾਨ ਖੁਦ ਹੀ ਸਮੇਂ 'ਤੇ ਕਿਸ਼ਤਾਂ ਦਾ ਭੁਗਤਾਨ ਕਰਦੇ ਰਹਿੰਦੇ ਹਨ।

## ਕਰਜ਼ਾ ਮੁਆਫ਼ੀ ਲਈ ਡਾ. ਟੀ ਹੱਕ ਕਮੇਟੀ ਕਿਸਾਨ ਆਗੂਆਂ ਦੇ ਵੀ ਲਏਗੀ ਸੁਝਾਅ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਬਾਰੇ ਰੋਡ ਮੈਪ ਤਿਆਰ ਕਰਕੇ ਦੇਣ ਲਈ ਬਣਾਈ ਡਾ. ਟੀ.ਹੱਕ ਦੀ ਅਗਵਾਈ ਵਾਲੀ ਕਮੇਟੀ ਨੇ ਕਿਸਾਨ ਆਗੂਆਂ ਅਤੇ ਬੈਂਕਾਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕਰ ਕੇ ਉਨ੍ਹਾਂ ਦੀ ਰਾਇ ਜਾਨਣ ਦਾ ਫ਼ੈਸਲਾ ਕੀਤਾ ਹੈ। ਇਹ ਫੈਸਲਾ ਦਿੱਲੀ ਵਿੱਚ ਹੋਈ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ। ਕਮੇਟੀ ਨੇ ਸਰਕਾਰ ਨੂੰ ਰਿਪੋਰਟ ਸੌਂਪਣ ਲਈ ਹੋਰ ਸਮਾਂ ਮੰਗਿਆ ਹੈ। ਡਾ. ਹੱਕ ਨੇ ਇਸ ਦੀ ਪੁਸ਼ਟੀ ਕੀਤੀ ਹੈ। ਯਾਦ ਰਹੇ ਕਿ ਮੁੱਖ ਮੰਤਰੀ ਨੇ ਕਰਜ਼ਾ ਮੁਆਫ਼ੀ ਬਾਰੇ ਬਜਟ ਸੈਸ਼ਨ ਦੌਰਾਨ ਕੋਈ ਐਲਾਨ ਕਰਨ ਦਾ ਵਾਅਦਾ ਕਰ ਰੱਖਿਆ ਹੈ। ਉਹ ਖੁਦ ਇਸ ਮੁੱਦੇ ਉੱਤੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗਾਂ ਕਰ ਚੁੱਕੇ ਹਨ, ਪਰ ਪੈਸਾ ਕਿੱਥੋਂ ਆਏਗਾ, ਇਸ ਸਵਾਲ ਦਾ ਜਵਾਬ ਫਿਲਹਾਲ ਕਿਸੇ ਕੋਲ ਨਹੀਂ। ਦਿੱਲੀ ਵਿੱਚ ਹੋਈ ਮੀਟਿੰਗ ਵਿੱਚ ਡਾ. ਹੱਕ ਤੋਂ ਇਲਾਵਾ ਕਮੇਟੀ ਦੇ ਮੈਂਬਰ ਪੀ.ਕੇ. ਜੋਸ਼ੀ, ਡਾ. ਬੀ.ਐਸ. ਢਿੱਲੋਂ ਅਤੇ ਖੇਤੀ ਕਮਿਸ਼ਨਰ ਡਾ. ਬਲਵਿੰਦਰ ਸਿੰਘ ਸਿੱਧੂ ਤੋਂ ਇਲਾਵਾ ਪੰਜਾਬ ਸਰਕਾਰ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਸ਼ਾਮਲ ਸਨ।

ਸੂਤਰਾਂ ਅਨੁਸਾਰ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਮਾਲਕੀ ਬਾਰੇ ਵੀ ਸਰਕਾਰ ਕੋਲ ਕੋਈ ਠੋਸ ਤੱਥ ਨਹੀਂ ਹਨ। ਬੈਂਕਾਂ ਤੋਂ ਲਏ ਗਏ ਕਰਜ਼ੇ ਸਬੰਧੀ ਦਸਤਾਵੇਜ਼ਾਂ ਨੂੰ ਘੋਖਣ ਮਗਰੋਂ ਅਜੇ ਸਪਸ਼ਟ ਤਸਵੀਰ ਬਣਦੀ ਦਿਖਾਈ ਨਹੀਂ ਦਿੰਦੀ। ਸਰਕਾਰ ਮੁੱਢਲੇ ਤੌਰ ਉੱਤੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਰਾਹਤ ਦੇਣਾ ਚਾਹੁੰਦੀ ਹੈ। ਇੱਕ ਅਨੁਮਾਨ ਅਨੁਸਾਰ ਪੰਜਾਬ ਵਿੱਚ ਜ਼ਮੀਨ ਦੀ ਮਾਲਕੀ ਵਾਲੇ ਲਗਭਗ 19 ਲੱਖ ਪਰਿਵਾਰ ਹਨ ਜਦਕਿ ਅਸਲ ਤੌਰ ਉੱਤੇ ਖੇਤੀ ਕਰਨ ਵਾਲੇ ਕਿਸਾਨਾਂ ਦੀ ਗਿਣਤੀ 10.53 ਲੱਖ ਹੈ। ਜੇਕਰ ਇਨ੍ਹਾਂ ਦੇ ਸਹੀ ਤੱਥ ਹੋਣਗੇ ਤਾਂ ਸੰਭਵ ਹੈ ਕਿ ਸਰਕਾਰ ਬੈਂਕਾਂ ਤੋਂ ਅਜਿਹੇ ਖਾਤਾ ਧਾਰਕਾਂ ਦੀਆਂ ਕਿਸ਼ਤਾਂ ਉਤਾਰਨ ਦੀ ਜ਼ਿੰਮੇਵਾਰੀ ਲੈ ਸਕਦੀ ਹੈ। ਇਸ ਨਾਲ ਇਕੋ ਵਾਰ ਬੋਝ ਵੀ ਨਹੀਂ ਪਵੇਗਾ। ਸਰਕਾਰ ਲਈ ਵੱਡਾ ਮਸਲਾ ਕਰਜ਼ਾ ਮੁਆਫ਼ ਕਰਨ ਦੇ ਲਏ ਜਾਣ ਵਾਲੇ ਫੈਸਲੇ ਮੁਤਾਬਕ ਪੈਸਾ ਜੁਟਾਉਣ ਦਾ ਵੀ ਹੈ। ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਬਜਟ ਜੂਨ ਦੇ ਤੀਸਰੇ ਹਫ਼ਤੇ ਪੇਸ਼ ਕੀਤੇ ਜਾਣ ਦੇ ਆਸਾਰ ਹਨ ਤੇ ਸਰਕਾਰ ਇਸ ਤੋਂ ਪਹਿਲਾਂ ਕੋਈ ਨਾ ਕੋਈ ਐਲਾਨ ਕਰਨਾ ਚਾਹੁੰਦੀ ਹੈ। ਇਸ ਦੌਰਾਨ ਕਮੇਟੀ ਦੇ ਇੱਕ ਮੈਂਬਰ ਨੇ ਕਿਹਾ ਕਿ ਫ਼ਸਲੀ ਕਰਜ਼ੇ ਦੇ ਨਾਲ ਦੀ ਨਾਲ ਸਹਾਇਕ ਧੰਦਿਆਂ ਦੇ ਕਰਜ਼ੇ ਦਾ ਮਾਮਲਾ ਵੀ ਅਜੇ ਵਿਚਾਰ ਅਧੀਨ ਹੈ।

**ਪ੍ਰਮਾਣਿਕ ਅੰਕੜੇ ਜੁਟਾਉਣੇ ਕਮੇਟੀ ਲਈ ਵੱਡੀ ਚੁਣੌਤੀ** ਕਮੇਟੀ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਪ੍ਰਮਾਣਿਕ ਅੰਕੜੇ ਜੁਟਾਉਣ ਦੀ ਹੈ। ਇਸ ਤੋਂ ਇਲਾਵਾ ਕਮੇਟੀ ਸਾਰੇ ਸਟੇਕ ਹੋਲਡਰਾਂ ਖਾਸ ਤੌਰ ਉੱਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਅਤੇ ਬੈਂਕ ਅਧਿਕਾਰੀਆਂ ਦਾ ਪੱਖ ਵੀ ਜਾਨਣਾ ਚਾਹੁੰਦੀ ਹੈ। ਇਸੇ ਹਫ਼ਤੇ ਦੌਰਾਨ ਸਾਰੀਆਂ ਧਿਰਾਂ ਨਾਲ ਗੱਲਬਾਤ ਮਗਰੋਂ ਕਮੇਟੀ ਸਰਕਾਰ ਨੂੰ ਅੰਤਰਿਮ ਰਿਪੋਰਟ ਸੌਂਪ ਸਕਦੀ ਹੈ। ਇਹ ਮੀਟਿੰਗਾਂ ਚੰਡੀਗੜ੍ਹ ਅਤੇ ਸੂਬੇ ਦੇ ਹੋਰਨਾਂ ਸ਼ਹਿਰਾਂ ਵਿੱਚ ਬੁਲਾਈਆਂ ਜਾਣਗੀਆਂ। ਮੁਕੰਮਲ ਰਿਪੋਰਟ ਵਿੱਚ ਕਮੇਟੀ ਕਿਸਾਨਾਂ ਨੂੰ ਅੱਗੋਂ ਕਰਜ਼ੇ ਤੋਂ ਬਚਾਉਣ ਲਈ ਸੁਝਾਅ ਵੀ ਸ਼ਾਮਲ ਕਰ ਸਕਦੀ ਹੈ। ਇਸ ਵਾਸਤੇ ਲਗਭਗ ਦੋ ਮਹੀਨੇ ਦਾ ਸਮਾਂ ਹੋਰ ਦਿੱਤੇ ਜਾਣ ਦੇ ਆਸਾਰ ਹਨ।

### ਭਾਰਤ ਦੇ ਸਾਬਕਾ ਸੀ.ਆਰ.ਪੀ.ਐਫ. ਅਧਿਕਾਰੀ ਨੇ ਗ੍ਰਿਫਤਾਰੀ ਦੇ ਡਰੋਂ ਕੈਨੇਡਾ ਛੱਡਿਆ

**ਟੋਰਾਂਟੋ/ਬਿਊਰੋ ਨਿਊਜ਼:** ਭਾਰਤ ਦੇ ਨੀਮ ਫੌਜੀ ਬਲ, ਸੀ.ਆਰ.ਪੀ.ਐਫ. ਦੇ ਇਕ ਅਧਿਕਾਰੀ ਨੂੰ ਪਿਛਲੇ ਮਹੀਨੇ (23 ਮਈ) ਕੈਨੇਡਾ ਵਿਚ ਦਾਖਲੇ ਤੋਂ ਰੋਕ ਦਿੱਤਾ ਗਿਆ ਸੀ, ਪਰ ਭਾਰਤ ਸਰਕਾਰ ਦੇ ਦਬਾਅ ਕਰਕੇ ਕੈਨੇਡਾ ਸਰਕਾਰ ਨੇ ਉਸ ਨੂੰ ਵੀਜ਼ਾ ਅਤੇ ਇਕ ਹਵਾਈ ਟਿਕਟ ਦੇ ਦਿੱਤੀ। ਮਿਲੀਆਂ ਰਿਪੋਰਟਾਂ ਮੁਤਾਬਕ ਓਂਟਾਰੀਓ ਦੀ ਅਦਾਲਤ 'ਚੋਂ ਸੰਭਾਵੀ ਗ੍ਰਿਫਤਾਰੀ ਤੋਂ ਬਚਣ ਲਈ ਸੀ.ਆਰ.ਪੀ.ਐਫ. ਦਾ ਸਾਬਕਾ ਅਧਿਕਾਰੀ ਤੇਜਿੰਦਰ ਢਿੱਲੋਂ ਕੈਨੇਡਾ ਛੱਡ ਕੇ ਭੱਜ ਆਇਆ ਹੈ।

29 ਮਈ ਨੂੰ ਹੋਈ ਸੁਣਵਾਈ 'ਚ ਤੇਜਿੰਦਰ ਢਿੱਲੋਂ ਵਲੋਂ ਕੀਤੇ ਗਏ ਅਤਿਆਚਾਰਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਅਦਾਲਤੀ ਕਾਰਵਾਈ ਵੇਲੇ ਢਿੱਲੋਂ ਦਾ ਅਦਾਲਤ 'ਚ ਮੌਜੂਦ ਹੋਣਾ ਲਾਜ਼ਮੀ ਕਰਾਰ ਦਿੱਤਾ ਗਿਆ ਸੀ। ਢਿੱਲੋਂ ਦੀ ਗ਼ੈਰ-ਮੌਜੂਦਗੀ 'ਚ ਓਂਟਾਰੀਓ ਅਦਾਲਤ ਦੇ ਸੁਣਵਾਈ ਨਾ ਕਰਨ ਦੇ ਫੈਸਲੇ ਤੋਂ ਬਾਅਦ ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਇਹ ਕਾਨੂੰਨ ਨਾਲ ਮਜ਼ਾਕ ਹੈ ਕਿ ਅਸੀਂ ਇਹ ਯਕੀਨੀ ਬਣਾ ਰਹੇ ਸੀ ਕਿ ਅਦਾਲਤੀ ਕਾਰਵਾਈ ਵੇਲੇ ਢਿੱਲੋਂ ਦੀ ਮੌਜੂਦਗੀ ਲਾਜ਼ਮੀ ਕੀਤੀ ਜਾਵੇ। ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਅਸੀਂ ਜਾਣਕਾਰੀ ਦਾ ਅਧਿਕਾਰ ਕਾਨੂੰਨ ਦੇ ਤਹਿਤ ਤੇਜਿੰਦਰ ਢਿੱਲੋਂ ਦੇ ਕੈਨੇਡਾ ਵਿਚ ਦਾਖਲੇ ਅਤੇ ਬਾਹਰ ਜਾਣ ਬਾਰੇ ਜਾਣਕਾਰੀ ਮੰਗਾਂਗੇ।

ਅੰਮ੍ਰਿਤਸਰ ਟਾਈਮਜ਼
AMRITSAR TIMES
07 ਜੂਨ 2017 ਤੋਂ 13 ਜੂਨ 2017

## ਮੀਡੀਆ ਦੀ ਆਜ਼ਾਦੀ 'ਤੇ ਹਕੂਮਤੀ ਪਹਿਰੇਦਾਰੀ

ਆਜ਼ਾਦੀ...ਆਜ਼ਾਦੀ...ਆਜ਼ਾਦੀ।

ਆਜ਼ਾਦ ਭਾਰਤ ਵਿਚ ਆਜ਼ਾਦੀ ਦੇ ਨਾਅਰੇ।

ਮੋਦੀ ਦੀ ਹਕੂਮਤ ਵਿਚ ਬੋਲਣ-ਸੁਣਨ 'ਤੇ ਪਹਿਰਾ, ਖਾਣ-ਪੀਣ 'ਤੇ ਪਹਿਰਾ, ਭ੍ਰਿਸ਼ਟਾਚਾਰ, ਲੁੱਟਤੰਤਰ, ਗ਼ਰੀਬੀ ਤੋਂ ਮੁਕਤੀ ਮੰਗਣ ਵਾਲਿਆਂ 'ਤੇ ਪਹਿਰਾ। ਇਨ੍ਹਾਂ ਪਹਿਰਿਆਂ ਤੋਂ ਆਜ਼ਾਦੀ ਮੰਗਣ ਵਾਲੇ ਮੋਦੀ ਭਗਤਾਂ ਦੀ ਨਜ਼ਰੇ ਦੇਸ਼ ਧਰੋਹੀ ਹਨ। ਕਸ਼ਮੀਰ ਵਿਚ ਆਜ਼ਾਦ ਫ਼ਿਜ਼ਾ ਦੀ ਮੰਗ ਕਰ ਰਹੇ ਨੌਜਵਾਨ ਅਤਿਵਾਦੀ ਹਨ। ਤੇ ਇਨ੍ਹਾਂ ਪਹਿਰਿਆਂ ਨੂੰ ਜਾਇਜ਼ ਠਹਿਰਾਉਣ ਵਿਚ ਮੀਡੀਆ ਆਪਣਾ ਭਰਪੂਰ ਸਹਿਯੋਗ ਦੇ ਰਿਹਾ ਹੈ ਕਿਉਂਕਿ ਇਹ ਕਾਰਪੋਰੇਟੀ ਮੀਡੀਆ, ਉਹੀ ਦਿਖਾਉਂਦਾ ਹੈ, ਉਹੀ ਸੁਣਾਉਂਦਾ ਹੈ ਜੋ ਮਾਲਕਾਂ/ਹਕੂਮਤਾਂ ਨੂੰ ਰਾਸ ਆਉਂਦਾ ਹੈ। ਜਿਹੜਾ ਮੀਡੀਆ ਲੋਕ ਪੱਖੀ ਗੱਲ ਕਰਦਾ ਹੈ, ਸਰਕਾਰੀ ਤੰਤਰ ਦੀ ਆਲੋਚਨਾ ਕਰਦਾ ਹੈ, ਉਹ ਦੇਸ਼ ਧਰੋਹੀ ਹੈ। ਇਸ ਦੀ ਮਿਸਾਲ ਭਾਰਤ ਦੇ ਉਘੇ ਚੈਨਲ ਐਨ.ਡੀ.ਟੀ.ਵੀ. ਤੋਂ ਮਿਲਦੀ ਹੈ। ਐਨ. ਡੀ.ਟੀ.ਵੀ. ਦੇ ਐਂਕਰ ਸਰਕਾਰ 'ਤੇ ਸਵਾਲ ਉਠਾਉਂਦੇ ਹਨ, ਇਸ ਲਈ ਉਨ੍ਹਾਂ 'ਤੇ ਮੋਦੀ ਭਗਤ 'ਸੋਸ਼ਲ ਮੀਡੀਆ' ਰਾਹੀਂ ਹਮਲਾ ਕਰ ਰਹੇ ਹਨ।

ਹਦ ਤਾਂ ਉਦੋਂ ਹੋ ਗਈ ਜਦੋਂ ਸੀ.ਬੀ.ਆਈ. ਨੇ ਐਨ.ਡੀ.ਟੀਵੀ ਦੇ ਦਫ਼ਤਰ ਅਤੇ ਇਸ ਦੇ ਮਾਲਕ ਪ੍ਰਨੌਇ ਰੌਇ ਦੇ ਘਰ 'ਤੇ ਛਾਪੇ ਮਾਰੇ। ਕਿਹਾ ਜਾ ਰਿਹਾ ਹੈ ਕਿ ਇਹ ਛਾਪੇ ਐਨ.ਡੀ.ਟੀ.ਵੀ. ਵਲੋਂ ਲਿਆ ਗਿਆ ਕਰਜ਼ਾ ਨਾ ਮੋੜਨ ਕਰਕੇ ਮਾਰੇ ਗਏ ਹਨ। ਜਦਕਿ ਐਨ.ਡੀ.ਟੀਵੀ ਦਾ ਦਾਅਵਾ ਹੈ ਕਿ ਪ੍ਰਨੌਇ ਰੌਇ ਤੇ ਉਨ੍ਹਾਂ ਦੀ ਪਤਨੀ ਰਾਧਿਕਾ ਰੌਇ ਨੇ 7 ਵਰ੍ਹੇ ਪਹਿਲਾਂ ਹੀ ਇਹ ਕਰਜ਼ਾ ਚੁਕਾ ਦਿੱਤਾ ਸੀ। ਇਹ ਵੀ ਪਹਿਲੀ ਵਾਰ ਦੇਖਣ/ਸੁਣਨ ਨੂੰ ਮਿਲ ਰਿਹਾ ਹੈ ਕਿ ਜੇਕਰ ਕਿਸੇ ਨੇ ਕਰਜ਼ਾ ਲਿਆ ਤੇ ਮੋੜ ਵੀ ਦਿੱਤਾ, ਤਾਂ ਵੀ ਉਸ 'ਤੇ ਕਾਰਵਾਈ ਹੋ ਰਹੀ ਹੈ ਜਦਕਿ ਵਿਜੈ ਮਾਲਿਆ ਵਰਗੇ ਬੰਦੇ ਨੂੰ ਸਰਕਾਰ ਸਰਕਾਰੀ ਕਰਜ਼ਾ ਮੋੜਨ ਲਈ 'ਦਰਖ਼ਾਸਤਾਂ' ਕਰਦੀ ਰਹੀ ਤੇ ਮੌਕਾ ਦੇਖ ਕੇ ਉਸ ਨੂੰ ਮੁਲਕ ਤੋਂ ਫਰਾਰ ਹੋਣ ਦਿੱਤਾ ਗਿਆ। ਐਨ. ਡੀ.ਟੀ.ਵੀ. ਦੇ ਦਾਅਵੇ ਮੁਤਾਬਕ ਸਰਕਾਰ ਦੇ ਦਬਾਅ ਹੇਠ ਸੀ.ਬੀ.ਆਈ ਨੂੰ ਇਸ ਕੰਪਨੀ ਦੇ ਸਾਬਕਾ ਕੰਸਲਟੈਂਟ ਸੰਜੇ ਦੱਤ ਦੀਆਂ ਗ਼ਲਤ ਸ਼ਿਕਾਇਤਾਂ ਦੇ ਆਧਾਰ 'ਤੇ ਐਫ.ਆਈ.ਆਰ. ਦਰਜ ਕਰਨ ਲਈ ਮਜਬੂਰ ਕੀਤਾ ਗਿਆ। ਇਹ ਵਿਅਕਤੀ ਝੂਠੇ ਦੋਸ਼ ਲਗਾ ਕੇ ਅਦਾਲਤਾਂ ਵਿਚ ਕੇਸ ਦਾਇਰ ਕਰਦਾ ਰਿਹਾ ਹੈ ਪਰ ਅਦਾਲਤਾਂ ਉਸ ਦੀ ਸ਼ਿਕਾਇਤ 'ਤੇ ਆਦੇਸ਼ ਦੇਣ ਤੋਂ ਇਨਕਾਰ ਕਰਦੀਆਂ ਰਹੀਆਂ। ਹੈਰਾਨੀ ਤਾਂ ਇਸ ਗੱਲ ਦੀ ਹੋ ਰਹੀ ਹੈ ਕਿ ਜਿਨ੍ਹਾਂ ਸ਼ਿਕਾਇਤਾਂ ਨੂੰ ਅਦਾਲਤਾਂ ਨੇ ਨਿਰਾਧਾਰ ਮੰਨਿਆ, ਉਸੇ ਨੂੰ ਆਧਾਰ ਮੰਨ ਕੇ ਸੀ.ਬੀ. ਆਈ. ਛਾਪੇ ਮਾਰ ਰਹੀ ਹੈ। ਭਾਰਤ ਵਿਚ ਸਿਰਫ਼ ਵਿਜੈ ਮਾਲਿਆ ਨੇ ਹੀ ਠੱਗੀ ਨਹੀਂ ਮਾਰੀ, ਸਗੋਂ ਕਈ ਉਦਯੋਗਪਤੀਆਂ ਨੇ ਲੱਖਾਂ-ਕਰੋੜਾਂ ਰੁਪਏ ਦਾ ਬਕਾਇਆ ਅਦਾ ਹੀ ਨਹੀਂ ਕੀਤਾ ਪਰ ਸੀ.ਬੀ. ਆਈ. ਨੇ ਅੱਜ ਤੱਕ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਸੀ.ਬੀ.ਆਈ. ਜਿਸ ਕਰਜ਼ੇ ਨੂੰ ਆਧਾਰ ਦੱਸ ਰਹੀ ਹੈ, ਉਹ ਪ੍ਰਾਈਵੇਟ ਬੈਂਕ ਆਈ.ਸੀ.ਆਈ.ਸੀ.ਆਈ. ਹੈ, ਜਿਸ ਦਾ ਕਰਜ਼ਾ ਲਾਹਿਆ ਜਾ ਚੁੱਕਾ ਹੈ।

ਸਾਫ਼ ਜ਼ਾਹਰ ਹੁੰਦਾ ਹੈ ਕਿ ਮੋਦੀ ਭਗਤ ਰੌਲਾ ਪਾ ਪਾ ਕੇ ਲੋਕ ਪੱਖੀ ਗੱਲ ਕਰਨ ਵਾਲਿਆਂ ਦਾ ਗਲਾ ਘੁੱਟ ਦੇਣਾ ਚਾਹੁੰਦੇ ਹਨ। ਪ੍ਰਿੰਟ ਮੀਡੀਆ ਹੋਵੇ ਜਾਂ ਇਲੈਕਟ੍ਰੋਨਿਕ ਮੀਡੀਆ, ਦੋਹਾਂ ਨੇ ਭਾਰਤੀਆਂ ਨੂੰ ਦੇਸ਼ ਭਗਤੀ ਦਾ ਪਾਠ ਪੜ੍ਹਾਉਣ ਦੀ ਸਾਰੀ ਜ਼ਿੰਮੇਵਾਰੀ ਆਪਣੇ ਮੁੱਢਿਆਂ 'ਤੇ ਚੁੱਕੀ ਹੋਈ ਹੈ। ਇਸ ਦੌਰ ਵਿਚ ਉਸ ਲਈ ਹਰ ਵਿਅਕਤੀ ਜਾਂ ਸੰਸਥਾ ਦੇਸ਼ ਦੀ ਦੁਸ਼ਮਣ ਹੈ, ਜੋ ਫਿਰਕੂਵਾਦ, ਅੰਧਰਾਸ਼ਟਰਵਾਦ, ਅਸਹਿਣਸ਼ੀਲਤਾ ਤੇ ਸਿਆਸਤਦਾਨਾਂ ਦੀ ਗੁੰਡਾਗਰਦੀ ਦਾ ਵਿਰੋਧ ਕਰਦੀ ਹੈ, ਜੋ ਭੀੜ ਦੇ 'ਨਿਆਂ' ਦਾ ਵਿਰੋਧੀ ਹੈ ਤੇ ਜੋ ਤਰਕਸ਼ੀਲਤਾ ਵਿਚ ਯਕੀਨ ਕਰਦਾ ਹੈ।

ਇਹ ਪਹਿਲੀ ਦਫ਼ਾ ਨਹੀਂ, ਜਦੋਂ ਮੀਡੀਆ ਦੀ ਆਜ਼ਾਦੀ 'ਤੇ ਹਮਲਾ ਹੋਇਆ ਹੈ। ਹਕੂਮਤ ਕਿਸੇ ਵੀ ਸਿਆਸੀ ਧਿਰ ਦੀ ਰਹੀ ਹੋਵੇ, ਉਹ ਹਮੇਸ਼ਾ ਸੱਤਾ ਪੱਖੀ ਮੀਡੀਆ ਨੂੰ ਹੀ ਸ਼ਕਤੀਆਂ ਦਿੰਦੀ ਹੈ। ਇੰਦਰਾ ਗਾਂਧੀ ਨੇ ਵੀ ਐਮਰਜੈਂਸੀ ਦੌਰਾਨ ਸਭ ਤੋਂ ਪਹਿਲਾਂ ਮੀਡੀਆ ਦੀ ਹੀ ਸੰਘੀ ਨੱਪੀ ਸੀ ਤੇ ਵੱਡੀ ਗਿਣਤੀ ਮੀਡੀਆ ਉਸ ਦੇ ਜ਼ੁਲਮਾਂ ਅੱਗੇ ਝੁਕ ਗਿਆ ਸੀ ਤੇ ਜਿਸ ਨੇ ਬਗ਼ਾਵਤ ਕੀਤੀ, ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ। ਹਾਂ, ਮੋਦੀ ਹਕੂਮਤ ਵੀ ਸਾਰੀਆਂ ਹੱਦਾਂ ਪਾਰ ਕਰਦੀ ਜਾ ਰਹੀ ਹੈ। ਮੋਦੀ ਸਰਕਾਰ ਆਪਣੀ ਛੋਟੀ ਜਿੰਨੀ ਆਲੋਚਨਾ ਵੀ ਪਸੰਦ ਨਹੀਂ ਕਰਦੀ। ਇਸ ਦੀ ਭਗਵਾਂ ਬ੍ਰਿਗੇਡ ਨੇ ਟੀ.ਵੀ. ਚੈਨਲਾਂ 'ਤੇ ਮੋਦੀ ਗੁਣਗਾਣ ਕਰਨ ਦੀ ਪੂਰੀ ਕਮਾਂਡ ਸੰਭਾਲੀ ਹੋਈ ਹੈ। ਇਲੈਕਟ੍ਰੋਨਿਕ ਮੀਡੀਆ ਦਾ ਤਾਂ ਬਹੁਤ ਵੱਡਾ ਹਿਸਾ ਉਨ੍ਹਾਂ ਤਾਕਤਾਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ, ਜਿਨ੍ਹਾਂ ਨੇ ਲਗਾਤਾਰ ਲੋਕਤੰਤਰ ਦੇ ਦਾਇਰੇ ਨੂੰ ਸੀਮਤ ਕੀਤਾ ਹੈ। ਫ਼ਾਸੀਵਾਦੀ ਤਾਕਤਾਂ ਨਾਲ 'ਘਿਓ-ਖੰਡ' ਹੁੰਦਿਆਂ ਮੀਡੀਆ ਸ਼ਰਮਨਾਕ ਹੱਦ ਤਕ ਜਾ ਰਿਹਾ ਹੈ। ਵੱਖ ਵੱਖ ਭਾਈਚਾਰਿਆਂ ਨੂੰ ਆਪੋ-ਵਿਚੀਂ ਲੜਾਉਣ, ਗਵਾਂਢੀ ਮੁਲਕਾਂ ਨਾਲ ਸਬੰਧਾਂ ਨੂੰ ਗੁੰਝਲਦਾਰ ਬਣਾਉਣ, ਕਾਰਪੋਰੇਟ ਘਰਾਣਿਆਂ ਦੀ ਲੁੱਟ ਨੂੰ ਆਸਾਨ ਬਣਾਉਣ ਅਤੇ ਪੂਰੇ ਮੁਲਕ ਵਿਚ ਫਿਰਕੂ ਮਾਹੌਲ ਤਿਆਰ ਕਰਨ ਵਿਚ ਜ਼ਬਰਦਸਤ ਭੂਮਿਕਾ ਨਿਭਾ ਰਿਹਾ ਹੈ।

ਇਸ ਸਬੰਧ ਵਿਚ ਪਿਛਲੇ ਦਿਨੀਂ 'ਮੀਡੀਆ ਦੀ ਆਜ਼ਾਦੀ' 'ਤੇ ਹੋਈ ਵਿਚਾਰ ਚਰਚਾ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ, "80ਵੇਂ ਦਹਾਕੇ ਵਿਚ ਤਸਕਰਾਂ, ਮਾਫ਼ੀਆ ਤੇ ਅਪਰਾਧਿਕ ਤੱਤਾਂ ਨੇ ਬੜੀ ਤੇਜ਼ੀ ਨਾਲ ਕਾਂਗਰਸ ਤੇ ਹੋਰਨਾਂ ਪਾਰਟੀਆਂ ਵਿਚ ਪ੍ਰਵੇਸ਼ ਕੀਤਾ। ਇਸ ਸਭ ਦਾ ਅਸਰ ਪੱਤਰਕਾਰੀ 'ਤੇ ਵੀ ਪਿਆ। ਅਪਰਾਧੀਆਂ ਦੀਆਂ ਕਹਾਣੀਆਂ ਮੀਡੀਆ ਵਿਚ ਥਾਂ ਹਾਸਲ ਕਰ ਰਹੀਆਂ ਸਨ। ਪਰ 1984 ਆਉਂਦੇ ਆਉਂਦੇ ਹਾਲਾਤ ਏਨੇ ਬਦਤਰ ਹੋ ਗਏ ਕਿ ਹਿੰਦੀ ਪੱਤਰਕਾਰੀ ਦਾ ਪਤਨ ਸ਼ੁਰੂ ਹੋਇਆ, ਜੋ ਅੱਜ ਤੱਕ ਜਾਰੀ ਹੈ। ਅੱਜ ਸਥਿਤੀ ਇਹ ਹੈ ਕਿ ਲੋਕਪੱਖੀ ਪੱਤਰਕਾਰੀ ਪੂਰੀ ਤਰ੍ਹਾਂ ਹਾਸ਼ੀਏ 'ਤੇ ਚਲੀ ਗਈ ਹੈ ਤੇ ਲੋਕਪੱਖੀ ਪੱਤਰਕਾਰ ਖ਼ੁਦ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ। ਪੰਜਾਬ ਵਿਚ ਬਲੂ ਸਟਾਰ ਆਪਰੇਸ਼ਨ ਤੋਂ ਲੈ ਕੇ ਸ਼ਾਹ ਬਾਨੋ ਕੇਸ ਤੇ ਫਿਰ ਬਾਬਰੀ ਮਸਜਿਦ ਦਾ ਜੰਦਰਾ ਖੋਲ੍ਹਣ, ਅਡਵਾਨੀ ਦੀ ਰਥਯਾਤਰਾ ਤੇ ਅਯੋਧਿਆ ਵਿਚ ਵਾਰ ਵਾਰ ਹੋਣ ਵਾਲੀ ਕਾਰਸੇਵਾ ਨੇ ਨਾ ਸਿਰਫ਼ ਸਮੁੱਚੇ ਸਮਾਜਿਕ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰ ਦਿੱਤਾ, ਸਗੋਂ ਪੱਤਰਕਾਰੀ ਵਿਚ ਵੀ ਨਵੀਂ ਤਰ੍ਹਾਂ ਦਾ ਧਰੁਵੀਕਰਨ ਸ਼ੁਰੂ ਹੋ ਗਿਆ। ਬਲੂ ਸਟਾਰ ਆਪਰੇਸ਼ਨ ਸਮੇਂ ਪਹਿਲੀ ਵਾਰ ਇਹ ਮਹਿਸੂਸ ਹੋਇਆ ਕਿ ਹਿੰਦੀ ਪੱਤਰਕਾਰੀ 'ਹਿੰਦੂ ਪੱਤਰਕਾਰੀ' ਹੋ ਗਈ ਹੈ। ਬਿਨਾਂ ਕਿਸੇ ਹੀਲ-ਹੁਜਤ ਦੇ ਹਿੰਦੀ ਦੀਆਂ ਸਾਰੀਆਂ ਅਖ਼ਬਾਰਾਂ ਨੇ ਪੰਜਾਬ ਦੀਆਂ ਘਟਨਾਵਾਂ 'ਤੇ ਉਹੀ ਰਵੱਈਆ ਅਖ਼ਤਿਆਰ ਕੀਤਾ ਜੋ ਸਿਆਸੀ ਸਮੱਸਿਆ ਦੇ ਫ਼ੌਜੀ ਹੱਲ ਵਿਚ ਯਕੀਨ ਕਰਦੇ ਹਨ। ਉਸ ਸਮੇਂ ਇੰਦਰਾ ਗਾਂਧੀ ਦੀਆਂ ਨੀਤੀਆਂ ਦਾ ਅੱਖਾਂ 'ਤੇ ਪੱਟੀ ਬੰਨ੍ਹ ਕੇ ਸਮਰਥਨ ਕਰਨ ਦੀ ਜ਼ਿੰਮੇਵਾਰੀ ਕਰੀਬ ਕਰੀਬ ਸਾਰੀਆਂ ਅਖ਼ਬਾਰਾਂ ਨੇ ਸੰਭਾਲ ਲਈ ਸੀ। ਅਯੋਧਿਆ ਵਿਚ ਕਾਰਸੇਵਾ ਤਕ ਇਹ ਰੁਝਾਨ ਏਨਾ ਗੰਭੀਰ ਰੂਪ ਲੈ ਚੁੱਕਾ ਸੀ ਕਿ ਇਸ ਖ਼ਿਲਾਫ਼ ਪ੍ਰੈੱਸ ਕੌਂਸਲ ਨੂੰ ਵੀ ਕਦਮ ਚੁੱਕਣਾ ਪਿਆ ਸੀ।"

ਅੱਜ ਵੀ ਜ਼ੋਰਾਵਰ ਤਾਕਤਾਂ ਦੇ ਵਾਰ ਨੂੰ ਰੋਕਣ ਲਈ ਸੁਹਿਰਦ ਧਿਰਾਂ ਆਪਣਾ ਕੰਮ ਕਰ ਰਹੀਆਂ ਹਨ। ਭਾਵੇਂ ਅੱਜ ਐਨ.ਡੀ.ਟੀ.ਵੀ. ਦੀ ਹਮਾਇਤ 'ਤੇ ਸਮੁੱਚਾ ਮੀਡੀਆ ਖੁੱਲ੍ਹ ਕੇ ਸਾਹਮਣੇ ਨਹੀਂ ਆਇਆ ਪਰ ਐਡਿਟਰਜ਼ ਗਿਲਡ ਆਫ਼ ਇੰਡੀਆ ਨੇ ਸੀ.ਬੀ.ਆਈ. ਦੀ ਕਾਰਵਾਈ ਨੂੰ ਭੰਡਿਆ ਹੈ। ਬੇਸ਼ੱਕ ਮੀਡੀਆ ਅੱਜ ਹਕੂਮਤ ਦੇ ਚੁੰਗਲ ਵਿਚ ਹੈ ਪਰ ਕੁਝ ਹੱਦ ਤੱਕ ਸੋਸ਼ਲ ਮੀਡੀਆ ਲੋਕਾਂ ਦੀ ਆਵਾਜ਼ ਵੀ ਪਹੁੰਚਾ ਰਿਹਾ ਹੈ। ਅਸਲ ਮੀਡੀਆ ਦੀ ਪਛਾਣ ਲੋਕਾਂ ਨੂੰ ਹੀ ਕਰਨੀ ਪਏਗੀ।

### ਪੱਤ ਲੁੱਟਣ ਦੇ ਹਾਦਸੇ ਕਿੱਥੇ ਲਵਾਂ ਲੁਕੋ...

# ਸਿੱਖ ਤਵਾਰੀਖ਼ ਦੇ ਬੇਹੱਦ ਅਹਿਮ ਕਾਂਡ ਵਜੋਂ ਚਿੱਤ ਚੇਤਿਆਂ 'ਚ ਰਹੇਗਾ ਜੂਨ 1984

**ਸੁਰਜੀਤ ਸਿੰਘ ਗੋਪੀਪੁਰ**
(ਈ-ਮੇਲ ssgopipur'gmail.com)



ਕਿਸੇ ਸ਼ਾਇਰ ਨੇ ਲਿਖਿਆ ਹੈ:
'ਨੈਣ ਸਬਰ ਤੇ ਸਿਦਕ ਦੇ ਨੀਂਦ 'ਤੇ ਕਰਦੇ ਲੋਅ।
ਪੱਤ ਲੁੱਟਣ ਦੇ ਹਾਦਸੇ ਕਿੱਥੇ ਲਵਾਂ ਲੁਕੋ।'

ਸੱਚਮੁਚ, ਜੂਨ 1984 ਦੇ ਪਹਿਲੇ ਹਫਤੇ ਵਿਚ ਭਾਰਤੀ ਹਕੂਮਤ ਨੇ ਸਿੱਖਾਂ ਦੀ ਜਿੰਦ-ਜਾਨ ਤੇ ਉਨ੍ਹਾਂ ਦੇ ਮੁਕੱਦਸ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਉਪਰ ਆਪਣੀਆਂ ਫੌਜਾਂ ਚਾੜ੍ਹ ਕੇ ਅਜਿਹਾ ਸਾਕਾ ਵਰਤਾਇਆ ਜੋ ਇਸ ਆਜ਼ਾਦ ਤੇ ਜਮਹੂਰੀ ਮੰਨੇ ਜਾਂਦੇ ਭਾਰਤ ਵਿਚ ਜਿਥੇ ਸਮੁੱਚੀ ਸਿੱਖ ਤਵਾਰੀਖ਼ ਦੇ ਇਕ ਬੇਹੱਦ ਅਹਿਮ ਕਾਂਡ ਵਜੋਂ ਸਿੱਖਾਂ ਦੀ ਅਚੇਤ-ਸੁਚੇਤ ਯਾਦ ਦਾ ਹਿੱਸਾ ਬਣਿਆ ਰਹੇਗਾ, ਉਥੇ ਹਾਲਾਤ ਨਾ ਬਦਲਣ ਦੀ ਸੂਰਤ ਵਿਚ ਸਿੱਖਾਂ ਨੂੰ ਉਨਾਂ ਦੀ ਹੈਸੀਅਤ ਦਾ ਅਹਿਸਾਸ ਕਰਾਉਂਦਾ ਰਹੇਗਾ। ਪੰਜਾਬ ਦੇ ਕੌਮਾਂਤਰੀ ਚਿੰਤਕ ਡਾ. ਗੁਰਭਗਤ ਸਿੰਘ ਨੇ ਇਸ ਬਾਰੇ ਭਾਵਪੂਰਤ ਸ਼ਬਦਾਂ ਵਿਚ ਲਿਖਿਆ ਹੈ, 'ਜੂਨ 1984 ਦਾ 'ਉਪਰੇਸ਼ਨ ਬਲੂ ਸਟਾਰ' ਵੱਡਾ ਘੱਲੂਘਾਰਾ ਸੀ। ਇਹ ਇਕ ਜ਼ਖਮ ਹੈ ਜੋ ਸਿੱਖ ਕੌਮ ਦੀ ਸਿਮਰਤੀ ਵਿਚੋਂ ਜਾ ਨਹੀਂ ਸਕਦਾ। ਇਹ ਇਕ ਪੀੜ ਹੈ, ਇਕ ਕਸਕ ਹੈ, ਜੋ ਕਦੇ ਮਿਟ ਨਹੀਂ ਸਕਦੀ।' ਇਹ ਵੀ ਇਕ ਸਚਾਈ ਹੈ ਕਿ ਅਜਿਹੀਆਂ ਗੱਲਾਂ ਨੂੰ ਪੂਰੀ ਤਰ੍ਹਾਂ ਇਕ ਸਿੱਖ ਮਨ ਹੀ ਸਮਝ ਸਕਦਾ ਹੈ ਤੇ ਉਸ ਨੂੰ ਹੀ ਇਸ ਦੀ ਅਸਲ ਪੀੜ ਮਹਿਸੂਸ ਹੋ ਸਕਦੀ ਹੈ। ਅਜਿਹਾ ਮਨ ਹੀ ਇਸ ਕਾਂਡ ਦੇ ਸ਼ਹਾਦਤ ਵਾਲੇ ਪੱਖ ਦੇ ਰੂਹਾਨੀ ਝਲਕਾਰੇ ਮਾਣ ਸਕਦਾ ਹੈ। ਜਾਂ ਫਿਰ ਮਨੁੱਖੀ ਅਹਿਸਾਸਾਂ ਨਾਲ ਸ਼ਰਸ਼ਾਰ ਉਹ ਸ਼ਾਇਰਾਨਾ ਬਿਰਤੀ ਇਸ ਵਰਤਾਰੇ ਨੂੰ ਤਹਿ ਦਿਲੋਂ ਸਮਝ ਸਕਦੀ ਹੈ, ਜਿਸ ਨੂੰ ਇਨਸਾਨੀਅਤ ਦੇ ਅਧਾਰ 'ਤੇ ਪਰਾਈ ਕੌਮ ਦਾ ਦਰਦ ਵੀ ਆਪਣਾ ਲੱਗਣ ਲੱਗ ਪੈਂਦਾ ਹੈ, ਜਿਵੇਂ ਕਿ ਲਹਿੰਦੇ ਪੰਜਾਬ ਦੇ ਅਲਬੇਲੇ ਮੁਸਲਮਾਨ ਸ਼ਾਇਰ ਅਫ਼ਜ਼ਲ ਅਹਿਸਨ ਰੰਧਾਵਾ ਨੂੰ ਲਗਦਾ ਹੈ-

'ਮੇਰੇ ਬੁਰਜ ਮੁਨਾਰੇ ਢਾਹ ਦਿੱਤੇ ਢਾਹ ਦਿੱਤਾ ਤਖ਼ਤ ਅਕਾਲ
ਮੇਰੇ ਸੋਨੇ ਰੰਗਾ ਰੰਗ ਅੱਜ ਮੇਰੇ ਲਹੂ ਨਾਲ ਲਾਲੋ ਲਾਲ।'

ਮੈਨੂੰ ਅੱਜ ਵੀ ਸਿੱਖ ਪਰਿਵਾਰ ਵਿਚ ਜਨਮੇ ਇਕ ਨਕਸਲੀ ਪਿਛੋਕੜ ਵਾਲੇ ਕਾਰਕੁਨ ਵੱਲੋਂ ਸੁਣਾਈ ਆਪਣੀ ਵਿੱਥਿਆ ਚੇਤੇ ਹੈ ਜੋ ਉਸ ਦਾ ਸਿੱਖ ਵਿਚਾਰਧਾਰਾ ਵੱਲ ਮੁੜਨ ਦੀ ਸਬੱਬ ਬਣੀ, 'ਕਮਿਊਨਿਸਟ ਵਜੋਂ ਅਸੀਂ ਧਰਮ ਜਾਂ ਧਰਮ ਅਸਥਾਨਾਂ ਨੂੰ ਘੱਟ ਹੀ ਅਹਿਮੀਅਤ ਦਿੰਦੇ ਹੁੰਦੇ ਸੀ। ਅਸੀਂ ਅਕਸਰ ਹੀ ਨਕਸਲੀ ਸੰਘਰਸ਼ ਦੌਰਾਨ ਵਿਚਰਦਿਆਂ ਅਕਾਲ ਤਖ਼ਤ ਸਾਹਿਬ ਦੇ ਨੇੜੇ-ਤੇੜੇ ਆਪਣੀਆਂ ਮੀਟਿੰਗਾਂ ਕਰਦੇ ਹੁੰਦੇ ਸੀ ਪਰ ਅਕਾਲ ਤਖ਼ਤ ਨੂੰ ਅਸੀਂ ਸਿੱਖਾਂ ਦੀ ਸਾਧਾਰਨ ਜਿਹੀ ਇਮਾਰਤ ਹੀ ਸਮਝਦੇ ਸੀ ਪਰ ਜਦੋਂ ਇਸ ਨੂੰ ਭਾਰਤੀ ਫੌਜਾਂ ਵਲੋਂ ਢਾਹਿਆ ਗਿਆ ਤਾਂ ਮੇਰੀਆਂ ਅੱਖਾਂ ਸਾਹਮਣੇ ਅਕਾਲ ਤਖ਼ਤ ਸਾਹਿਬ ਦਾ ਉਦੋਂ ਦਾ ਦ੍ਰਿਸ਼ ਸਾਕਾਰ ਹੋ ਗਿਆ, ਜਦੋਂ ਮੈਂ ਨਿੱਕਾ ਹੁੰਦਾ ਆਪਣੇ ਮਾਪਿਆਂ ਨਾਲ ਇਕ ਸਿੱਖ ਵਜੋਂ ਸ਼ਰਧਾ ਨਾਲ ਇਥੇ ਸਿਰ ਨਿਵਾਉਣ ਆਇਆ ਸੀ।'

ਇਸੇ ਤਰ੍ਹਾਂ ਮੈਨੂੰ ਭਾਰਤੀ ਵਿਦੇਸ਼ ਸੇਵਾ ਵਿਚ ਰਹੇ ਸ. ਹਰਿੰਦਰ ਸਿੰਘ ਨਾਰਵੇ ਵਲੋਂ ਬਿਆਨ ਕੀਤੀ ਆਪਣੀ ਉਦੋਂ ਦੀ ਮਾਨਸਿਕ ਸਥਿਤੀ ਵੀ ਯਾਦ ਹੈ ਕਿ 'ਨਾਰਵੇ ਵਿਚ ਭਾਰਤ ਦਾ ਸਫੀਰ ਹੁੰਦਿਆਂ ਜਦ ਮੈਨੂੰ ਪਤਾ ਲਗਾ ਕਿ ਉਸ ਦਰਬਾਰ ਸਾਹਿਬ 'ਤੇ ਫੌਜਾਂ ਚੜ ਆਈਆਂ ਤਾਂ ਮੇਰਾ ਹਿਰਦਾ ਵਲੂੰਧਰਿਆ ਗਿਆ ਕਿ ਜਿਥੇ ਮੈਂ ਅਰਦਾਸਾਂ ਕਰ-ਕਰ ਸਫਲਤਾ ਦੇ ਇਸ ਸਿਖਰਲੇ ਮੁਕਾਮ 'ਤੇ ਪਹੁੰਚਿਆਂ, ਉਸ ਨੂੰ ਹੀ ਢਾਹ ਦਿੱਤਾ ਗਿਆ। ਮੈਂ ਤੁਰੰਤ ਭਾਰਤ ਦੀ ਨੌਕਰੀ ਨੂੰ ਲੱਤ ਮਾਰ ਕੇ ਅਖ਼ਬਾਰਾਂ ਵੇਚ ਕੇ ਆਪਣਾ ਗੁਜਾਰਾ ਚਲਾਉਣ ਵਿਚ ਖੁਸ਼ੀ ਹਾਸਲ ਕੀਤੀ।' ਇਸੇ ਮਨੋਦਸ਼ਾ ਅਧੀਨ ਸ. ਹਰਿੰਦਰ ਸਿੰਘ ਸਣੇ ਹੋਰ ਵੀ ਉਚ ਅਹੁਦਿਆਂ 'ਤੇ ਬੈਠੇ ਸਿੱਖ ਸਖਸ਼ਾਂ ਨੇ ਆਪਣੇ-ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ। ਇਸ ਤੋਂ ਇਲਾਵਾ ਭਾਰਤੀ ਹਕੂਮਤ ਦੇ ਇਸ ਮਹਾਂ ਜੁਰਮ ਵਿਰੁੱਧ ਅਨੇਕਾਂ ਉਚ ਸਿੱਖ ਸ਼ਖਸੀਅਤਾਂ ਨੇ ਭਾਰਤ ਵਲੋਂ ਮਿਲੇ ਖ਼ਿਤਾਬ ਵਾਪਸ ਕਰ ਦਿੱਤੇ ਜਿਨ੍ਹਾਂ ਵਿਚੋਂ ਖੁਸ਼ਵੰਤ ਸਿੰਘ, ਡਾ. ਸਾਧੂ ਸਿੰਘ ਹਮਦਰਦ, ਭਗਤ ਪੂਰਨ ਸਿੰਘ ਪਿੰਗਲਵਾੜਾ ਦੇ ਨਾਂਅ ਮੁੱਖ ਤੌਰ 'ਤੇ ਵਰਨਣਯੋਗ ਹਨ। ਫਿਰ ਭਾਰਤੀ ਫੌਜ ਵਿਚ ਮੌਜੂਦ ਸਿੱਖਾਂ ਨੇ ਵੀ ਆਪਣੇ ਗੁਰੂ ਦੇ ਪਾਵਨ ਬਚਨ 'ਜੇ ਜੀਵੇ ਪਤਿ ਲਥੀ ਜਾਇ, ਸਭ ਹਰਾਮ ਜੇਤਾ ਕਿਛ ਖਾਹਿ ॥' ਤੇ ਫੁੱਲ ਚੜ੍ਹਾਉਂਦਿਆਂ ਬਗਾਵਤ ਕਰ ਦਿੱਤੀ। ਸਿੱਖਾਂ ਨੂੰ ਇਹ ਅਫਸੋਸ ਹੋਣ ਲੱਗਾ ਕਿ ਜਿਸ ਦੇਸ਼ ਦੀ ਆਜ਼ਾਦੀ ਖਾਤਰ ਅਸੀਂ 90 ਫੀਸਦੀ ਕੁਰਬਾਨੀਆਂ ਦਿੱਤੀਆਂ, ਜਿਸ ਦੀ ਏਕਤਾ ਤੇ ਅਖੰਡਤਾ ਨੂੰ ਮਹਿਫੂਜ਼ ਰੱਖਣ ਲਈ ਲੜਾਈਆਂ ਵਿਚ ਸੀਨੇ 'ਤੇ ਗੋਲੀਆਂ ਖਾਧੀਆਂ, ਜਿਸ ਦੇ ਆਗੂਆਂ ਦੇ ਸੰਤਾਲੀ ਵੇਲੇ ਕੀਤੇ ਵਾਅਦਿਆਂ 'ਤੇ ਅੱਖਾਂ ਮੀਟ ਕੇ ਯਕੀਨ ਕੀਤਾ, ਉਨ੍ਹਾਂ ਨੇ ਸਾਡਾ ਇਹ ਮੁੱਲ ਪਾਇਆ? ਜੇ ਦਰਬਾਰ ਸਾਹਿਬ ਵਿਚੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਜਾਂ ਉਨਾਂ ਦੇ ਸਾਥੀਆਂ ਨੂੰ ਹੀ ਬਾਹਰ ਕੱਢਣਾ ਸੀ ਤਾਂ ਏਡੇ ਵੱਡੇ ਫੌਜੀ ਹਮਲੇ ਦੀ ਕੀ ਲੋੜ ਸੀ?

ਇਸ ਹਮਲੇ ਲਈ ਸਮਾਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਹੀ ਕਿਉਂ ਚੁਣਿਆ ਗਿਆ ਜਦੋਂ ਦਰਬਾਰ ਸਾਹਿਬ ਅੰਦਰ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਜੁੜੀਆਂ ਹੁੰਦੀਆਂ ਹਨ? ਬਿਲਕੁਲ ਇਸੇ ਹੀ ਸਮੇਂ ਦਰਬਾਰ ਸਾਹਿਬ ਤੋਂ ਇਲਾਵਾ ਹੋਰਾਂ ਮੁੱਖ ਇਤਿਹਾਸਕ ਗੁਰਧਾਮਾਂ 'ਤੇ ਫੌਜੀ ਕਾਰਵਾਈ ਕਿਉਂ ਕੀਤੀ ਗਈ? ਲਗਭਗ 6 ਮਹੀਨੇ ਪਹਿਲਾਂ ਦੇਹਰਾਦੂਨ ਨੇੜੇ ਦਰਬਾਰ ਸਾਹਿਬ ਨਾਲ ਮਿਲਦੀ-ਜੁਲਦੀ ਇਮਾਰਤ ਬਣਾ ਕੇ ਇਸ ਉਤੇ ਧਾਵਾ ਬੋਲਣ ਦਾ ਫੌਜ ਨੂੰ ਉਚੇਚਾ ਅਭਿਆਸ ਕਿਉਂ ਕਰਵਾਇਆ ਗਿਆ, ਜਦੋਂ ਕਿ ਉਦੋਂ ਤਾਂ ਅਕਾਲ ਤਖ਼ਤ ਸਾਹਿਬ ਵਿਖੇ ਖਾੜਕੂਆਂ ਦੀ ਕੋਈ ਮੋਰਚਾਬੰਦੀ ਨਹੀਂ ਹੋਈ ਸੀ, ਜਿਸ ਨੂੰ ਬਹਾਨਾ ਬਣਾ ਕੇ ਸਰਕਾਰ ਨੇ ਇਹ ਹਮਲਾ ਕੀਤਾ? ਭਾਰਤੀ ਫੌਜ ਦਾ ਸਿੱਖਾਂ ਦੇ ਇਤਿਹਾਸਿਕ ਤੇ ਧਾਰਮਿਕ ਗ੍ਰੰਥਾਂ, ਦੁਰਲੱਭ ਹੱਥ ਲਿਖਤ ਬੀੜਾਂ ਤੇ ਖਰੜਿਆਂ ਤੇ ਅਨਮੋਲ ਸਿੱਖ ਸਾਹਿਤ ਤੇ ਵਿਰਾਸਤ ਸਾਂਭੀ ਬੈਠੀ ਸਿੱਖ ਰੈਫਰੈਂਸ ਲਾਇਬਰੇਰੀ ਨਾਲ ਕੀ ਵੈਰ ਸੀ, ਜਿਸ ਨੂੰ ਇਸ ਮੌਕੇ ਸੁਚੇਤ ਤੌਰ 'ਤੇ ਅਤੇ ਬੇਕਿਰਕੀ ਨਾਲ ਸਾੜ ਦਿੱਤਾ ਗਿਆ?

ਇਸ ਮੌਕੇ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਮ ਸਿੱਖ ਸੰਗਤ ਦਾ ਕੀ ਕਸੂਰ ਸੀ ਜਿਸ ਉਤੇ ਭਾਰਤੀ ਫੌਜ ਨੇ ਅਜਿਹੇ ਜੁਲਮ ਢਾਹੇ ਕਿ ਅੰਗਰੇਜ਼ਾਂ ਤੇ ਮੁਗਲਾਂ ਨੂੰ ਵੀ ਮਾਤ ਪਾ ਦਿੱਤੀ? ਕੀ ਇਹ ਭਾਰਤ ਵਿਚ ਸਿੱਖਾਂ ਨੂੰ ਕੋਈ ਵੱਡਾ 'ਸਬਕ' ਸਿਖਾਉਣ ਦੀ ਸਾਜਿਸ਼ ਸੀ? ਕਿਸੇ ਵਿਦਵਾਨ ਨੇ ਕਿਹਾ ਹੈ ਕਿ ਕੋਈ ਰਾਜਾ ਆਪਣੀ ਕਿਸੇ ਉਚੇਚੀ ਕਾਰਵਾਈ ਵਿਚ ਉਦੋਂ ਤੱਕ ਪੂਰੀ ਤਰ੍ਹਾਂ ਕਾਮਯਾਬੀ ਨਹੀਂ ਹਾਸਲ ਕਰ ਸਕਦਾ, ਜਦੋਂ ਤੱਕ ਉਸਦੀ ਪਰਜਾ ਦਾ ਉਸ ਨੂੰ ਲੋੜੀਂਦਾ ਸਮਰਥਨ ਹਾਸਲ ਨਾ ਹੋਵੇ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਇਸ ਹਮਲੇ ਤੋਂ ਬਾਅਦ ਰਾਜੇ (ਕਾਂਗਰਸ) ਨੂੰ ਚੋਣਾਂ ਵਿਚ ਪੂਰੇ ਭਾਰਤ ਵਿਚ ਪਰਜਾ ਦੇ ਮਿਲੇ ਰਿਕਾਰਡ ਤੋੜ ਸਮਰਥਨ ਦੇ ਕੀ ਅਰਥ ਨਿਕਲਦੇ ਹਨ? (ਸਪੱਸ਼ਟ ਹੈ ਕਿ ਭਾਰਤ ਦੀ ਬਹੁਗਿਣਤੀ ਇਸ ਫੌਜੀ ਕਾਰਵਾਈ ਦੇ ਹੱਕ ਵਿਚ ਸੀ।) ਇਨ੍ਹਾਂ ਸਾਰੇ ਸਵਾਲਾਂ ਦੇ ਬਰਕਰਾਰ ਰਹਿਣ ਕਰਕੇ ਆਮ ਸਿੱਖ ਮਾਨਸਿਕਤਾ ਵਿਚ ਭਾਰਤ ਪ੍ਰਤੀ ਬੇਗਾਨਗੀ ਦੀ ਭਾਵਨਾ ਉਪਜਣੀ ਸੁਭਾਵਿਕ ਹੀ ਹੈ। ਪਰ ਸਿੱਖਾਂ ਦੀ ਇਸ ਮਾਨਸਿਕ ਵੇਦਨਾ ਤੇ ਸਮੁੱਚੇ ਵਰਤਾਰੇ ਨੂੰ ਅੱਜ ਤੱਕ ਵੀ ਸਮਝਣ ਦੀ ਇਮਾਨਦਾਰਾਨਾ ਕੋਸ਼ਿਸ਼ ਨਹੀਂ ਕੀਤੀ ਗਈ। ਭਾਰਤੀ ਨਿਜ਼ਾਮ ਦੇ ਪਹਿਰੇਦਾਰਾਂ ਨੇ ਤਾਂ ਕੀ ਕਰਨੀ ਸੀ, ਆਪਣੇ ਆਪ ਨੂੰ ਸਮਾਜਵਾਦੀ ਤੇ ਮਨੁੱਖਤਾਵਾਦੀ ਅਖਵਾਉਂਦੇ ਹਲਕਿਆਂ (ਖਾਸ ਕਰਕੇ ਸਿੱਖ ਪਰਿਵਾਰਾਂ ਵਿਚ ਜਨਮੇ ਤੇ ਪੰਜਾਬ ਨਾਲ ਸਬੰਧਤ) ਨੇ ਵੀ ਅਜਿਹਾ ਨਹੀਂ ਕੀਤਾ।

ਇਸ ਸਮੁੱਚੇ ਘਟਨਾਕ੍ਰਮ ਵਿਚ ਸਿੱਖਾਂ ਦੇ ਪੱਖ ਦੀ ਅਹਿਮੀਅਤ ਨੂੰ ਛਟਿਆਉਣ ਲਈ ਇਸ ਵਰਤਾਰੇ ਨੂੰ ਬੱਸ ਇਹਨਾਂ ਗੱਲਾਂ ਤੱਕ ਸੀਮਤ ਕਰਨ ਦੀ ਮਿਥ ਕੇ ਕੋਸ਼ਿਸ਼ ਕੀਤੀ ਗਈ ਕਿ 'ਸਿੱਖਾਂ ਦੇ ਇਸ ਸੰਘਰਸ਼ ਦਾ ਅਧਾਰ ਫਿਰਕੂ ਸੀ ਤੇ ਇਹ ਹਿੰਦੂਆਂ ਦੇ ਵਿਰੁੱਧ ਸੀ', 'ਭਿੰਡਰਾਂਵਾਲਾ ਕਾਂਗਰਸ ਦੀ ਹੀ ਦੇਣ ਸੀ ਤੇ ਜਦੋਂ ਉਹ ਉਸ ਦੇ ਵਿਰੁੱਧ ਹੋ ਗਿਆ ਤਾਂ ਕਾਂਗਰਸ ਨੇ ਉਸ ਨੂੰ ਮਾਰ ਦਿੱਤਾ', (ਭਾਰਤੀ ਕਮਿਊਨਿਸਟਾਂ ਅਨੁਸਾਰ) 'ਇਸ ਸਿੱਖ ਬਗਾਵਤ ਪਿੱਛੇ ਪਾਕਿਸਤਾਨ ਜ਼ਰੀਏ ਅਮਰੀਕਾ ਵਰਗੇ ਸਾਮਰਾਜੀ ਮੁਲਕਾਂ ਦਾ ਹੱਥ ਸੀ', 'ਇਹ ਬਗ਼ਾਵਤ ਸਿੱਖ ਭਾਈਚਾਰੇ ਦੀਆਂ ਸਮੂਹਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕਰਦੀ ਸੀ, ਸਗੋਂ ਕੁਝ ਕੁ ਤੱਤੇ ਤੇ ਫਿਰਕਾਪ੍ਰਸਤ ਅਨਸਰਾਂ ਦੀ ਦੇਣ ਸੀ' ਵਗੈਰਾ-ਵਗੈਰਾ। (ਵੈਸੇ ਕਈ ਸੁਹਿਰਦ ਤੇ ਨਿਰਪੱਖ ਮੰਨੇ ਜਾਂਦੇ ਮਨੁੱਖਤਾਵਾਦੀ ਹਲਕਿਆਂ ਵੱਲੋਂ ਇਸ ਵਰਤਾਰੇ ਦੀ ਵਿਆਖਿਆ ਭਾਰਤ ਦੇ ਅਧੂਰੇ

ਬਾਕੀ ਸਫ਼ਾ 31 'ਤੇ

# ਮਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਕਬਜ਼ੇ ਦਾ

**ਬਲਕਾਰ ਸਿੰਘ (ਪ੍ਰੋ.)**

**ਸ਼੍ਰੋਮਣੀ ਕਮੇਟੀ ਦੀ ਲੜਾਈ ਸਿਆਸੀ ਸੁਰ ਵਿਚ ਨਹੀਂ, ਧਾਰਮਿਕ ਸੁਰ ਵਿਚ ਹੀ ਲੜੀ ਜਾ ਸਕਦੀ ਹੈ। ਇਸ ਲੜਾਈ ਦਾ ਆਰੰਭ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ ਮੁਖੀ ਤੋਂ ਹੋਣਾ ਚਾਹੀਦਾ ਹੈ ਕਿਉਂਕਿ ਬਾਦਲਕਿਆਂ ਦਾ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਪ੍ਰਬੰਧਕ ਮੁਖੀ ਰਾਹੀਂ ਹੈ। ਇਸ ਵਾਸਤੇ ਪਹਿਲਾ ਕਦਮ ਇਹ ਹੋ ਸਕਦਾ ਹੈ ਕਿ ਪ੍ਰਬੰਧਕ ਮੁਖੀ, ਆਪਣੇ ਸਿਆਸੀ ਪ੍ਰਭੂਆਂ ਨੂੰ ਬਚਾਉਣ ਵਾਸਤੇ ਝੂਠ ਬੋਲਣ ਤੱਕ ਕਿਉਂ ਚਲਾ ਜਾਂਦਾ ਹੈ? ਇਹ ਕਿਸ ਨੂੰ ਨਹੀਂ ਪਤਾ ਕਿ ਬਾਦਲਕਿਆਂ ਦੀ ਮਰਜ਼ੀ ਬਿਨਾਂ ਸ਼੍ਰੋਮਣੀ ਕਮੇਟੀ ਵਿਚ ਕੁਝ ਨਹੀਂ ਹੋ ਸਕਦਾ? ਕਿਉਂ ਨਾ ਪੁੱਛਿਆ ਜਾਵੇ ਕਿ ਚੁਣੇ ਹੋਏ ਅਤੇ ਪਰਖੇ ਹੋਏ ਮੈਂਬਰਾਂ ਨੂੰ ਛੱਡ ਕੇ ਪ੍ਰਧਾਨ ਕਿਉਂ ਬਣਾਇਆ ਗਿਆ ਸੀ?**

ਸਿੱਖ ਸਿਆਸਤ, ਜਿਥੇ ਇਸ ਵੇਲੇ ਪਹੁੰਚ ਗਈ ਹੈ, ਉਸ ਨੇ ਸਿੱਖ ਭਾਈਚਾਰੇ ਨੂੰ ਫੈਸਲੇ ਲੈਣ ਦੀਆਂ ਵਿਰਾਸਤੀ ਵਿਧੀਆਂ ਨਾਲੋਂ ਦੂਰ ਕਰ ਲਿਆ ਹੈ। ਇਸ ਨਾਲ ਸਿੱਖ ਸੁਰ ਵਿਚ ਫੈਸਲੇ ਲੈ ਸਕਣ ਦੀਆਂ ਮੁਸ਼ਕਲਾਂ ਨੂੰ ਸਿਆਸੀ ਢੰਗ ਨਾਲ ਨਿਪਟਾਉਣ ਵਾਲੇ ਰਾਹ ਪਏ ਹੋਏ ਸਿੱਖ ਸਿਆਸਤਦਾਨ, ਉਲਝਣਾਂ ਪੈਦਾ ਕਰੀ ਜਾ ਰਹੇ ਹਨ। ਕੈਪਟਨ ਸਰਕਾਰ ਦੇ ਆ ਜਾਣ ਨਾਲ ਵਿਹਲੇ ਹੋ ਗਏ ਸਿੱਖ ਸਿਆਸਤਦਾਨਾਂ ਨੇ ਜਿਸ ਤਰ੍ਹਾਂ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਅਖਾੜਾ ਬਣਾ ਲਿਆ ਹੈ, ਇਹ ਸਿਆਸੀ ਕਸਰਤ ਤੋਂ ਅੱਗੇ ਤੁਰਦਾ ਨਜ਼ਰ ਨਹੀਂ ਆਉਂਦਾ। ਸਿੱਖ ਸਿਆਸਤਦਾਨਾਂ ਦੀਆਂ ਜਿਹੜੀਆਂ ਧਿਰਾਂ ਕਰਕੇ ਬਾਦਲਕੇ ਲਗਾਤਾਰ ਤਾਕਤ ਵਿਚ ਰਹੇ ਹਨ, ਉਹ ਇਕ ਵਾਰ ਫਿਰ ਬਾਦਲਕਿਆਂ ਕੋਲੋਂ ਸ਼੍ਰੋਮਣੀ ਕਮੇਟੀ ਖੋਹਣ ਦੀ ਸਿਆਸਤ ਕਰਨ ਲੱਗ ਪਈਆਂ ਹਨ। ਇਨ੍ਹਾਂ ਧਿਰਾਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਸਿਆਸੀ ਫੱਟਿਆਂ ਨੇ ਉਨ੍ਹਾਂ ਦੀ ਸਿਆਸੀ ਸਾਖ ਨੂੰ ਲਗਾਤਾਰ ਕਮਜ਼ੋਰ ਕੀਤਾ ਹੈ ਅਤੇ ਇਸ ਕਮਜ਼ੋਰੀ ਦਾ ਬਾਦਲਕਿਆਂ ਨੇ ਲਗਾਤਾਰ ਸਿਆਸੀ ਲਾਹਾ ਲਿਆ ਹੈ। ਬਾਦਲ ਵਿਰੋਧੀਆਂ ਦੀ ਇਹੀ ਕਮਜ਼ੋਰੀ ਬਾਦਲਕਿਆਂ ਦੇ ਕੰਮ ਆਉਂਦੀ ਰਹੀ ਹੈ। ਹੁਣ ਵੀ ਹੋ ਰਹੀਆਂ ਸਿਆਸੀ ਕੋਸ਼ਿਸ਼ਾਂ ਦੀ ਸੇਧ ਜਿੰਨੀ ਬਾਦਲਕਿਆਂ ਦੇ ਖ਼ਿਲਾਫ਼ ਹੈ, ਉਸ ਨਾਲੋਂ ਵੱਧ ਇਕ ਦੂਜੇ ਦੇ ਖ਼ਿਲਾਫ਼ ਹੈ।

ਇਹ ਠੀਕ ਹੈ ਕਿ ਬਾਦਲਾਂ ਦੀ ਸਿਆਸਤ ਕਾਰਨ ਸਿੱਖ ਸਾਖ ਅਤੇ ਸਿਆਸੀ ਸਾਖ ਨੂੰ ਬਹੁਤ ਧੱਕਾ ਲੱਗਿਆ ਹੈ ਅਤੇ ਇਸ ਨਾਲ ਬਾਦਲਕਿਆਂ ਦੇ ਬਦਲ ਲਈ ਨਵੀਂ ਸਪੇਸ ਵੀ ਪੈਦਾ ਹੋ ਗਈ ਹੈ। ਇਹ ਵੀ ਠੀਕ ਹੈ ਕਿ ਇਸ ਸਪੇਸ ਦਾ ਲਾਹਾ ਸ਼੍ਰੋਮਣੀ ਕਮੇਟੀ ਉਤੇ ਸੱਤਾਸ਼ੀਲ ਹੋ ਕੇ ਹੀ ਲਿਆ ਜਾ ਸਕਦਾ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਪੈਦਾ ਹੋਈ ਸਪੇਸ, ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤ ਤੋਂ ਮੁਕਤ ਕਰਾਉਣ ਨਾਲ ਜੁੜੀ ਹੋਈ ਹੈ। ਇਸ ਹਾਲਤ ਵਿਚ ਸ਼੍ਰੋਮਣੀ ਕਮੇਟੀ ਦੇ ਹਵਾਲੇ ਨਾਲ ਸਿਆਸੀ ਬਦਲ ਸਾਹਮਣੇ ਆ ਸਕਣ ਦੀਆਂ ਸੰਭਾਵਨਾਵਾਂ ਬਹੁਤ ਮੱਧਮ ਹਨ। ਪਿਛਲੀ ਕੈਪਟਨ ਸਰਕਾਰ ਵੇਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਵਿਚ ਸਿਆਸੀ ਬਦਲ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਸਨ, ਪਰ ਉਸ ਨੂੰ ਦਿੱਲੀ ਦੇ ਸਿਆਸੀ ਕੇਂਦਰ ਨੇ ਸਿਰੇ ਨਹੀਂ ਚੜ੍ਹਨ ਦਿੱਤਾ ਸੀ। ਇਸ ਦਾ ਅਰਥ ਇਹ ਹੈ ਕਿ ਸ਼੍ਰੋਮਣੀ ਕਮੇਟੀ ਵਿਚ ਪ੍ਰਬੰਧਕੀ ਬਦਲਾਓ, ਸਿਆਸੀ ਸੁਰ ਵਿਚ ਨਹੀਂ ਲਿਆਂਦਾ ਜਾ ਸਕਦਾ। ਸਾਧ ਸੰਗਤ ਬੋਰਡ ਇਸੇ ਕਰਕੇ ਹਾਰਿਆ ਸੀ। ਅਕਾਲੀਆਂ ਦੇ ਸ਼੍ਰੋਮਣੀ ਕਮੇਟੀ ਉਤੇ ਕਬਜ਼ੇ ਦਾ ਭੇਦ ਵੀ ਇਸੇ ਵਿਚ ਲੁਕਿਆ ਹੋਇਆ ਹੈ। ਇਸ ਵਿਚ ਜੋ ਸਫਲਤਾ ਬਾਦਲਕਿਆਂ ਨੂੰ ਮਿਲ ਗਈ ਹੈ, ਉਹ ਆਪਣੀ ਕਿਸਮ ਦੀ ਪਹਿਲੀ ਹੀ ਕਹਿਣੀ ਚਾਹੀਦੀ ਹੈ ਕਿਉਂਕਿ ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਸਰਕਾਰ ਉਤੇ ਕਬਜ਼ਾ ਜਿਸ ਤਰ੍ਹਾਂ ਇਕੱਲੇ ਪ੍ਰਕਾਸ਼ ਸਿੰਘ ਬਾਦਲ ਦਾ ਹੋ ਗਿਆ ਸੀ, ਉਸ ਤਰ੍ਹਾਂ ਹੋਰ ਕਿਸੇ ਸਿੱਖ ਸਿਆਸਤਦਾਨ ਦਾ ਨਹੀਂ ਹੋਇਆ ਸੀ। ਇਸ ਦਾ ਕਾਰਨ ਨਿਰਸੰਦੇਹ ਧਾਰਮਿਕ ਨਹੀਂ, ਸਿਆਸੀ ਹੈ। ਸ਼੍ਰੋਮਣੀ ਕਮੇਟੀ ਦਾ ਵੋਟਰ ਅਕਾਲੀ ਕਾਡਰ ਸੀ ਅਤੇ ਹੈ। ਸਹਿਜਧਾਰੀਆਂ ਬਾਰੇ ਫੈਸਲੇ ਨਾਲ ਇਹ ਹੋਰ ਵੀ ਪੱਕਾ ਹੋ ਗਿਆ ਹੈ। ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਕਾਲੀ ਕਾਡਰ, ਅਕਾਲੀਆਂ ਨਾਲੋਂ ਟੁੱਟਾ ਨਹੀਂ ਸੀ, ਪਰ ਆਮ ਸਿੱਖ ਨੂੰ ਅਕਾਲੀਆਂ ਦੇ ਹੱਕ ਵਿਚ ਭੁਗਤਾ ਨਹੀਂ ਸੀ ਸਕਿਆ। ਚੋਣ ਨਤੀਜਿਆਂ ਵਿਚ ਬਾਦਲਕਿਆਂ ਦੇ ਵਿਰੋਧੀਆਂ ਦਾ ਕੋਈ ਹੱਥ ਨਹੀਂ ਸੀ ਕਿਉਂਕਿ ਉਹ ਪ੍ਰਗਟ ਅਤੇ ਅਪ੍ਰਗਟ ਰੂਪ ਵਿਚ "ਆਪ" ਦੇ ਹੀ ਹਮਾਇਤੀ ਸਨ। ਜਦੋਂ ਅਕਾਲੀ ਦਲ ਕੋਲ ਆਪਣਾ ਖ਼ਾਸ ਵੋਟ ਬੈਂਕ ਮੌਜੂਦ ਹੈ ਤਾਂ ਉਨ੍ਹਾਂ ਨੂੰ ਕਮਜ਼ੋਰ ਧਿਰ ਨਹੀਂ ਮੰਨਿਆ ਜਾਣਾ ਚਾਹੀਦਾ। ਇਸੇ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਾਦਲਕਿਆਂ ਕੋਲੋਂ ਸ਼੍ਰੋਮਣੀ ਕਮੇਟੀ ਖੋਹਣੀ ਓਨੀ ਸੌਖੀ ਨਹੀਂ ਜਿੰਨੀ ਅਪ੍ਰਸੰਗਕ ਹੋ ਚੁੱਕੇ ਸਿੱਖ ਸਿਆਸਤਦਾਨਾਂ ਨੂੰ ਲੱਗਣ ਲੱਗ ਪਈ ਹੈ।

ਸ਼੍ਰੋਮਣੀ ਕਮੇਟੀ ਦੀ ਲੜਾਈ ਸਿਆਸੀ ਸੁਰ ਵਿਚ ਨਹੀਂ, ਧਾਰਮਿਕ ਸੁਰ ਵਿਚ ਹੀ ਲੜੀ ਜਾ ਸਕਦੀ ਹੈ। ਇਸ ਲੜਾਈ ਦਾ ਆਰੰਭ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ ਮੁਖੀ ਤੋਂ ਹੋਣਾ ਚਾਹੀਦਾ ਹੈ ਕਿਉਂਕਿ ਬਾਦਲਕਿਆਂ ਦਾ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਪ੍ਰਬੰਧਕ ਮੁਖੀ ਰਾਹੀਂ ਹੈ। ਇਸ ਵਾਸਤੇ ਪਹਿਲਾ ਕਦਮ ਇਹ ਹੋ ਸਕਦਾ ਹੈ ਕਿ ਪ੍ਰਬੰਧਕ ਮੁਖੀ, ਆਪਣੇ ਸਿਆਸੀ ਪ੍ਰਭੂਆਂ ਨੂੰ ਬਚਾਉਣ ਵਾਸਤੇ ਝੂਠ ਬੋਲਣ ਤੱਕ ਕਿਉਂ ਚਲਾ ਜਾਂਦਾ ਹੈ? ਇਹ ਕਿਸ ਨੂੰ ਨਹੀਂ ਪਤਾ ਕਿ ਬਾਦਲਕਿਆਂ ਦੀ ਮਰਜ਼ੀ ਬਿਨਾਂ ਸ਼੍ਰੋਮਣੀ ਕਮੇਟੀ ਵਿਚ ਕੁਝ ਨਹੀਂ ਹੋ ਸਕਦਾ? ਕਿਉਂ ਨਾ ਪੁੱਛਿਆ ਜਾਵੇ ਕਿ ਚੁਣੇ ਹੋਏ ਅਤੇ ਪਰਖੇ ਹੋਏ ਮੈਂਬਰਾਂ ਨੂੰ ਛੱਡ ਕੇ ਪ੍ਰਧਾਨ ਕਿਉਂ ਬਣਾਇਆ ਗਿਆ ਸੀ? ਬਾਦਲਕਿਆਂ ਦੇ ਲਿਫਾਫੇ ਵਿਚੋਂ ਪ੍ਰਧਾਨ ਨਿਕਲਣ ਨੂੰ ਕਿਵੇਂ ਝੁਠਲਾਇਆ ਜਾ ਸਕਦਾ ਹੈ? ਇਸ ਵੇਲੇ ਸ਼੍ਰੋਮਣੀ ਕਮੇਟੀ ਦੀ ਰੀੜ੍ਹ ਦੀ ਹੱਡੀ ਪ੍ਰਧਾਨ, ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਅਕਾਲ ਤਖਤ ਸਾਹਿਬ ਹਨ। ਇਨ੍ਹਾਂ ਦੋਵਾਂ ਸੰਸਥਾਵਾਂ ਦੇ ਮੁਖੀਆਂ ਦੀ ਕਾਰਗੁਜ਼ਾਰੀ ਬਾਰੇ ਹੋ ਚੁੱਕੇ ਖੁਲਾਸੇ ਆਮ ਸਿੱਖ ਤੱਕ ਪਹੁੰਚ ਚੁੱਕੇ ਹਨ। ਇਸ ਦੇ ਬਾਵਜੂਦ ਇਨ੍ਹਾਂ ਮੁਖੀਆਂ ਨੂੰ ਕੋਈ ਖ਼ਤਰਾ ਨਹੀਂ ਹੈ ਕਿਉਂਕਿ ਬਾਦਲਕੇ ਉਨ੍ਹਾਂ ਦੇ ਨਾਲ ਹਨ ਅਤੇ ਬਾਦਲਕਿਆਂ ਕਰਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਰਾਸਤਾ ਅੰਤ੍ਰਿੰਗ ਕਮੇਟੀ ਉਨ੍ਹਾਂ ਦੇ ਨਾਲ ਹਨ।

ਸ਼੍ਰੋਮਣੀ ਕਮੇਟੀ 'ਤੇ ਕਬਜ਼ੇ ਨੂੰ ਲੈ ਕੇ ਸਿੱਖ ਸਿਆਸਤਦਾਨਾਂ ਦੇ ਝਗੜੇ ਨੂੰ ਪੰਥਕ ਮੁੱਦਾ ਨਹੀਂ ਬਣਾਇਆ ਜਾ ਸਕਦਾ। ਇਸੇ ਕਰਕੇ ਕਥਿਤ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਨੂੰ ਵੀ ਕੋਈ ਜਥੇਦਾਰ ਨਹੀਂ ਮੰਨਦਾ। ਹੋਇਆ ਇਹ ਹੈ ਕਿ ਜਥੇਦਾਰ ਥਾਪੇ ਜਾਣ ਤੋਂ ਪਹਿਲਾਂ ਜਿਸ ਦੀ ਜਿੰਨੀ ਕੁ ਵੀ ਪੰਥਕ ਸਾਖ ਸੀ, ਉਹ ਵੀ ਖੁਰਦੀ ਜਾ ਰਹੀ ਹੈ। ਮੁਸ਼ਕਲ ਇਹ ਹੈ ਕਿ ਫੱਟੇਬਾਜ਼ੀ ਦੀ ਸਿੱਖ ਸਿਆਸਤ ਨੇ ਸਾਂਝੀ ਸਮਝ ਤੇ ਪਹੁੰਚ ਲਈ ਲੋੜੀਂਦੇ ਸਿੱਖ-ਸੰਵਾਦ ਦਾ ਰਾਹ ਹੀ ਰੋਕ ਦਿੱਤਾ ਹੈ। ਨਤੀਜਾ ਇਹ ਨਿਕਲ ਆਇਆ ਹੈ ਕਿ ਜਿਸ ਨੂੰ ਜਿੰਨਾ ਘੱਟ ਪਤਾ ਹੈ, ਉਹ ਓਨਾ ਹੀ ਉਚਾ ਤੇ ਵੱਧ ਬੋਲਣ ਦੀ ਕੋਸ਼ਿਸ਼ ਕਰਦਾ ਹੈ। ਸਿਆਸੀ ਕਾਵਾਂ-ਰੌਲੀ ਵਿਚ ਅਸਲ ਮੁੱਦੇ ਗੁਆਚਦੇ ਜਾ ਰਹੇ ਹਨ। ਜਿਹੜੇ ਇਸੇ ਨੂੰ ਸਿਆਸਤ ਸਮਝ ਕੇ ਤੁਰੇ ਜਾ ਰਹੇ ਹਨ, ਉਨ੍ਹਾਂ ਤੋਂ ਬਹੁਤੀ ਆਸ ਨਹੀਂ ਰੱਖਣੀ ਚਾਹੀਦੀ।

ਇਸ ਪਿਛੋਕੜ ਵਿਚ ਇਹ ਸੋਚੇ ਜਾਣ ਦੀ ਲੋੜ ਹੈ ਕਿ ਕੀ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਬਚਾਇਆ ਜਾ ਸਕਦਾ ਹੈ? ਇਸ ਦੇ ਜਵਾਬ ਨਾਲ ਜੁੜੀਆਂ ਹੋਈਆਂ ਧਿਰਾਂ ਵਿਚ ਸਿੱਖ, ਸਿੱਖ ਪਰਿਵਾਰ, ਸਿੱਖ ਸਮਾਜ ਅਤੇ ਸਿੱਖ ਸਿਆਸਤ ਸ਼ਾਮਲ ਹਨ। ਪਹਿਲੀਆਂ ਤਿੰਨ ਧਿਰਾਂ ਦਾ ਚੌਥੀ ਨੇ ਅਪਹਰਣ ਕਰ ਲਿਆ ਹੈ। 1925 ਦੇ ਗੁਰਦੁਆਰਾ ਐਕਟ ਵਿਚ ਇਸ ਦੀਆਂ ਸੰਭਾਵਨਾਵਾਂ ਪਈਆਂ ਹਨ ਅਤੇ ਜੋ ਹੋਇਆ ਹੈ, ਉਸ ਦੇ ਮੁਤਾਬਿਕ ਹੀ ਹੋਇਆ ਹੈ। ਸਿੱਖ ਦਾ ਸਿੱਖ ਵੋਟਰ ਹੋ ਜਾਣ ਦਾ ਸਿਆਸੀ ਅਮਲ, ਜਿੱਥੇ ਪਹੁੰਚ ਗਿਆ ਹੈ, ਇਸ ਤਰ੍ਹਾਂ ਪਹਿਲਾਂ ਕਦੇ ਵੀ ਨਹੀਂ ਪਹੁੰਚਿਆ ਸੀ। ਸੋਚਿਆ ਜਾਣਾ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਇਕ ਕਾਂਗਰਸੀ ਜਥੇਦਾਰ ਊਧਮ ਸਿੰਘ ਨਾਗੋਕੇ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਇਕ ਕਾਂਗਰਸੀ ਗਿਆਨੀ ਗੁਰਮੁਖ ਸਿੰਘ ਮੁਸਾਫਰ ਵੇਲੇ ਜੋ ਨੁਕਸਾਨ ਨਹੀਂ ਹੋਏ ਸਨ, ਉਹ ਬਾਦਲਕਿਆਂ ਵੇਲੇ ਕਿਵੇਂ ਹੋਣ ਲੱਗ ਪਏ ਹਨ? ਇਹੋ ਜਿਹੇ ਸਵਾਲਾਂ ਬਾਰੇ ਕਦੇ ਕਦੇ ਜਥੇਦਾਰ ਟੌਹੜਾ ਬੇਬਾਕ ਟਿੱਪਣੀਆਂ ਕਰ ਜਾਂਦੇ ਸਨ। ਉਨ੍ਹਾਂ ਦਾ ਮੱਤ ਸੀ ਕਿ ਬਾਦਲਕਿਆਂ ਤੋਂ ਸ਼੍ਰੋਮਣੀ ਕਮੇਟੀ ਨਹੀਂ ਖੋਹੀ ਜਾ ਸਕਦੀ ਕਿਉਂਕਿ ਸ਼੍ਰੋਮਣੀ ਕਮੇਟੀ ਚੋਣਾਂ, ਗ਼ਰੀਬ ਸਿੱਖ ਦੇ ਵੱਸ ਵਿਚ ਨਹੀਂ ਰਹੀਆਂ। ਦੱਸਦੇ ਹੁੰਦੇ ਸਨ ਕਿ ਮੈਂਬਰਾਂ ਲਈ ਫ਼ੈਸਲਾ 60 ਤੇ 40 ਦਾ ਹੁੰਦਾ ਹੈ ਅਤੇ ਸੱਚ 70 ਤੇ 30 ਵਿਚ ਉਘੜਦਾ ਹੈ ਕਿਉਂਕਿ ਬਾਦਲ ਸਾਹਿਬ ਦੇ ਬੰਦਿਆਂ ਨੂੰ "ਜਿਸ ਤਰ੍ਹਾਂ ਮੈਨੂੰ ਟਿਕਟਾਂ ਦੇਣੀਆਂ ਪੈਂਦੀਆਂ ਹਨ, ਉਸ ਤਰ੍ਹਾਂ ਮੈਂ ਆਪਣੇ ਬੰਦਿਆਂ ਨੂੰ ਟਿਕਟਾਂ ਬਾਦਲ ਸਾਹਿਬ ਤੋਂ ਨਹੀਂ ਦਿਵਾ ਸਕਦਾ।" ਜੇ ਜਥੇਦਾਰ ਟੌਹੜਾ ਵੇਲੇ ਇਹ ਹਾਲ ਸੀ ਤਾਂ ਹੁਣ ਮੈਦਾਨ ਹੀ ਖਾਲੀ ਹੈ। ਖਾਲੀ ਮੈਦਾਨ ਵਿਚ ਇੱਛਾਵਾਂ ਦੇ ਘੋੜੇ ਤੇ ਚੜ੍ਹੇ ਸਿੱਖ ਸਿਆਸਤਦਾਨਾਂ ਨੂੰ ਕੌਣ ਸਮਝਾਵੇ ਕਿ ਪੈਰਾਂ ਦਾ ਧਿਆਨ ਰੱਖਕੇ ਕਦਮ ਚੁੱਕੋ? ਅਸਲ ਵਿਚ ਸਿਆਸਤ ਵਿਹਲਿਆਂ ਦਾ ਧੰਦਾ ਹੋ ਗਈ ਹੈ ਅਤੇ ਸਿਆਸਤ ਓਹੀ ਕਰ ਸਕਦਾ ਹੈ, ਜੋ ਧੰਦਾ ਦੇ ਸਕਣ ਦਾ ਮਾਲਕ ਹੋ ਗਿਆ ਹੈ। ਮਾਲਕ ਦੇ ਕਬਜ਼ਿਆਂ ਦੀ ਲੜਾਈ ਨੂੰ ਹੀ ਸਿਆਸਤ ਸਮਝਿਆ ਜਾਣ ਲੱਗ ਪਿਆ ਹੈ। ਸਿਆਸੀ ਪਾਰਟੀਆਂ ਦੇ ਨਿਸ਼ਾਨ 'ਤੇ ਲੜੀਆਂ ਜਾਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਨਾਲ ਸਿਆਸਤ, ਸਿੱਖ ਸੁਭਾਅ ਦਾ ਹਿੱਸਾ ਬਣ ਗਈ। ਇਸੇ ਕਰਕੇ ਜੋ ਚੋਣ ਨਹੀਂ ਜਿੱਤ ਸਕਦਾ, ਉਹ ਵੀ ਪ੍ਰਧਾਨ ਬਣ ਸਕਦਾ ਹੈ ਅਤੇ ਜੋ ਪ੍ਰਧਾਨ ਬਣ ਜਾਂਦਾ ਹੈ ਉਹ ਅਕਾਲੀ ਦਲ ਦਾ ਕਾਮਾ ਹੋ ਜਾਂਦਾ ਹੈ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ, ਸਿੱਖ ਸਿਆਸਤ ਵਿਚ ਨਿਓਟਿਆਂ ਦੀ ਓਟ ਹੋ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਹਵਾਲੇ ਨਾਲ ਅਸਲ ਮੁੱਦਾ, ਪੰਥਨੁਮਾ ਸਿਆਸਤ ਅਤੇ ਸਿਆਸਤਨੁਮਾ ਪੰਥਕਤਾ ਦਾ ਭੇੜ ਹੋ ਗਿਆ ਹੈ। ਇਸ ਨਾਲ ਸਿੱਖ ਪਛਾਣ ਨੂੰ ਸਿੱਖ ਨੈਤਿਕਤਾ ਉਤੇ ਪਹਿਲ ਪ੍ਰਾਪਤ ਹੋ ਗਈ ਹੈ; ਪਰਿਵਾਰਕ ਭਲਾਈ, ਕੌਮੀ ਭਲਾਈ ਉਤੇ ਭਾਰੂ ਹੋ ਗਈ ਹੈ ਅਤੇ ਸਿੱਖ ਸਭਿਆਚਾਰ ਅਤੇ ਸਿਆਸੀ ਸਭਿਆਚਾਰ ਰਲ-ਗੱਡ ਹੋ ਗਏ ਹਨ। ਸਿੱਖ ਸਿਆਸਤਦਾਨਾਂ ਲਈ ਸੱਤਾ ਵਿਚ ਰਹਿਣਾ ਹੀ ਮੰਜ਼ਿਲ ਹੋ ਗਿਆ ਹੈ ਅਤੇ ਇਸ ਵਾਸਤੇ ਕੁਝ ਵੀ ਕੀਤਾ ਜਾ ਸਕਦਾ ਹੈ। ਸਿਆਸਤ, ਮਾਨਸਿਕਤਾ ਦਾ ਵਰਤਾਰੇ ਮੁਤਾਬਿਕ ਢਲ ਜਾਣ ਦੀ ਕਲਾ ਹੈ ਅਤੇ ਧਰਮ ਅਤੇ ਸਿਆਸਤ ਨੂੰ ਧਰਮ ਦੀ ਕੀਮਤ 'ਤੇ ਹੀ ਇਕੱਠਿਆਂ ਤੋਰਿਆ ਜਾ ਸਕਦਾ ਹੈ। ਵਿਸ਼ਵਾਸ ਅਤੇ ਵਿਧਾਨਿਕਤਾ ਵਿਚਕਾਰ ਉਲਝੀ ਹੋਈ ਸ਼੍ਰੋਮਣੀ ਕਮੇਟੀ ਕਸੂਤੀ ਫਸੀ ਹੋਈ ਹੈ। ਸਿੱਖ ਸਿਆਸਤਦਾਨ, ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਸਾਹਿਬ ਇਕ ਦੂਜੇ ਦੀ ਇਕਸੁਰਤਾ ਵਿਚੋਂ ਨਿਕਲ ਕੇ ਆਪ-ਸਹੇੜੇ ਤਣਾਉ ਦਾ ਸ਼ਿਕਾਰ ਹੋ ਗਏ ਹਨ। ਤਿੰਨੇ ਇਕ ਦੂਜੇ ਨੂੰ ਵਰਤਣ ਦੀ ਕੋਸ਼ਿਸ਼ ਵਿਚ ਇਕ ਦੂਜੇ ਵੱਲੋਂ ਵਰਤੇ ਜਾ ਰਹੇ ਹਨ। ਇਸ ਹਾਲਤ ਵਿਚ ਨਵੀਂ ਧਿਰ ਦੀ ਗੁੰਜਾਇਸ਼ ਪੈਦਾ ਹੋ ਗਈ ਹੈ।

ਇਸੇ ਨੂੰ ਲੈ ਕੇ ਹਾਸ਼ੀਏ 'ਤੇ ਧੱਕੇ ਹੋਏ ਸਿੱਖ ਸਿਆਸਤਦਾਨਾਂ ਨੇ ਆਪਾਧਾਪੀ ਮਚਾ ਦਿੱਤੀ ਹੈ। ਇਸ ਆਪਾਧਾਪੀ ਦੇ ਮਾਹੌਲ ਵਿਚ ਜਿਹੜੀਆਂ ਸਿੱਖ ਧਿਰਾਂ ਚੁੱਪ ਬੈਠੀਆਂ ਹਨ, ਉਨ੍ਹਾਂ ਨਾਲ ਸੰਵਾਦ ਰਚਾਏ ਜਾਣ ਦੀ ਲੋੜ ਹੈ। ਸਿਰ ਜੋੜਕੇ ਬੈਠਣ ਨਾਲ ਰਾਹ ਨਿਕਲਦੇ ਰਹੇ ਹਨ ਅਤੇ ਨਿਕਲ ਸਕਦੇ ਹਨ। ਸਮੱਸਿਆ ਇਹ ਹੈ ਕਿ ਜਿਸ ਕਿਸੇ ਦੀ ਸਿੱਖ ਸਾਖ ਬਣਨ ਲੱਗਦੀ ਹੈ, ਸਿੱਖ ਸਿਆਸਤਦਾਨ ਉਸ ਨੂੰ ਨਾਲ ਲੈ ਕੇ ਆਪਣੇ ਵਰਗਾ ਕਰ ਲੈਂਦੇ ਹਨ। ਜੋ ਸਿਆਸਤਦਾਨ ਨੂੰ ਠੀਕ ਨਹੀਂ ਬੈਠਦਾ, ਉਸ ਨੂੰ ਸਬਕ ਸਿਖਾਉਣ ਦੇ ਰਾਹ ਪਾ ਲਿਆ ਜਾਂਦਾ ਹੈ। ਇਸ ਹਾਲਤ ਵਿਚ ਇਹੀ ਸਲਾਹ ਦਿੱਤੀ ਜਾ ਸਕਦੀ ਹੈ ਕਿ ਕੁਝ ਕਰਕੇ ਸੋਚਣ ਦੀ ਥਾਂ ਸੋਚ ਕੇ ਕਰਨ ਵਾਲੇ ਰਾਹ ਤੁਰਨਾ ਚਾਹੀਦਾ ਹੈ। ਅਜਿਹਾ ਬਾਣੀ ਦੀ ਅਗਵਾਈ ਵਿਚ ਸੌਖਿਆ ਹੋ ਸਕਦਾ ਹੈ ਕਿਉਂਕਿ ਸਿੱਖ ਵਿਸ਼ਵਾਸ ਦੀ ਇਹ ਧਰੋਹਰ, ਸਿੱਖ ਸਿਆਸਤਦਾਨਾਂ ਤੋਂ ਇਸ ਕਰਕੇ ਬਚੀ ਹੋਈ ਹੈ ਕਿਉਂਕਿ ਉਨ੍ਹਾਂ ਅੰਦਰ ਵੀ ਗੁਰੂ ਦਾ ਨਿਰਮਲ ਭਉ ਅਜੇ ਮਰਿਆ ਨਹੀਂ ਹੈ।

(ਲੇਖਕ ਪੰਜਾਬੀ ਯੂਨੀਵਰਸਿਟੀ ਦਾ ਸਾਬਕਾ ਪ੍ਰੋਫੈਸਰ ਹੈ)



# ਦਰਬਾਰ ਸਾਹਿਬ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਨਵਾਂ ਰੰਗ ਰੋਗਨ

## ਸਾਕਾ ਨੀਲਾ ਤਾਰਾ ਦੀ ਯਾਦ ਵਜੋਂ ਬਚੀ ਹੈ ਇਕੋ-ਇਕ ਡਿਓਢੀ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਸਥਾਪਤ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਨਵਾਂ ਰੰਗ ਰੋਗਨ ਕਰਵਾਉਣ ਮਗਰੋਂ ਹੁਣ ਇੱਥੇ ਅਕਾਲ ਤਖਤ ਨੇੜੇ ਸਿਰਫ਼ ਇਕ ਡਿਓਢੀ ਹੀ ਜੂਨ 1984 ਦੇ ਫੌਜੀ ਹਮਲੇ ਦੀ ਯਾਦ ਬਚੀ ਹੈ ਜਦਕਿ ਬਾਕੀ ਇਮਾਰਤਾਂ 'ਤੇ ਰੰਗ ਰੋਗਨ ਹੋ ਚੁੱਕੇ ਹਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ 6 ਜੂਨ ਨੂੰ ਹੋਣ ਵਾਲੇ ਸ਼ਹੀਦੀ ਸਮਾਗਮ ਲਈ ਇੱਥੇ ਅਖੰਡ ਪਾਠ ਆਰੰਭ ਕੀਤੇ ਗਏ ਹਨ। 33 ਸਾਲ ਪਹਿਲਾਂ ਹੋਏ ਇਸ ਫੌਜੀ ਹਮਲੇ ਦੀਆਂ ਯਾਦਾਂ ਵਜੋਂ ਸ਼੍ਰੋਮਣੀ ਕਮੇਟੀ ਵੱਲੋਂ ਸੰਭਾਲ ਕੇ ਰੱਖੀਆਂ ਇਮਾਰਤਾਂ ਵਿਚੋਂ ਸਿਰਫ ਇਕ ਡਿਓਢੀ ਹੀ ਜਿਵੇਂ ਦੀ ਤਿਵੇਂ ਰੱਖੀ ਹੋਈ ਹੈ। ਅਕਾਲ ਤਖ਼ਤ ਨੇੜੇ ਬਣੀ ਇਸ ਡਿਓਢੀ ਨੂੰ ਆਟਾ ਮੰਡੀ ਵੱਲ ਜਾਂਦੀ ਡਿਓਢੀ ਤੇ ਸ਼੍ਰੋਮਣੀ ਕਮੇਟੀ ਵੱਲੋਂ ਖਜ਼ਾਨਾ ਡਿਓਢੀ ਆਖਿਆ ਜਾਂਦਾ ਰਿਹਾ ਹੈ। ਇਸ ਇਮਾਰਤੀ ਹਿੱਸੇ 'ਤੇ ਉਸ ਵੇਲੇ ਦੀ ਗੋਲੀਬਾਰੀ ਦੇ ਨਿਸ਼ਾਨ ਅੱਜ ਵੀ ਦੇਖੇ ਜਾ ਸਕਦੇ ਹਨ। ਉਸ ਵੇਲੇ ਫੌਜ ਦਾ ਮੁੱਖ ਨਿਸ਼ਾਨਾ ਅਕਾਲ ਤਖ਼ਤ ਸੀ, ਜਿਸ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਹੋਰ ਸਾਥੀ ਹਾਜ਼ਰ ਸਨ। ਉਸ ਵੇਲੇ ਗੋਲੀਬਾਰੀ ਨਾਲ ਅਕਾਲ ਤਖ਼ਤ ਦੀ ਸਮੁੱਚੀ ਇਮਾਰਤ ਨੁਕਸਾਨੀ ਗਈ ਸੀ, ਜਿਸ ਨੂੰ ਬਾਅਦ ਵਿਚ ਮੁੜ ਉਸਾਰਿਆ ਗਿਆ ਸੀ ਪਰ ਇਸ ਇਮਾਰਤ ਦੇ ਥੜ੍ਹੇ ਨੂੰ ਗੁਰੂ ਵੇਲੇ ਦੀ ਨਿਸ਼ਾਨੀ ਵਜੋਂ ਸੰਭਾਲ ਲਿਆ ਗਿਆ ਸੀ। ਇਸੇ ਤਰ੍ਹਾਂ ਪਰਿਕਰਮਾ, ਦਰਸ਼ਨੀ ਡਿਓਢੀ, ਲੰਗਰ ਹਾਲ, ਰਾਮਗੜ੍ਹੀਆ ਬੂੰਗੇ 'ਤੇ ਤਾਂ ਪਹਿਲਾਂ ਹੀ ਰੋਗਨ ਹੋ ਗਿਆ ਸੀ ਪਰ ਇਨ੍ਹਾਂ ਵਿਚੋਂ ਕਈ ਇਮਾਰਤਾਂ 'ਤੇ ਗੋਲੀਆਂ ਦੇ ਨਿਸ਼ਾਨ ਸੰਭਾਲ ਕੇ ਰੱਖੇ ਹੋਏ ਹਨ। ਸਰਦਾਰ ਤੇਜਾ ਸਿੰਘ ਸਮੁੰਦਰੀ ਹਾਲ ਦੀ ਇਮਾਰਤ ਜਿਸ ਉੱਪਰ ਗੋਲੀਆਂ ਦੇ ਨਿਸ਼ਾਨ ਵੀ ਹਨ ਅਤੇ ਇਸ ਵਿੱਚ ਅੱਗ ਵੀ ਲਗ ਗਈ ਸੀ, ਦੀ ਬਾਹਰੀ ਦਿੱਖ ਨੂੰ ਸੰਭਾਲ ਕੇ ਰੱਖਿਆ ਹੋਇਆ ਸੀ। ਮੁਰੰਮਤ ਦੌਰਾਨ ਇਸ ਇਮਾਰਤ 'ਤੇ ਲੱਗੇ ਗੋਲੀਆਂ ਦੇ ਨਿਸ਼ਾਨ ਸਾਂਭ ਲਏ ਗਏ ਹਨ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਅਤੇ ਪ੍ਰਧਾਨ ਦੇ ਨਿੱਜੀ ਸਕੱਤਰ ਸੁਖਦੇਵ ਸਿੰਘ ਭੂਰਾਕੋਨਾ ਨੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਹਵਾਲੇ ਨਾਲ ਦੱਸਿਆ ਕਿ ਇਸ ਡਿਓਢੀ ਨੂੰ ਜਿਵੇਂ ਦੀ ਤਿਵੇਂ ਸੰਭਾਲ ਕੇ ਰੱਖਣ ਲਈ ਇਸ ਦੇ ਦੁਆਲੇ ਸ਼ੀਸ਼ਾ ਲਗਵਾਇਆ ਜਾਵੇਗਾ। ਇਸੇ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ ਤੇ ਹੋਰਨਾਂ ਇਮਾਰਤਾਂ 'ਤੇ ਲੱਗੀਆਂ ਗੋਲੀਆਂ ਦੇ ਨਿਸ਼ਾਨ ਵੀ ਸਾਂਭੇ ਜਾਣ ਦੀ ਯੋਜਨਾ ਹੈ।


ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ
ਨਗਰ ਕੀਰਤਨ
Nagar Kirtan
SAN FRANCISCO
ਐਤਵਾਰ 11 ਜੂਨ 2017 ਨੂੰ ਸੈਨ ਫ੍ਰਾਂਸਿਸਕੋ ਵਿਖੇ
Start 11AM at 50 2nd Street ਤੋਂ ਸਿਵਿਕ ਸੈਂਟਰ ਤੱਕ
ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਹਨਾਂ ਵਲੋਂ ਪਾਏ ਪੂਰਨਿਆਂ ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿੱਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿੱਚ 11 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿੱਚ ਹਰ ਸਾਲ ਦੀ ਤਰਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।
ਏਕ ਨੂਰ ਸੇਵਾ ਸੁਸਾਇਟੀ ਵਲੋਂ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ ਨੂੰ ਆਈਸ ਕਰੀਮ ਵਰਤਾਈ ਜਾਵੇਗੀ।
PADAM BUILDERS INC.
3143 Arden Rd., HAYWARD, CA 94545
Please visit for:
NEW CONSTRUCTION,
HOME REMODLING, CUSTOM KITCHEN,
SELL PRE MADE KITCHEN CABINET,
FLOOR COVERING ALL TYPE.
Bhopinder Singh Padam
Cell: 510.565.6667


San Francisco
REMEMBRANCE MARCH
JUNE 11, 2017
11AM AT 50 2ND STREET, SAN FRANCISCO
FOLLOWED BY RALLY AT CIVIC CENTER PLAZA
In the loving memory of
MARTYDOM
of Guru Arjan Dev for faith, freedom & justice.
THOUSANDS OF SIKHS
men, women & children who never returned home.
From: Gurinderjit Singh Manna, Manjit Singh, Gurmail Singh Dhesi, Dr. Ranjeet Singh & Kulwant Singh
Sikh Youth of America


ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ
ਨਗਰ ਕੀਰਤਨ
NAGAR KIRTAN
SAN FRANCISCO
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀਂ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋ ਜਾਣੂ ਕਰਵਾਓ।
ਐਤਵਾਰ 11 ਜੂਨ 2017 ਨੂੰ ਸੈਨ ਫ੍ਰਾਂਸਿਸਕੋ ਵਿਖੇ
Start 11AM at 50 2nd Street ਤੋਂ ਸਿਵਿਕ ਸੈਂਟਰ ਤੱਕ
SUNDAY • JUNE 11, 2017 • SAN FRANCISCO
ਬੇਨਤੀ ਕਰਤਾ
ਕਸ਼ਮੀਰ ਸਿੰਘ ਸ਼ਾਹੀ
Almeda County Commissioner
Direct: (510) 299-7982 Fax: (510) 441-1115




## ਇਸ ਮਹਾਨ ਨਗਰ ਕੀਰਤਨ ’ਚ ਹਿੱਸਾ ਲੈ ਰਹੇ ਗੁਰਦੁਆਰਾ ਸਾਹਿਬਾਨ, ਪੰਥਕ ਜਥੇਬੰਦੀਆਂ ਅਤੇ ਸੰਸਥਾਵਾਂ

**Gurdwara Sahib Fremont : 510-790-0177, Sikh Center of San Francisco Bay Area El Sobrante : 510-223-9987, Gurdwara Sahib of San Jose Sukhdev Singh Beniwal : 408-421-9463, Gurdwara Sahib of Hayward : 510-585-7730, Gurdwara Sahib Singh Sabha Bay Area Milpitas Jaswant Singh Hothi : 408-898-7056, Gurdwara Sahib South San Francisco : 415-533-6086, Sri Guru Ravidass Temple Pittsburg Sikhdev Singh : 925-354-9025, Gurudwara Sahib of Bay Point : 925-261-1272, Sikh Gurdwara Sahib Stockton Jatinder Singh : 209-993-7954, Sikh Temple Turlock Gurjit Singh : 209-585-9168, Gurdwara Sacramento Sikh Society Bradshaw Balwant Singh Virk : 916-529-4795, Sikh Temple Fairfield : 707-421-0707, Capital Sikh Center Sacramento Gurtej Singh : 916-276-1440, Gurdwara Guru Nanak Prakash Tracy Deep Singh : 2093464270, Gurdwara Dashmesh Darbar Tracy Surinder Singh Atwal : 209-321-5476, Gurdwara Gurmat Parkash Manteca Jarnail Singh : 209-321-1733, Deshmesh Darbar Sikh Temple Lodi : 209-629-5415, Gurdwara Sri Sachkhand Sahib Roseville Ravinder Singh : 916-521-0300, Gurdwara Parmeshar Dawar Madera Surinderpal Singh Nijjar : 559-479-1804, Sikh Center of the Pacific Coast Selma Charanjeet Singh Sahota : 559-779-8215, Gurdwara Guru Kalgidhar Sahib Selma Bhupinder Singh Khalsa : 559-352-6698, Gurdwara Guru Nanak Prakash Fresno Jagroop Singh : 209-648-4994, Sikh Temple of Yuba City Tiera Buena :530-673-7944, Sri Guru Nanak Sikh Temple Bogue Road Yuba City : 530-300-8584, Gurdwara Sahib Modesto : 209-538-4100, Gurdwara Sahib Sikh Temple West Sacramento Darshan Singh Mundi : 916-417-8860, Guru Ravidass Temple, Selma Rajinder Singh : 559-891-8286, Gurdwara Singh Sabha, Fresno Malkit Singh : 559-394-8372, Gurdwara Nanaksar Sahib Baba Kartar Singh : 559-442-9323, United Sikhs, SALDEF, Jakara Organisation, Sikh Sewa Society, Sikh Coalition, Ensaaf, Sikh Youth of America**




# Scholarships Awards

**For students graduated in year 2017 from High/Middle school in Southern California, with one or both parents being Sikhs**

For application forms, guidelines for applicants, or more information, send email to:scholarshipandawards@gmail.com

## Academic Excellence Awards

*High School Graduates – TenAwards $1000 - $2500*

Middle School (8th grade) Graduates – Five Awards$250 - $600

### Eligibility Criteria:

*GPA B or higher for Academic Excellence Awards, C or higher for Outstanding Achievement Awards,&one or both parents being Sikhs*

## Outstanding Achievement Awards

*High School Graduates:$750*
*1-Sports;2-Visual & Performing Arts;*
*3-Community Service*

*Special Awards:$200/each for Perfect score in SAT*
*$100/each for 80% or higher score on quiz*
*(quiz material supplied in advance)*

**Middle School Graduates:**Visual & Performing Arts
*Two ($250 and $200), $100/each for 80% or higher score on quiz (quiz material supplied in advance)*

Last date for receipt of completed applications: **Monday,July 23, 2017**

**Winners to receive awards at a Gala Lunch event**

**August 6, 2017 at 11 am**

**For More Info Call : Gurcharan Bains 661-877-6461, Sukhi Sandhu 805-402-5050, Baljit Toor 909-844-1600, Gurcharan Singh Dhillon 661-586-6485, Kajal Kalra 949-244-6452**

**Sponsored by: Sikh American Heritage Society**

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਮਨਾਉਂਦੇ ਹੋਏ 1984 ਦੇ ਸਿੱਖ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ



# ਮਹਾਨ ਨਗਰ ਕੀਰਤਨ

## 11 ਜੂਨ, 2017 ਦਿਨ ਐਤਵਾਰ

ਨੂੰ ਸਨ ਫਰਾਂਸਿਸਕੋ ਵਿਖੇ ਸਜਾਇਆ ਜਾ ਰਿਹਾ ਹੈ। ਨਗਰ ਕੀਰਤਨ 50 2nd Street ਤੋਂ ਸਵੇਰੇ 11 ਵਜੇ ਆਰੰਭ ਹੋ ਕੇ ਸਿਵਿਕ ਸੈਂਟਰ 'ਚ ਸਮਾਪਤ ਹੋਵੇਗਾ।





## ਸਤਿਕਾਰਯੋਗ ਸਾਧ ਸੰਗਤ ਜੀਓ,

ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਦੇ ਸ਼ਹੀਦਾਂ ਤੇ ਸ਼ਹੀਦੀ ਸਾਕਿਆਂ ਨੂੰ ਭੁੱਲ ਜਾਂਦੀਆਂ ਨੇ, ਉਹ ਇਤਿਹਾਸ ਦੇ ਪੰਨਿਆਂ ਤੋਂ ਸਦਾ ਵਾਸਤੇ ਖ਼ਤਮ ਹੋ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਲੱਖਾਂ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੈਨ ਫਰਾਂਸਿਸਕੋ, ਡਾਊਨ ਟਾਊਨ ਵਿਚ ਸੈਕੰਡ ਸਟਰੀਟ ਅਤੇ ਮਾਰਕਿਟ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਕ ਸੈਂਟਰ ਦੇ ਸ਼ਾਨਦਾਰ ਮੈਦਾਨ ਤੱਕ ਇਕ ਮਹਾਨ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਿਲ ਹੋਣ ਲਈ ਹਾਰਦਿਕ ਬੇਨਤੀ ਕੀਤੀ ਜਾਂਦੀ ਹੈ।





ਜਥੇਦਾਰ ਬਾਬਾ ਗੱਜਣ ਸਿੰਘ ਜੀ
15ਵੇਂ ਮੁਖੀ



ਪੰਥ ਦਲ, ਨਾਰਥ ਅਮਰੀਕਾ



ਸੰਤ ਬਾਬਾ ਗੁਰਦੇਵ ਸਿੰਘ ਜੀ
ਸ਼ਹੀਦ ਬਾਗ ਸ੍ਰੀ ਅਨੰਦਪੁਰ ਸਾਹਿਬ

**ਬੇਨਤੀ ਕਰਤਾ : ਤਰਨਾ ਦਲ ਮਿਸਲ ਸ਼ਹੀਦਾਂ ਬਾਬਾ ਬਕਾਲਾ ਸਾਹਿਬ ਅਤੇ ਸਮੂਹ ਨਿਹੰਗ ਸਿੰਘ ਜਥੇਬੰਦੀਆਂ**

**ਜਾਰੀ ਕਰਤਾ : SINGH TRANSPORT INC.**


ਸੈਨ ਫਰਾਂਸਿਸਕੋ ਵਿਖੇ
ਮਹਾਨ ਨਗਰ ਕੀਰਤਨ
(11 ਜੂਨ ਦਿਨ ਐਂਤਵਾਰ)
ਜੂਨ 84
ਦੇ ਸ਼ਹੀਦ
ਅਤੇ ਪੰਜਵੇਂ ਪਾਤਿਸ਼ਾਹ
ਸ੍ਰੀ
ਗੁਰੂ ਅਰਜਨ ਦੇਵ ਜੀ
ਦੀ ਸ਼ਹਾਦਤ ਨੂੰ ਸਮਰਪਿਤ
11Am 50 2nd STREET, SAN FRANCISCO
FOLLOWED BY RALLY AT CIVIC CENTER PLAZA
ਜਾਰੀ ਕਰਤਾ :
SINGH TRANSPORT INC
OAKLAND CALIFORNIA
ਸੰਪਰਕ : ਸਤਨਾਮ ਸਿੰਘ ਖਹਿਰਾ
(510) 543-3778, (510) 918-2439, (510) 943-9578

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ

# ਨਗਰ ਕੀਰਤਨ



## Nagar Kirtan
## SAN FRANCISCO



## ਐਤਵਾਰ 11 ਜੂਨ 2017 ਨੂੰ ਸੈਨ ਫ੍ਰਾਂਸਿਸਕੋ ਵਿਖੇ

**Start 11AM at 50 2nd Street ਤੋਂ ਸਿਵਿਕ ਸੈਂਟਰ ਤੱਕ**



ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਹਨਾਂ ਵਲੋਂ ਪਾਏ ਪੂਰਨਿਆਂ ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿੱਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿੱਚ 11 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿੱਚ ਹਰ ਸਾਲ ਦੀ ਤਰਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।

**ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀਂ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਓ।**



**ਬੇਨਤੀ ਕਰਤਾ : ਸ: ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ, ਗੁਰਜੰਟ ਸਿੰਘ ਗਿੱਲ, ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ) ਅਤੇ ਸਮੂਹ ਪਰਿਵਾਰ**

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿੱਚ

# ਨਗਰ ਕੀਰਤਨ

## NAGAR KIRTAN SAN FRANCISCO

ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀਂ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਓ।

ਐਤਵਾਰ 11 ਜੂਨ 2017 ਨੂੰ ਸੈਨ ਫ੍ਰਾਂਸਿਸਕੋ ਵਿਖੇ

Start 11AM at 50 2nd Street ਤੋਂ ਸਿਵਿਕ ਸੈਂਟਰ ਤੱਕ

**SUNDAY • JUNE 11, 2017 • SAN FRANCISCO**

ਬੇਨਤੀ ਕਰਤਾ
ਨੌਜਵਾਨ ਸਿੱਖ ਆਗੂ 7-Eleven ਸਟੋਰਾਂ ਦੀ ਫਰੈਂਚਾਇਜ਼ੀ
ਬੋਰਡ ਦੀ ਯੂਨੀਅਨ ਦੇ ਇਲੈਕਟਡ ਮੈਂਬਰ, ਕਮਿਊਨਿਟੀ ਦੇ
ਨਿਸ਼ਕਾਮ ਸੇਵਾਦਾਰ ਤੇ ਉਘੇ ਬਿਜ਼ਨਸਮੈਨ
ਸਰਦਾਰ ਅਜਮੇਰ ਸਿੰਘ ਨਿੱਜਰ (ਬਿੱਟੂ)





# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

**VISA IN ONE DAY**




Indian Passport | India Visa in 1 Day | OCI | US Passport

Power of Attorney & Other Services

**510.677.8440**

| 40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER) |
|---|---|---|

Serving Around the World Community Since 1994

We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345

# ਭਾਰਤੀ ਸਫੀਰ ਦੀ ਰਿਹਾਇਸ਼ 'ਤੇ ਮਨਾਇਆ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਸਾਜਨਾ ਦਿਵਸ





**ਵਾਸ਼ਿੰਗਟਨ ਡੀ. ਸੀ./ਬਿਊਰੋ ਨਿਊਜ਼ :** ਇਥੇ ਸਥਿਤ ਭਾਰਤੀ ਅੰਬੈਸੀ ਵਲੋਂ ਵਿਸਾਖੀ ਸਮਾਗਮ ਭਾਰਤੀ ਸਫੀਰ ਦੀ ਰਿਹਾਇਸ਼ 'ਤੇ ਮਨਾਇਆ ਗਿਆ। ਇਸ ਵਾਰ ਵਿਸਾਖੀ ਦਿਹਾੜਾ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਖਾਲਸਾ ਦਿਵਸ ਨੂੰ ਸਮਰਪਿਤ ਰਿਹਾ। ਇਸ ਦੀ ਸ਼ੁਰੂਆਤ ਭਾਈ ਜਸਵਿੰਦਰ ਸਿੰਘ ਦੇ ਜਥੇ ਵਲੋਂ ਗੁਰੂ ਸ਼ਬਦ 'ਜਗਤ ਜੋਤ ਜਪੈ ਨਿਤ ਬਾਸਰ' ਦਾ ਉਚਾਰਨ ਕਰਕੇ ਕੀਤੀ ਗਈ।

ਬੀਬੀ ਸਤਿੰਦਰ ਕੌਰ ਨੇ ਭਾਰਤੀ ਅੰਬੈਸਡਰ ਨਵਤੇਜ ਸਿੰਘ ਸਰਨਾ ਨੂੰ ਇਸ ਦਿਹਾੜੇ ਪ੍ਰਤੀ ਆਪਣੇ ਵਿਚਾਰਾਂ ਦੀ ਸਾਂਝ ਨਾਲ ਸ਼ੁਰੂ ਕਰਨ ਲਈ ਸੱਦਾ ਦਿੱਤਾ। ਸ. ਸਰਨਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀ, ਕਵੀ, ਗਿਆਨ ਦੇ ਸਾਗਰ, ਸੂਰਬੀਰਤਾ ਅਤੇ ਖਾਲਸੇ ਦੀ ਸਿਰਜਣਾ ਸਬੰਧੀ ਗੂੜ੍ਹ ਗਿਆਨ ਨੂੰ ਵਿਚਾਰਦਿਆਂ ਖਾਲਸਾ ਪੰਥ ਦੀ ਸਿਰਜਣਾ ਰਾਹੀਂ ਕੀਤੀ ਜੋ ਕਾਬਲੇ ਤਾਰੀਫ ਅਤੇ ਜ਼ੁਲਮ-ਜਬਰ ਦੇ ਖਿਲਾਫ ਲੜਨ ਦੀ ਪ੍ਰੇਰਨਾ ਦੀ ਸਾਂਝ ਸੀ। ਉਨ੍ਹਾਂ ਆਈਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਸਮਾਗਮ ਦੇ ਨਾਇਕ ਅਤੇ ਮੁੱਖ ਮਹਿਮਾਨ ਡਾ. ਹਰਭਜਨ ਸਿੰਘ ਅਜਰਾਵਤ, ਜਿਨ੍ਹਾਂ ਨੂੰ ਸਿੱਖ ਸਕਾਲਰ ਵਜੋਂ ਵੀ ਜਾਣਿਆ ਜਾਂਦਾ ਹੈ, ਨੇ ਟੀਚਰ ਤੇ ਗੁਰੂ ਦੀ ਪਰਿਭਾਸ਼ਾ 'ਤੇ ਚਾਨਣਾ ਪਾਇਆ। ਉਨ੍ਹਾਂ ਗੁਰੂ ਨੂੰ ਬੁੱਧੀ, ਗਿਆਨ ਵਿਵੇਕ ਅਤੇ ਅਕਲਮੰਦੀ ਦਾ ਰਾਹ ਦਸੇਰਾ ਦਸਿਆ ਜਦਕਿ ਅਧਿਆਪਕ ਨੂੰ ਸੂਝ, ਜਾਣਕਾਰੀ, ਵਾਕਫੀ ਅਤੇ ਵਿੱਦਿਆ ਦੇ ਸੋਮੇ ਵਜੋਂ ਦਰਸਾਇਆ। ਪਹਿਲੇ ਪਾਤਸ਼ਾਹ ਵਲੋਂ ਦਿੱਤੀਆਂ ਤਿੰਨ ਦਾਤਾਂ ਕਿਰਤ, ਵੰਡ ਅਤੇ ਨਾਮ ਸਬੰਧੀ ਵਿਆਖਿਆ ਕੀਤੀ ਅਤੇ ਦਸਵੇਂ ਪਾਤਸ਼ਾਹ ਵਲੋਂ ਦਿੱਤੀ ਦਸਤਾਰ ਦੀ ਸਾਂਭ ਸੰਭਾਲ ਅਤੇ ਇਸ ਦੇ ਡੂੰਘੇ ਅਰਥਾਂ ਦੀ ਸਾਂਝ ਪਾਈ। ਇਸ ਮਗਰੋਂ ਧਾਰਮਿਕ ਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਰਾਜ ਨਿੱਜਰ ਨੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਅਤੇ ਫਿਰ ਚਮਨ ਸਿੰਘ ਸਫਰੀ ਦੇ ਦੋ ਗੀਤ ਗਾ ਕੇ ਮਹਿਮਾਨਾਂ ਵਿੱਚ ਜੋਸ਼ ਭਰ ਦਿੱਤਾ। ਲੱਕੀ ਰਹੇਜਾ ਅਤੇ ਸੁਰਿੰਦਰ ਮਠਾਰੂ ਦੀ ਵਰਜੀਨੀਆ ਗਿੱਧਾ ਟੀਮ ਨੇ ਪੰਜਾਬੀ ਬੋਲੀਆਂ ਰਾਹੀਂ ਪੰਜਾਬ ਦੀ ਨੁਹਾਰ ਅਤੇ ਪਿੰਡਾਂ ਦੇ ਤ੍ਰਿਝਣਾਂ ਵਾਲੇ ਮਾਹੌਲ ਦੀ ਯਾਦ ਦਿਵਾ ਦਿੱਤੀ। ਵਰਜੀਨੀਆ ਸਕੂਲ ਦੇ ਗੱਭਰੂਆਂ ਤੇ ਮੁਟਿਆਰਾਂ ਦੀ ਭੰਗੜਾ ਟੀਮ ਨੇ ਧਮਾਲਾਂ ਪਾਈਆਂ। ਸਾਬਕਾ ਆਈ.ਏ.ਐੱਸ. ਸ. ਅਮਰਜੀਤ ਸਿੰਘ ਨੇ ਧੰਨਵਾਦੀ ਸ਼ਬਦ ਕਹੇ। ਇਸ ਮੌਕੇ ਡਿਪਟੀ ਅੰਬੈਸਡਰ ਰੀਨਤ ਸੰਧੂ, ਕਮਿਊਨਿਟੀ ਮਨਿਸਟਰ ਐੱਨ. ਕੇ. ਮਿਸ਼ਰਾ, ਫਸਟ ਸੈਕਟਰੀ ਅਰੁਣ ਸਿਨਹਾ, ਡਾ. ਦਰਸ਼ਨ ਸਿੰਘ ਸਲੂਜਾ, ਡਾ. ਸੁਰੇਸ਼ ਗੁਪਤਾ, ਸੁਰਿੰਦਰ ਰਹੇਜਾ, ਸੁਰਜੀਤ ਸਿੱਧੂ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ ਦੇ ਮਹਿਮਾਨਾਂ ਵਲੋਂ ਭਰਪੂਰ ਯੋਗਦਾਨ ਪਾਇਆ ਗਿਆ। ਰਜੇਸ਼ ਮੂਬਰਨੋ ਪਰਸਨਲ ਕੌਂਸਲਰ ਵਲੋਂ ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਅਹਿਮ ਭੂਮਿਕਾ ਨਿਭਾਈ ਗਈ। ਪ੍ਰੈੱਸ ਵਿੱਚ ਸਰਵਣ ਸਿੰਘ ਮਾਣਕੂ, ਡਾ. ਸੁਰਿੰਦਰ ਸਿੰਘ ਗਿੱਲ, ਅਤੇ ਟੀ. ਵੀ. ਏਸ਼ੀਆ ਦਾ ਭਰਪੂਰ ਸਹਿਯੋਗ ਰਿਹਾ।



Personalized Service-Committed To Quality

Solutions Financial
Mortgage Company

Purchase & Refinance
Your Home Loans



ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ
ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ

Cell 312-608-0006

1701 E. Lake Avenue #280,
Glenview, IL 60025- Office: 847-834-0100 Fax: 847-834-0106

AMRIK P. SINGH
Mortgage Loan Originator
NMLS # 232904

Illinois Residential Mortgage Licensee.

Email: asingh@solutionsfn.com
Web: www.solutionsfn.com

Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
- ✓WEB DEVELOPMENT
- ✓WEB DESIGNING
- ✓WEB RE-DESIGN
- ✓LOGO DESIGN
- ✓SEO SERVICES
- ✓TECHNICAL SUPPORT



ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
Web Media Art
info@webmediaart.com
www.webmediaart.com

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।





COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

GRAND OPENING



We Specialize In
Catering All Occasions
50-1200 guests
Call Or Email For Catering:
spicejargrill@gmail.com

spicejarfontana
@spice_jar

SPICE JAR
INDIAN CUISINE



· Specializing In Tandoor (Clay Oven)
· Vegetarian & Non-Vegetarian Curry

17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com

$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.

$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.

20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.

# ਸੁਪਰ ਸਟਾਰ ਕਲਚਰ ਨੇ ਵਿਗਾੜਿਆ ਕ੍ਰਿਕਟ

## ਰਾਮਚੰਦਰ ਗੁਹਾ ਦੀ ਚਿੱਠੀ ਨੇ ਭਾਰਤੀ ਕ੍ਰਿਕਟ ਦਾ ਵਿਖਾਇਆ ਅਸਲ ਚਿਹਰਾ, ਕੀਤੇ ਕਈ ਖ਼ੁਲਾਸੇ, ਕੋਹਲੀ ਤੈਅ ਕਰਦੇ ਹਨ ਕੋਚ-ਕਮੈਂਟੇਟਰ



**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੋਚ ਅਨਿਲ ਕੁੰਬਲੇ ਅਤੇ ਕਪਤਾਨ ਵਿਰਾਟ ਕੋਹਲੀ ਵਿਚਾਲੇ ਮਤਭੇਦਾਂ ਦੇ ਚਲਦਿਆਂ ਬੀ.ਸੀ.ਸੀ.ਆਈ. ਦੀ ਪ੍ਰਸ਼ਾਸਨਿਕ ਕਮੇਟੀ ਤੋਂ ਅਸਤੀਫ਼ਾ ਦੇਣ ਵੇਲੇ ਇਤਿਹਾਸਕਾਰ ਰਾਮਚੰਦਰ ਗੁਹਾ ਨੇ ਭਾਰਤੀ ਕ੍ਰਿਕਟ ਦੇ ਸੁਪਰ ਸਟਾਰ ਕਲਚਰ 'ਤੇ ਸਵਾਲ ਚੁੱਕਦਿਆਂ ਸੁਨੀਲ ਗਵਾਸਕਰ, ਸੌਰਵ ਗਾਂਗੁਲੀ, ਮਹਿੰਦਰ ਸਿੰਘ ਧੋਨੀ, ਰਾਹੁਲ ਦ੍ਰਾਵਿੜ ਜਿਹੇ ਸਿਤਾਰਿਆਂ 'ਤੇ ਸਵਾਲ ਉਠਾਏ ਹਨ।

ਗੁਹਾ ਨੇ ਸੁਪਰੀਮ ਕੋਰਟ ਦੇ ਨਿਰਦੇਸ਼ 'ਤੇ ਬਣੀ ਪ੍ਰਸ਼ਾਸਕਾਂ ਦੀ ਕਮੇਟੀ (ਸੀ.ਓ.ਏ.) ਤੋਂ ਦਿੱਤੇ ਆਪਣੇ ਅਸਤੀਫ਼ੇ ਤੋਂ ਬਾਅਦ ਲਿਖੀ ਚਿੱਠੀ 'ਚ ਬੀ.ਸੀ.ਸੀ.ਆਈ. ਵਿਚ ਚੱਲ ਰਹੀ ਕਥਿਤ ਗੜਬੜੀ ਨੂੰ ਜਨਤਕ ਕਰ ਦਿੱਤਾ ਹੈ। ਉਨ੍ਹਾਂ ਨੇ ਪ੍ਰਸ਼ਾਸਨਿਕ ਕਮੇਟੀ ਨੂੰ ਵੀ ਨਹੀਂ ਛੱਡਿਆ ਅਤੇ ਕਮੇਟੀ 'ਤੇ ਕੁੰਬਲੇ-ਕੋਹਲੀ ਵਿਵਾਦ 'ਚ ਨੌਨ-ਪ੍ਰੋਫ਼ੈਸ਼ਨਲ ਤੇ ਅਸੰਵੇਦਨਸ਼ੀਲ ਰਵੱਈਆ ਅਪਣਾਉਣ ਦਾ ਦੋਸ਼ ਲਗਾਇਆ ਹੈ। ਗੁਹਾ ਨੇ ਵੱਡਾ ਸਵਾਲ ਵੀ ਖੜ੍ਹਾ ਕੀਤਾ ਕਿ ਕੋਚ ਦੀ ਚੋਣ 'ਚ ਕੋਹਲੀ ਦਾ ਦਖ਼ਲ ਕਿਉਂ ਹੈ?

ਬੀ.ਸੀ.ਸੀ.ਆਈ. ਦੇ ਚੇਅਰਮੈਨ ਵਿਨੋਦ ਰਾਏ ਨੂੰ ਲਿਖੀ 7 ਪੰਨਿਆਂ ਦੀ ਚਿੱਠੀ 'ਚ ਉਨ੍ਹਾਂ ਨੇ ਕੋਚ ਅਤੇ ਇੱਥੇ ਤੱਕ ਕਿ ਕਮੈਂਟੇਟਰ ਦੇ ਪੈਨਲਾਂ ਦੀ ਚੋਣ 'ਚ ਵੀ ਵਿਰਾਟ ਕੋਹਲੀ ਦੇ 'ਵੀਟੋ ਪਾਵਰ' 'ਤੇ ਸਵਾਲ ਉਠਾਇਆ ਹੈ। ਇਸ ਤੋਂ ਅਜਿਹਾ ਲੱਗਦਾ ਹੈ ਕਿ ਕੋਹਲੀ ਅਤੇ ਕੁੰਬਲੇ 'ਚ ਝਗੜੇ ਦੀ ਗੱਲ ਸਹੀ ਹੈ।

ਗੁਹਾ ਨੇ ਆਪਣੀ ਚਿੱਠੀ 'ਚ ਲਿਖਿਆ ਹੈ ਕਿ ਬੀ.ਸੀ.ਸੀ.ਆਈ. ਦੇ ਸੀ.ਈ.ਓ. ਰਾਹੁਲ ਜੌਹਰੀ ਅਤੇ ਇਸ ਦੇ ਅਹੁਦੇਦਾਰਾਂ (ਅਮਿਤਾਭ ਚੌਧਰੀ) ਨੇ ਕੋਹਲੀ ਅਤੇ ਕੁੰਬਲੇ ਦੇ ਕਥਿਤ ਝਗੜੇ ਨੂੰ ਜਿਸ ਸੰਵੇਦਨਸ਼ੀਲਤਾ ਅਤੇ ਗੈਰ-ਪੇਸ਼ੇਵਰਾਨਾ ਤਰੀਕੇ ਨਾਲ ਨਜਿੱਠਿਆ, ਇਹ ਬੇਹੱਦ ਗ਼ਲਤ ਸੀ। ਸੀ.ਓ.ਏ. ਨੇ ਇਸ ਮਾਮਲੇ 'ਤੇ ਚੁੱਪ ਧਾਰੀ ਹੈ ਅਤੇ ਹੱਥ 'ਤੇ ਹੱਥ ਰੱਖ ਕੇ ਬੈਠਣ ਵਾਲਾ ਕੰਮ ਕੀਤਾ। ਉਨ੍ਹਾਂ ਨੇ ਲਿਖਿਆ ਕਿ ਸੀ.ਓ.ਏ. ਦੀ ਇਸ ਮਾਮਲੇ 'ਚ ਮਿਲੀਭੁਗਤ ਵਿਖਾਈ ਦਿੰਦੀ ਹੈ। ਆਪਣੀ ਚਿੱਠੀ ਦੇ ਅਖੀਰ 'ਚ ਉਨ੍ਹਾਂ ਨੇ ਸੀ.ਓ.ਏ. 'ਚ ਆਪਣੀ ਥਾਂ ਸਾਬਕਾ ਤੇਜ਼ ਗੇਂਦਬਾਜ਼ ਜਵਾਗਲ ਸ੍ਰੀਨਾਥ ਨੂੰ ਰੱਖਣ ਦੀ ਸਿਫ਼ਾਰਸ਼ ਕੀਤੀ ਹੈ। ਗੁਹਾ ਨੇ ਨਿੱਜੀ ਕਾਰਨਾਂ ਦਾ ਹਵਾਲਾ ਦਿੰਦਿਆਂ ਸੁਪਰੀਮ ਕੋਰਟ ਨੂੰ ਆਪਣਾ ਅਸਤੀਫ਼ਾ ਭੇਜ ਦਿੱਤਾ ਸੀ। ਲੋਢਾ ਕਮੇਟੀ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਸੁਪਰੀਮ ਕੋਰਟ ਦੇ ਨਿਰਦੇਸ਼ 'ਤੇ ਹੀ ਪ੍ਰਸ਼ਾਸਕਾਂ ਦੀ ਕਮੇਟੀ ਦਾ ਗਠਨ ਹੋਇਆ ਸੀ।

### ਹਿਤਾਂ ਦੇ ਟਕਰਾਅ ਦੀ ਅਣਦੇਖੀ : ਗੁਹਾ

**ਪ੍ਰਸਿੱਧ ਇਤਿਹਾਸਕਾਰ ਰਾਮਚੰਦਰ ਗੁਹਾ ਨੇ ਸੀ.ਈ.ਓ. ਦੇ ਮੁਖੀ ਵਿਨੋਦ ਰਾਏ ਨੂੰ ਲਿਖੀ ਆਪਣੀ ਚਿੱਠੀ 'ਚ ਜਿਨ੍ਹਾਂ ਮੁੱਦਿਆਂ 'ਤੇ ਅਸਹਿਮਤੀ ਅਤੇ ਨਾਰਾਜ਼ਗੀ ਪ੍ਰਗਟਾਈ ਹੈ, ਉਹ ਇਸ ਤਰ੍ਹਾਂ ਹਨ :**



**ਹਿਤਾਂ ਦਾ ਟਕਰਾਅ ਬੰਦ ਹੋਣਾ ਚਾਹੀਦਾ ਹੈ:** ਮੈਂ ਇਹ ਮਾਮਲਾ ਵਾਰ-ਵਾਰ ਚੁੱਕ ਰਿਹਾ ਹਾਂ। ਬੀਸੀਸੀਆਈ ਕੁੱਝ ਕੌਮੀ ਪੱਧਰ ਦੇ ਕੋਚਾਂ ਨੂੰ ਵਿਸ਼ੇਸ਼ ਸਹਿਯੋਗ ਕਰ ਰਹੀ ਹੈ। ਬੋਰਡ ਨੇ ਉਨ੍ਹਾਂ ਨੂੰ ਨੈਸ਼ਨਲ ਡਿਊਟੀ ਲਈ 10 ਮਹੀਨੇ ਦਾ ਕੰਟਰੈਕਟ ਦੇ ਕੇ ਬਾਕੀ ਦੋ ਮਹੀਨੇ ਲਈ ਆਈ.ਪੀ.ਐਲ. 'ਚ ਕੋਚ/ਮੈਂਟਰ ਵਜੋਂ ਕੰਮ ਕਰਨ ਦੀ ਮਨਜ਼ੂਰੀ ਦਿੱਤੀ। ਬੀਸੀਸੀਆਈ ਨੇ ਆਪਣੀ ਲਾਪਰਵਾਹੀ ਵਿਖਾਉਂਦਿਆਂ ਅਜਿਹਾ ਕੋਚਿੰਗ/ਸਪੋਰਟ ਸਟਾਫ਼ ਕੰਟਰੈਕਟ ਸਮਝੌਤਾ ਤਿਆਰ ਕੀਤਾ, ਜਿਸ ਤੋਂ ਉਨ੍ਹਾਂ ਨੂੰ ਦੋਵੇਂ ਕੰਮ ਕਰਨ ਦੀ ਮਨਜ਼ੂਰੀ ਮਿਲ ਜਾਵੇ। ਮੌਜੂਦਾ ਕਾਨੂੰਨਾਂ ਦੇ ਹਿਸਾਬ ਨਾਲ ਸੰਭਵ ਹੈ ਕਿ ਇਹ ਨਿਯਮਾਂ ਅਨੁਸਾਰ ਹੈ ਅਤੇ ਲੋਢਾ ਕਮੇਟੀ ਦੀ ਭਾਵਨਾ ਦੇ ਵਿਰੁੱਧ ਹੈ। ਹਿਤਾਂ ਦੇ ਟਕਰਾਅ ਦਾ ਮਾਮਲਾ ਸੂਬਿਆਂ ਦੀ ਐਸੋਸੀਏਸ਼ਨ 'ਚ ਵੀ ਵੱਡੇ ਪੈਮਾਨੇ 'ਤੇ ਹੈ। ਇਕ ਮਸ਼ਹੂਰ ਖਿਡਾਰੀ ਜੋ ਫ਼ਿਲਹਾਲ ਖੇਡ ਰਹੇ ਖਿਡਾਰੀਆਂ 'ਤੇ ਟਿੱਪਣੀ ਕਰਨ ਲਈ ਮੀਡੀਆ ਹਾਊਸ ਨਾਲ ਜੁੜਿਆ ਹੈ। ਨਾਲ ਹੀ ਉਹ ਆਪਣੀ ਸੂਬਾ ਐਸੋਸੀਏਸ਼ਨ ਦਾ ਪ੍ਰਧਾਨ ਵੀ ਹੈ। ਇਕ ਐਸੋਸੀਏਸ਼ਨ ਦਾ ਅਧਿਕਾਰੀ ਦੂਜੀ ਥਾਂ ਕੋਚ ਜਾਂ ਮੈਨੇਜਰ ਵਲੋਂ ਬਰਾਬਰ ਕੰਮ ਕਰ ਰਿਹਾ ਹੈ। ਅਹੁਦੇਦਾਰਾਂ ਵੱਲੋਂ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਬਿਜ਼ਨੈੱਸ ਕੰਟਰੈਕਟ ਦੇਣ ਦੀਆਂ ਖ਼ਬਰਾਂ ਵੱਡੇ ਪੱਧਰ 'ਤੇ ਹਨ।

**ਖਿਡਾਰੀਆਂ ਦੇ ਏਜੰਟ ਵਜੋਂ ਕੰਮ ਕਰ ਰਹੇ ਹਨ ਕਮੈਂਟੇਟਰ :**
ਸੁਨੀਲ ਗਵਾਸਕਰ ਉਸ ਕੰਪਨੀ ਦੇ ਮੁਖੀ ਹਨ, ਜੋ ਭਾਰਤੀ ਖਿਡਾਰੀਆਂ ਦਾ ਪ੍ਰਬੰਧਕੀ ਕੰਮ ਕਰਦੀ ਹੈ। ਬੀਸੀਸੀਆਈ ਟੀਵੀ ਦੇ ਕਮੈਂਟਰੀ ਪੈਨਲ ਦਾ ਹਿੱਸਾ ਹੋ ਕੇ ਉਹ ਇਨ੍ਹਾਂ ਖਿਡਾਰੀਆਂ 'ਤੇ ਟਿੱਪਣੀ ਕਰਦੇ ਹਨ। ਇਹ ਸਪਸ਼ਟ ਹਿਤਾਂ ਦੇ ਟਕਰਾਅ ਦਾ ਮਾਮਲਾ ਹੈ। ਉਹ ਜਾਂ ਤਾਂ ਖ਼ੁਦ ਨੂੰ ਪੀਐਮਜੀ ਤੋਂ ਵੱਖ ਕਰ ਲੈਣ ਜਾਂ ਫਿਰ ਬੋਰਡ ਲਈ ਕਮੈਂਟਰੀ ਕਰਨਾ ਬੰਦ ਕਰ ਦੇਣ।

**ਸੁਪਰ ਸਟਾਰ ਕਲਚਰ ਖ਼ਤਮ ਕੀਤੇ ਜਾਣ ਦੀ ਲੋੜ :**
'ਸੁਪਰ ਸਟਾਰ' ਕਲਚਰ ਬੀਸੀਸੀਆਈ 'ਤੇ ਬੁਰਾ ਪ੍ਰਭਾਵ ਪਾ ਰਿਹਾ ਹੈ। ਧੋਨੀ ਜਦੋਂ ਕਪਤਾਨ ਸਨ, ਉਸ ਸਮੇਂ ਉਨ੍ਹਾਂ ਦਾ ਇਕ ਕੰਪਨੀ 'ਚ ਹਿੱਸਾ ਵੀ ਸੀ, ਜੋ ਕੁੱਝ ਖਿਡਾਰੀਆਂ ਦੇ ਵਪਾਰਕ ਅਧਿਕਾਰਾਂ ਨੂੰ ਵੇਖਦੀ ਹੈ। ਇਸ ਸੁਪਰ ਸਟਾਰ ਸਿੰਡਰੋਮ ਨੇ ਕੰਟਰੈਕਟ ਸਿਸਟਮ ਨੂੰ ਵਿਗਾੜ ਦਿੱਤਾ ਹੈ। ਧੋਨੀ ਨੂੰ 'ਏ' ਦਰਜੇ ਦਾ ਕੰਟਰੈਕਟ ਉਦੋਂ ਮਿਲਿਆ, ਜਦੋਂ ਉਹ ਟੈਸਟ ਤੋਂ ਖ਼ੁਦ ਨੂੰ ਵੱਖ ਕਰ ਚੁੱਕੇ ਸਨ।

**ਕੋਚ ਦਾ ਮਾਮਲਾ ਗੈਰ-ਪੇਸ਼ੇਵਰ ਤਰੀਕੇ ਨਾਲ ਲਿਆ ਗਿਆ :**
ਕੁੰਬਲੇ ਦੇ ਕੋਚ ਬਣੇ ਰਹਿੰਦਿਆਂ ਟੀਮ ਦਾ ਰਿਕਾਰਡ ਵਧੀਆ ਰਿਹਾ ਹੈ। ਜੇ ਸਫਲਤਾ ਦਾ ਵੱਡਾ ਸਿਹਰਾ ਖਿਡਾਰੀਆਂ ਨੂੰ ਜਾਂਦਾ ਹੈ ਤਾਂ ਇਸ ਦਾ ਕੁੱਝ ਸਿਹਰਾ ਕੋਚ ਅਤੇ ਸਪੋਰਟ ਸਟਾਫ਼ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ। ਮੈਰਿਟ ਅਤੇ ਨਿਆਂ ਦੇ ਆਧਾਰ 'ਤੇ ਮੁੱਖ ਕੋਚ ਦਾ ਕਾਰਜਕਾਲ ਵਧਾਇਆ ਜਾਣਾ ਚਾਹੀਦਾ ਸੀ। ਇਸ ਅਹੁਦੇ ਲਈ ਨਵਾਂ ਇਸ਼ਤਿਹਾਰ ਕੱਢਿਆ ਗਿਆ। ਸੀਈਓ ਅਤੇ ਬੋਰਡ ਅਧਿਕਾਰੀਆਂ ਨੇ ਮੁੱਦੇ ਨੂੰ ਬਹੁਤ ਹੀ ਅਸੰਵੇਦਨਸ਼ੀਲ ਅਤੇ ਗੈਰ-ਪੇਸ਼ੇਵਰ ਤਰੀਕੇ ਨਾਲ ਹੈਂਡਲ ਕੀਤਾ।

# ਵ੍ਹਾਈਟ ਸੋਕਸ ਗੇਮ ਮੌਕੇ ਭੰਗੜਾ ਟੀਮ ਨੇ ਪਾਈਆਂ ਧਮਾਲਾਂ



**ਸ਼ਿਕਾਗੋ/ਬਿਊਰੋ ਨਿਊਜ਼ :**
ਇਥੋਂ ਦਾ ਰੇਟ ਸਟੇਡੀਅਮ ਉਸ ਵੇਲੇ ਢੋਲ ਦੇ ਡੱਗੇ 'ਤੇ ਥਿਰਕਣ ਲੱਗਾ ਜਦੋਂ ਵ੍ਹਾਈਟ ਫੌਕਸ ਬੇਸਬਾਲ ਗੇਮਜ਼ ਦੌਰਾਨ ਭੰਗੜਾ ਟੀਮ ਨੇ ਧਮਾਲਾਂ ਪਾਈਆਂ। ਇਹ ਪੇਸ਼ਕਾਰੀ ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ ਵਲੋਂ ਦਿੱਤੀ ਗਈ। ਸ਼ਿਕਾਗੋ ਵ੍ਹਾਈਟ ਸੋਕਸ ਦਾ ਮੁਕਾਬਲਾ ਬੋਸਟਨ ਰੈੱਡ ਸੋਕਸ ਨਾਲ ਸੀ।

ਵ੍ਹਾਈਟ ਸੋਕਸ ਨੇ ਗੇਮਜ਼ ਤੋਂ ਪਹਿਲਾਂ ਏਸ਼ੀਅਨ ਹੈਰੀਟੇਜ ਨਾਈਟ ਮਨਾਈ। ਇਸ ਮੌਕੇ ਕਰੀਬ ਦੋ ਘੰਟੇ ਭੰਗੜਾ ਟੀਮ ਤੇ ਢੋਲੀਆਂ ਨੇ ਸਾਰਿਆਂ ਨੂੰ ਝੂਮਣ ਲਾ ਦਿੱਤਾ। ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ ਵ੍ਹਾਈਟ ਸੋਕਸ ਗੇਮਜ਼ ਵਿਚ 5ਵੀਂ ਵਾਰ ਹਿੱਸਾ ਲੈ ਰਹੀ ਸੀ। ਪੰਜਾਬੀ ਕਲਚਰਲ ਸੁਸਾਇਟੀ ਨੇ ਯੂਨੀਵਰਸਿਟੀ ਆਫ਼ ਸ਼ਿਕਾਗੋ ਭੰਗੜਾ ਟੀਮ ਅਤੇ ਢੋਲੀ ਸਿਰੀਸ਼ ਸ਼ਾਹ ਨੂੰ ਇਹ ਪੇਸ਼ਕਾਰੀ ਦੇਣ ਲਈ ਸੱਦਿਆ ਸੀ। ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ ਦੇ ਚੇਅਰਮੈਨ ਅਤੇ ਵ੍ਹਾਈਟ ਸੋਕਸ ਵਿਖੇ ਇਸ ਈਵੈਂਟ ਦੇ ਕੋਆਰਡੀਨੇਟਰ ਰਜਿੰਦਰ ਸਿੰਘ ਮਗੋ ਨੇ ਦੱਸਿਆ ਕਿ ਅਜਿਹੇ ਪ੍ਰੋਗਰਾਮਾਂ ਨਾਲ ਅਮਰੀਕੀਆਂ ਵਿਚ ਸਿੱਖ ਭਾਈਚਾਰੇ ਦੀ ਪਛਾਣ ਸਬੰਧੀ ਸੁਨੇਹਾ ਜਾਂਦਾ ਹੈ।

# ਅਰੁਣਾ ਚੌਧਰੀ ਦਾ ਫਰਮਾਨ-ਸਰਕਾਰੀ ਸਕੂਲਾਂ 'ਚ ਪਹਿਲੀ ਜਮਾਤ ਤੋਂ ਪੜ੍ਹਾਈ ਜਾਵੇਗੀ ਅੰਗਰੇਜ਼ੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਇੱਥੇ ਉੱਤਰੀ ਭਾਰਤ ਦੇ ਅੱਠ ਰਾਜਾਂ ਦੀ ਸਿੱਖਿਆ ਬਾਰੇ ਦੋ ਰੋਜ਼ਾ 'ਖੇਤਰੀ ਵਰਕਸ਼ਾਪ' ਨੂੰ ਸੰਬੋਧਨ ਕਰਦਿਆਂ ਪੰਜਾਬ ਦੀ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਐਲਾਨ ਕੀਤਾ ਕਿ 400 ਸਕੂਲਾਂ ਵਿੱਚ ਪਹਿਲੀ ਤੋਂ ਦਸਵੀਂ ਤੱਕ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਕੀਤਾ ਜਾਵੇਗਾ। ਇਹ ਮਾਮਲਾ ਆਗਾਮੀ ਵਿਧਾਨ ਸਭਾ ਸੈਸ਼ਨ ਵਿੱਚ ਉਠਾਇਆ ਜਾ ਰਿਹਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਇਨ੍ਹਾਂ ਸਕੂਲਾਂ ਦੇ ਜਿਹੜੇ ਬੱਚੇ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਨਾ ਚਾਹੁਣਗੇ, ਇਹ ਫੈਸਲਾ ਉਨ੍ਹਾਂ ਉਪਰ ਹੀ ਲਾਗੂ ਹੋਵੇਗਾ। ਇਹ ਫੈਸਲਾ ਅੰਗਰੇਜ਼ੀ ਵਿੱਚ ਮੁਹਾਰਤ ਲਈ ਬੱਚਿਆਂ ਦੇ ਪ੍ਰਾਈਵੇਟ ਸਕੂਲਾਂ ਵੱਲ ਹੋਏ ਰੁਖ਼ ਨੂੰ ਠੱਲ੍ਹਣ ਲਈ ਕੀਤਾ ਗਿਆ ਹੈ।



ਦੱਸਣਯੋਗ ਹੈ ਕਿ ਜਦੋਂ ਪਹਿਲਾਂ ਇਕ ਵਾਰ ਸਰਕਾਰ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਭਾਸ਼ਾ ਲਾਗੂ ਕੀਤੀ ਸੀ ਤਾਂ ਕਾਫ਼ੀ ਰੌਲਾ ਪਿਆ ਸੀ ਅਤੇ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣਾ ਪਿਆ ਸੀ। ਸ਼ਾਇਦ ਇਸ ਪੱਖ ਨੂੰ ਮੁੱਖ ਰੱਖਦਿਆਂ ਹੁਣ ਸਰਕਾਰ ਵੱਲੋਂ ਸੀਮਤ 400 ਸਕੂਲਾਂ ਵਿੱਚ ਬੱਚਿਆਂ ਦੀ ਮਰਜ਼ੀ ਮੁਤਾਬਕ ਅੰਗਰੇਜ਼ੀ ਮਾਧਿਅਮ ਲਾਗੂ ਕਰਨ ਦਾ ਤਜਰਬਾ ਕੀਤਾ ਜਾ ਰਿਹਾ ਹੈ। ਸਰਕਾਰ ਅਮਰੀਕਾ ਦੀ ਇਕ ਟਰੱਸਟ ਰਾਹੀਂ ਅਧਿਆਪਕਾਂ ਸਮੇਤ ਵਿਦਿਆਰਥੀਆਂ ਨੂੰ ਅੰਗਰੇਜ਼ੀ ਵਿੱਚ ਮਾਹਰ ਕਰਨ ਲਈ ਵੀ ਯਤਨ ਕਰ ਰਹੀ ਹੈ। ਸਿੱਖਿਆ ਮੰਤਰੀ ਸ੍ਰੀਮਤੀ ਚੌਧਰੀ ਨੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਸਿੱਖਿਆ ਸਰਵਿਸ ਸਕੂਲ ਦੇ ਇੰਸਪੈਕਸ਼ਨ ਕੇਡਰ ਗਰੁੱਪ-ਏ ਦੇ ਅਧਿਕਾਰੀਆਂ ਦੀਆਂ ਬਦਲੀਆਂ ਤੇ ਨਿਯੁਕਤੀਆਂ ਕਾਇਦੇ-ਕਾਨੂੰਨਾਂ ਤਹਿਤ ਕੀਤੀਆਂ ਗਈਆਂ ਹਨ ਅਤੇ ਜੇ ਕਿਸੇ ਨਾਲ ਧੱਕਾ ਹੋਇਆ ਹੈ ਤਾਂ ਉਹ ਵਿਭਾਗ ਕੋਲ ਪਹੁੰਚ ਕਰ ਸਕਦਾ ਹੈ। ਇਸ ਮੌਕੇ ਉਨ੍ਹਾਂ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਅਸਿਸਟੈਂਟ ਡਾਇਰੈਕਟਰ ਸੁਖਦੇਵ ਸਿੰਘ ਕਾਹਲੋਂ ਨੂੰ ਡੀਪੀਆਈ ਸੈਕੰਡਰੀ ਸਿੱਖਿਆ ਦੀ ਆਸਾਮੀ ਦਾ ਵਾਧੂ ਚਾਰਜ ਦੇਣ ਦੇ ਫੈਸਲੇ ਵਿੱਚ ਸੋਧ ਕਰ ਕੇ ਨਵਾਂ ਡੀਪੀਆਈ ਲਾਇਆ ਜਾ ਰਿਹਾ ਹੈ।

**ਕਾਗਜ਼ੀ ਬੀਐੱਡ ਕਾਲਜ ਬੰਦ ਕਰਵਾਵਾਂਗੇ : ਕੁਸ਼ਵਾਹਾ**
ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਰਾਜ ਮੰਤਰੀ ਉਪਿੰਦਰ ਕੁਸ਼ਵਾਹਾ ਨੇ ਕਿਹਾ ਕਿ ਹੁਣ ਕਾਗਜ਼ੀ ਬੀਐੱਡ ਕਾਲਜਾਂ ਨੂੰ ਚੱਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਈ ਬੀਐੱਡ ਕਾਲਜ ਕਾਗਜ਼ਾਂ ਵਿੱਚ ਹੀ ਚੱਲ ਰਹੇ ਹਨ। ਭਾਰਤ ਸਰਕਾਰ ਅਜਿਹੇ ਸਮੂਹ ਕਾਲਜਾਂ ਕੋਲੋਂ ਹਲਫ਼ਨਾਮੇ ਲੈ ਕੇ ਸਰਕਾਰ ਦੀਆਂ ਨਿਰਧਾਰਤ ਸ਼ਰਤਾਂ ਪੂਰੀਆਂ ਕਰਨ ਦੀ ਜਾਣਕਾਰੀ ਹਾਸਲ ਕਰ ਰਹੀ ਹੈ। ਪੜਤਾਲ ਮਗਰੋਂ ਜਿਹੜੇ ਕਾਲਜ ਫ਼ਰਜ਼ੀ ਨਿਕਲੇ, ਉਨ੍ਹਾਂ ਨੂੰ ਪੱਕੇ ਤੌਰ 'ਤੇ ਤਾਲੇ ਲਾ ਕੇ ਹੋਰ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਖੁਲਾਸਾ ਕੀਤਾ ਕਿ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਹਰੇਕ ਬੱਚੇ ਨੂੰ ਪਾਸ ਕਰਨ ਦੀ ਪ੍ਰਥਾ ਖ਼ਤਮ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਸਕੂਲਾਂ ਨੂੰ ਵੀ ਹੁਣ ਮਨਮਾਨੇ ਢੰਗ ਨਾਲ ਫੀਸਾਂ ਵਿੱਚ ਵਾਧਾ ਕਰਨ ਅਤੇ ਕਿਤਾਬਾਂ ਤੇ ਵਰਦੀਆਂ ਵਿਸ਼ੇਸ਼ ਦੁਕਾਨਾਂ ਤੋਂ ਲੈਣ ਦੇ ਫ਼ੁਰਮਾਨ ਜਾਰੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

# ਲੰਡਨ ਵਿੱਚ ਦਹਿਸ਼ਤੀ ਹਮਲੇ ਕਾਰਨ 7 ਮੌਤਾਂ, 48 ਜ਼ਖ਼ਮੀ

## ਹਮਲਾਵਰਾਂ ਨੇ ਰਾਹਗੀਰ ਦਰੜੇ, ਤਿੰਨੋਂ ਹਮਲਾਵਰਾਂ ਦੀ ਮੌਤ



**ਲੰਡਨ/ਬਿਊਰੋ ਨਿਊਜ਼:** ਬਰਤਾਨੀਆ ਦੀ ਰਾਜਧਾਨੀ ਵਿੱਚ ਚਾਕੂ ਨਾਲ ਲੈਸ 3 ਹਮਲਾਵਰਾਂ, ਜਿਨ੍ਹਾਂ ਨੇ ਨਕਲੀ ਆਤਮਘਾਤੀ ਜੈਕਟਾਂ ਪਾਈਆਂ ਹੋਈਆਂ ਸਨ, ਨੇ ਨੇੜਲੀ ਮਾਰਕਿਟ ਵਿੱਚ ਲੋਕਾਂ 'ਤੇ ਹਮਲਾ ਕਰਨ ਤੋਂ ਪਹਿਲਾਂ ਲੰਡਨ ਪੁਲ 'ਤੇ ਪੈਦਲ ਜਾ ਰਹੇ ਲੋਕਾਂ ਨੂੰ ਵੈਨ ਨਾਲ ਦਰੜ ਦਿੱਤਾ। ਇਸ ਹਮਲੇ ਵਿੱਚ ਸੱਤ ਵਿਅਕਤੀਆਂ ਦੀ ਮੌਤ ਹੋ ਗਈ। ਜਦਕਿ 48 ਵਿਅਕਤੀ ਜ਼ਖ਼ਮੀ ਹੋਏ ਹਨ ਜਿਨ੍ਹਾਂ ਵਿੱਚ ਚਾਰ ਫਰਾਂਸੀਸੀ ਹਨ। ਪ੍ਰਧਾਨ ਮੰਤਰੀ ਥੈਰੇਸਾ ਨੇ ਇਸ ਕਾਰਵਾਈ ਲਈ ਇਸਲਾਮਿਕ ਅਤਿਵਾਦ ਦੀ 'ਗੰਦੀ ਵਿਚਾਰਧਾਰਾ' ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਬਰਤਾਨੀਆ ਵਿੱਚ ਬੀਤੇ ਤਿੰਨ ਮਹੀਨਿਆਂ ਵਿੱਚ ਚੋਣਾਂ ਤੋਂ ਪਹਿਲਾਂ ਇਹ ਤੀਜਾ ਹਮਲਾ ਹੈ। ਬਰਤਾਨੀਆ ਵਿੱਚ ਆਮ ਚੋਣਾਂ 8 ਜੂਨ ਨੂੰ ਹੋਣੀਆਂ ਹਨ। ਪੁਲੀਸ ਅਤੇ ਇਕ ਪ੍ਰਤੱਖਦਰਸ਼ੀ ਨੇ ਦੱਸਿਆ ਕਿ 3 ਹਮਲਾਵਰਾਂ ਨੇ ਸਫੇਦ ਰੰਗ ਦੀ ਵੈਨ ਲੋਕਾਂ ਨਾਲ ਭਰੇ ਲੰਡਨ ਪੁਲ 'ਤੇ ਇਕ ਭੀੜ 'ਤੇ ਚੜ੍ਹਾ ਦਿੱਤੀ ਅਤੇ ਮਗਰੋਂ ਵੈਨ ਤੋਂ ਉਤਰ ਕੇ ਨੇੜਲੀ ਬੋਰੋ ਮਾਰਕਿਟ ਵਿੱਚ ਬਾਰ ਅਤੇ ਰੈਸਟੋਰੈਂਟ ਵਿਚਲੇ ਲੋਕਾਂ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਉਹ 'ਇਹ ਅੱਲਾਹ ਲਈ ਹੈ' ਦਾ ਨਾਅਰਾ ਲਾ ਰਹੇ ਸੀ। ਜ਼ਖ਼ਮੀ ਨੂੰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ। ਘਟਨਾ ਦਾ ਪਤਾ ਚੱਲਦੇ ਹੀ ਹਥਿਆਰਬੰਦ ਪੁਲੀਸ ਤੁਰੰਤ ਮੌਕੇ 'ਤੇ ਪੁੱਜੀ ਅਤੇ 8 ਮਿੰਟਾਂ ਵਿਚ ਹੀ ਤਿੰਨੇ ਹਮਲਾਵਰਾਂ ਨੂੰ ਮਾਰ ਮੁਕਾਇਆ। ਮੈਟ ਪੁਲੀਸ ਦੇ ਸਹਾਇਕ ਕਮਿਸ਼ਨਰ ਮਾਰਕ ਰੋਅਲੀ ਨੇ ਦੱਸਿਆ ਕਿ ਹਮਲਾਵਰਾਂ ਨੇ ਆਤਮਘਾਤੀ ਜੈਕਟਾਂ ਪਾਈਆਂ ਹੋਈਆਂ ਸਨ ਜੋ ਜਾਂਚ ਬਾਅਦ ਨਕਲੀ ਪਾਈਆਂ ਗਈਆਂ। ਪੁਲੀਸ ਘਟਨਾ ਦੀ ਜਾਂਚ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਹਾਲ ਦੀ ਘੜੀ ਕਿਸੇ ਅਤਿਵਾਦੀ ਗਰੁੱਪ ਨੇ ਇਸ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਪੁਲੀਸ ਨੇ ਇਸ ਮਾਮਲੇ ਵਿੱਚ 12 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ।

**ਸਿਆਸੀ ਪਾਰਟੀਆਂ ਨੇ ਚੋਣ ਮੁਹਿੰਮ ਰੋਕੀ :**

ਬਰਤਾਨੀਆ ਦੀਆਂ ਦੋ ਪ੍ਰਮੁੱਖ ਰਾਜਸੀ ਪਾਰਟੀਆਂ, ਜਿਸ ਵਿੱਚ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਵੀ ਸ਼ਾਮਲ ਹੈ, ਨੇ ਅਤਿਵਾਦੀ ਹਮਲੇ ਤੋਂ ਬਾਅਦ ਆਪਣੀ ਚੋਣ ਮੁਹਿੰਮ ਰੋਕ ਦਿੱਤੀ ਹੈ। ਕੰਜ਼ਰਵੇਟਿਵ ਪਾਰਟੀ ਦੇ ਬੁਲਾਰੇ ਨੇ ਕਿਹਾ ਕਿ ਉਹ ਚੋਣ ਪ੍ਰਚਾਰ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਉਹ ਹਾਲਾਤ ਦਾ ਜਾਇਜ਼ਾ ਲੈਣਗੇ। ਵਿਰੋਧੀ ਲੇਬਰ ਪਾਰਟੀ ਨੇ ਵੀ ਚੋਣ ਪ੍ਰਚਾਰ ਦੀ ਤਜਵੀਜ਼ਤ ਮੁਹਿੰਮ ਰੱਦ ਕਰ ਦਿੱਤੀ ਹੈ। ਸਕੌਟਿਸ਼ ਨੈਸ਼ਨਲ ਪਾਰਟੀ ਨੇ ਵੀ ਆਪਣੀ ਮੁਹਿੰਮ ਰੋਕ ਦਿੱਤੀ। ਲੰਡਨ ਦੇ ਮੇਅਰ ਸਾਦਿਕ ਖਾਨ ਨੇ ਕਿਹਾ ਕਿ ਉਹ ਲੋਕਤੰਤਰ ਦੇ ਹਾਮੀ ਹਨ ਅਤੇ ਉਹ ਨਹੀਂ ਚਾਹੁੰਦੇ ਕਿ ਹਾਲ ਹੀ ਵਿੱਚ ਵਾਪਰੀ ਘਟਨਾ ਕਾਰਨ ਚੋਣਾਂ ਦੀ ਤਰੀਕ 'ਤੇ ਅਸਰ ਪਵੇ।

**ਪ੍ਰਧਾਨ ਮੰਤਰੀ ਨੇ ਕਿਹਾ-ਚੋਣਾਂ 8 ਜੂਨ ਨੂੰ ਹੀ ਹੋਣਗੀਆਂ :**

ਬਰਤਾਨੀਆ ਦੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਐਲਾਨ ਕੀਤਾ ਕਿ ਆਮ ਚੋਣਾਂ ਪੂਰਵ ਨਿਰਧਾਰਤ ਪ੍ਰੋਗਰਾਮ ਤਹਿਤ 8 ਜੂਨ ਨੂੰ ਹੀ ਹੋਣਗੀਆਂ। ਹਮਲੇ ਤੋਂ ਬਾਅਦ ਸੀਨੀਅਰ ਸੁਰੱਖਿਆ ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ ਉਨ੍ਹਾਂ ਕਿਹਾ ਕਿ ਹਿੰਸਾ ਨੂੰ ਲੋਕਤੰਤਰ ਪ੍ਰਕਿਰਿਆ ਨੂੰ ਨੁਕਸਾਨ ਨਹੀਂ ਪਹੁੰਚਾਉਣ ਦਿੱਤਾ ਜਾਵੇਗਾ। ਉਨ੍ਹਾਂ ਹਮਲੇ ਦੀ ਨਖੇਧੀ ਕਰਦਿਆਂ ਕਿਹਾ ਕਿ ਲੰਡਨ ਇਕਜੁੱਟ ਹਨ ਅਤੇ ਦੁਸ਼ਮਣਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ।

### ਅਤਿਵਾਦੀ ਹਮਲੇ ਦੇ ਪੀੜਤਾਂ ਦੀ ਮਦਦ ਲਈ ਗੁਰੂ ਘਰਾਂ ਨੇ ਖੋਲ੍ਹੇ ਦਰ

**ਲੰਡਨ/ਬਿਊਰੋ ਨਿਊਜ਼ :** ਇਥੇ ਹੋਏ ਅਤਿਵਾਦੀ ਹਮਲੇ ਦੇ ਪੀੜਤਾਂ ਲਈ ਲੰਡਨ ਦੇ ਗੁਰਦੁਆਰਿਆਂ ਨੇ ਆਪਣੇ ਦਰ ਖੋਲ੍ਹ ਦਿੱਤੇ ਹਨ। ਪੀੜਤਾਂ ਨੂੰ ਸ਼ਰਨ ਤੋਂ ਇਲਾਵਾ ਖਾਣਾ ਦਿੱਤਾ ਜਾ ਰਿਹਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਸ ਹਮਲੇ ਦੇ ਤੁਰੰਤ ਬਾਅਦ ਸਿੱਖਾਂ ਨੇ ਟਵੀਟ ਕੀਤੇ ਕਿ ਇਸ ਔਖੀ ਘੜੀ ਵਿੱਚ ਉਨ੍ਹਾਂ ਦੇ ਧਾਰਮਿਕ ਸਥਾਨਾਂ ਦੇ ਦਰਵਾਜ਼ੇ ਖੁੱਲ੍ਹੇ ਹਨ। ਦਿ ਮੈਟਰੋ.ਕੋ.ਯੂਕੇ ਦੀ ਰਿਪੋਰਟ ਮੁਤਾਬਕ ਸਿੱਖਾਂ ਦੇ ਬੇਮਿਸਾਲ ਏਕਤਾ ਦਿਖਾਉਂਦਿਆਂ ਨੇੜਲੇ ਗੁਰਦੁਆਰਿਆਂ ਦੇ ਮੈਪ ਪੋਸਟ ਕੀਤੇ ਤਾਂ ਜੋ ਪੀੜਤ ਉਥੇ ਜਾ ਕੇ ਸ਼ਰਨ ਲੈ ਸਕਣ। ਗਲਾਸਗੋ ਗੁਰਦੁਆਰੇ ਨੇ ਟਵੀਟ ਕੀਤਾ, 'ਅੱਜ ਰਾਤ ਦੇ ਹਮਲੇ ਦੇ ਪੀੜਤਾਂ ਦੀ ਮਦਦ ਤੇ ਸਮਰਥਨ ਲਈ ਲੰਡਨ ਵਿੱਚ ਗੁਰਦੁਆਰਾ ਤਿਆਰ ਹੈ।'

ਲੰਡਨ ਬ੍ਰਿਜ ਵਿੱਚ ਫਸੇ ਲੋਕਾਂ ਦੀ ਮਦਦ ਲਈ ਕੁੱਝ ਲੋਕਾਂ ਵੱਲੋਂ ਫੇਸਬੁੱਕ ਉਤੇ ਨਵੇਂ ਫੀਚਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਅਤਿਵਾਦੀ ਹਮਲੇ ਦੇ ਪੀੜਤਾਂ ਲਈ ਲੋਕਾਂ ਵੱਲੋਂ ਖਾਣਾ, ਕੱਪੜੇ ਅਤੇ ਇਥੋਂ ਤਕ ਕਿ ਖ਼ੂਨਦਾਨ ਦੀ ਪੇਸ਼ਕਸ਼ ਵੀ ਕੀਤੀ ਜਾ ਰਹੀ ਹੈ।

1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਯਾਦ ਵਿੱਚ ਕੇਂਦਰੀ ਲੰਡਨ ਵਿੱਚ ਟ੍ਰੈਫਾਲਗਰ ਸਕੁਏਰ ਵਿੱਚ ਤਕਰੀਬਨ 25 ਹਜ਼ਾਰ ਤੋਂ ਵੱਧ ਸਿੱਖਾਂ ਦੇ ਇਕੱਤਰ ਹੋਣ ਦੀ ਸੰਭਾਵਨਾ ਹੈ। ਸਿੱਖ ਫ਼ੈਡਰੇਸ਼ਨ ਯੂਕੇ ਨੇ ਦੱਸਿਆ, 'ਮੈਟਰੋਪਾਲੀਟਨ ਪੁਲੀਸ ਨਾਲ ਯਾਦਗਾਰੀ ਤੇ ਆਜ਼ਾਦੀ ਦੇ ਪ੍ਰੋਗਰਾਮ ਦੇ ਪ੍ਰਬੰਧਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਅਸੀਂ ਸਹਿਮਤੀ ਨਾਲ ਇਸ ਫ਼ੈਸਲੇ ਉਤੇ ਪੁੱਜੇ ਕਿ ਇਹ ਪ੍ਰੋਗਰਾਮ ਜਾਰੀ ਰਹੇਗਾ। ਇਸ ਨਾਲ ਸਾਰੇ ਅਤਿਵਾਦੀਆਂ ਨੂੰ ਸਖ਼ਤ ਸੰਦੇਸ਼ ਮਿਲੇਗਾ ਕਿ 1984 ਵਿੱਚ ਜਾਨਾਂ ਗੁਆਉਣ ਵਾਲੇ ਦਸ ਹਜ਼ਾਰ ਸਿੱਖਾਂ ਨੂੰ ਯਾਦ ਕਰਨ ਤੋਂ ਉਹ ਸਾਨੂੰ ਕਦੇ ਵੀ ਰੋਕ ਨਹੀਂ ਸਕਣਗੇ। ਇਸ ਤੋਂ ਇਲਾਵਾ ਇਹ ਸਮਾਗਮ ਕੁੱਝ ਹਫ਼ਤੇ ਪਹਿਲਾਂ ਮੈਨਚੈਸਟਰ ਤੇ ਲੰਡਨ ਵਿੱਚ ਮਾਰੇ ਗਏ ਬੇਕਸੂਰ ਲੋਕਾਂ ਨੂੰ ਯਾਦ ਕਰਨ ਅਤੇ ਫੱਟੜਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦਾ ਮੌਕਾ ਵੀ ਹੋਵੇਗਾ।

## ਮਨੀਲਾ ਵਿਚ ਫਾਈਨਾਂਸਰ ਪੰਜਾਬੀ ਨੌਜਵਾਨ ਦਾ ਕਤਲ

**ਤਲਵੰਡੀ ਭਾਈ/ਬਿਊਰੋ ਨਿਊਜ਼ :** ਜ਼ਿਲ੍ਹਾ ਫ਼ਿਰੋਜ਼ਪੁਰ ਦੇ ਕਸਬਾ ਤਲਵੰਡੀ ਭਾਈ ਨਜ਼ਦੀਕ ਸਥਿਤ ਪਿੰਡ ਹਕੂਮਤ ਸਿੰਘ ਵਾਲਾ ਦੇ ਮਨੀਲਾ ਰਹਿੰਦੇ ਇਕ ਨੌਜਵਾਨ ਦੀ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਮੇਲ ਸਿੰਘ (31) ਪੁੱਤਰ ਬਲਵੰਤ ਸਿੰਘ ਵਾਸੀ ਹਕੂਮਤ ਸਿੰਘ ਵਾਲਾ ਕਰੀਬ 9 ਵਰ੍ਹੇ ਪਹਿਲਾਂ ਫਿਲਪਾਈਨ (ਮਨੀਲਾ) ਵਿਖੇ ਗਿਆ ਸੀ ਅਤੇ ਉੱਥੇ ਕਸਬਾ ਲੌਂਗਪੁਰ ਵਿਖੇ ਰਹਿ ਕੇ ਫਾਈਨਾਂਸ ਦਾ ਕਾਰੋਬਾਰ ਕਰਦਾ ਸੀ। ਬੀਤੇ ਦਿਨ ਉਹ ਰੋਜ਼ਾਨਾ ਦੀ ਤਰ੍ਹਾਂ ਉੱਥੋਂ ਦੇ ਲੋਕਾਂ ਨੂੰ ਦਿੱਤੇ ਕਰਜ਼ੇ ਦੀ ਉਗਰਾਹੀ ਕਰਨ ਗਿਆ ਸੀ ਅਤੇ ਉਗਰਾਹੀ ਕਰਕੇ ਪਰਤਣ ਮੌਕੇ ਰਸਤੇ ਵਿਚ ਉਸ ਉੱਪਰ ਦੋ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਦੇ ਚੱਲਦਿਆਂ ਉਸ ਦੀ ਮੌਤ ਹੋ ਗਈ। ਇਹ ਵਿਅਕਤੀ ਗੁਰਮੇਲ ਸਿੰਘ ਨੂੰ ਗੋਲੀਆਂ ਮਾਰ ਕੇ ਉਸ ਕੋਲ ਮੌਜੂਦ ਨਕਦੀ, ਕਾਗਜ਼ਾਤ ਅਤੇ ਉਸ ਦਾ ਮੋਟਰਸਾਈਕਲ ਲੈ ਕੇ ਫਰਾਰ ਹੋ ਗਏ। ਗੁਰਮੇਲ ਸਿੰਘ ਦੇ ਪਿਤਾ ਬਲਵੰਤ ਸਿੰਘ ਨੇ ਦੱਸਿਆ ਕਿ ਪਰਿਵਾਰ ਦੀ ਹਾਲਤ ਚੰਗੀ ਨਾ ਹੋਣ ਕਾਰਨ ਉਸ ਨੇ ਸਾਲ 2008 ਵਿਚ ਆਪਣੇ ਪੁੱਤਰ ਨੂੰ ਮਨੀਲਾ ਭੇਜਿਆ ਸੀ ਤੇ ਦੋ ਸਾਲ ਪਹਿਲਾਂ ਉਨ੍ਹਾਂ ਨੇ ਗੁਰਮੇਲ ਸਿੰਘ ਦਾ ਵਿਆਹ ਕੀਤਾ ਸੀ ਅਤੇ ਉਸ ਦੇ ਘਰ ਇਕ ਸਾਲ ਦਾ ਬੇਟਾ ਵੀ ਹੈ। ਉਨ੍ਹਾਂ ਦੱਸਿਆ ਕਿ ਉਸ ਦਾ ਵੱਡਾ ਬੇਟਾ ਸੁਖਵਿੰਦਰ ਸਿੰਘ ਵੀ ਮਨੀਲਾ ਵਿਖੇ ਰਹਿ ਰਿਹਾ ਹੈ, ਜਿਸ ਨੇ ਫੋਨ ਕਰਕੇ ਵਾਪਰੇ ਭਾਣੇ ਦੀ ਖ਼ਬਰ ਦਿੱਤੀ ਹੈ। ਗੁਰਮੇਲ ਸਿੰਘ ਦੇ ਭਰਾ ਅਤੇ ਉੱਥੇ ਰਹਿੰਦੇ ਹੋਰ ਭਾਰਤੀਆਂ ਵੱਲੋਂ ਗੁਰਮੇਲ ਸਿੰਘ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ।

## ਅਮਰੀਕਾ ਦਾ ਵੀਜ਼ਾ ਲੈਣ ਲਈ ਸ਼ਰਤਾਂ ਹੋਈਆਂ ਹੋਰ ਸਖ਼ਤ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਆਉਣ ਦੀ ਇੱਛਾ ਰੱਖਣ ਵਾਲਿਆਂ ਨੂੰ ਹੁਣ ਆਪਣੇ ਵੀਜ਼ੇ ਦੀ ਅਰਜ਼ੀ ਦੇ ਨਾਲ 5 ਸਾਲ ਦਾ ਸੋਸ਼ਲ ਮੀਡੀਆ ਰਿਕਾਰਡ ਅਤੇ 15 ਸਾਲ ਦਾ ਚਰਿੱਤਰ ਪ੍ਰਮਾਣ ਪੱਤਰ ਪੇਸ਼ ਕਰਨਾ ਹੋਵੇਗਾ। ਇਮੀਗਰੇਸ਼ਨ ਵਿਭਾਗ ਦੇ ਇਸ ਨਾਲ ਸੰਬੰਧਤ ਪ੍ਰਸਤਾਵ ਨੂੰ ਟਰੰਪ ਪ੍ਰਸ਼ਾਸਨ ਨੇ ਆਪਣੀ ਪ੍ਰਵਾਨਗੀ ਦੇ ਦਿੱਤੀ ਹੈ। ਮੰਨਿਆ ਜਾਂਦਾ ਹੈ ਕਿ ਵੀਜ਼ਾ ਹਾਸਲ ਕਰਨ ਦੀ ਸਖ਼ਤ ਕੀਤੀ ਗਈ ਪ੍ਰਕਿਰਿਆ ਨਾਲ ਅਮਰੀਕਾ ਆਉਣ ਵਾਲੇ ਲੋਕਾਂ ਦੀ ਗਿਣਤੀ ਵਿਚ ਕਮੀ ਹੋਵੇਗੀ। ਆਲੋਚਕਾਂ ਦਾ ਕਹਿਣਾ ਹੈ ਕਿ ਇਸ ਨਾਲ ਵਿਦੇਸ਼ੀ ਵਿਦਿਆਰਥੀਆਂ ਅਤੇ ਵਿਗਿਆਨੀਆਂ ਨੂੰ ਵੀ ਅਮਰੀਕਾ ਆਉਣ ਵਿਚ ਮੁਸ਼ਕਲ ਪੇਸ਼ ਆਵੇਗੀ। ਇਸ ਦਾ ਮਾੜਾ ਅਸਰ ਅਮਰੀਕਾ ਦੀ ਤਰੱਕੀ 'ਤੇ ਵੀ ਪਵੇਗਾ।

## ਹਰਪ੍ਰੀਤ ਕੌਰ ਦਾ ਕਾਵਿ-ਸੰਗ੍ਰਹਿ 'ਦਹਿਲੀਜ਼ ਦੇ ਆਰ-ਪਾਰ' ਰਿਲੀਜ਼



**ਸਟਾਕਟਨ/ਬਿਊਰੋ ਨਿਊਜ਼ :**

ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਸਭਾ ਦੀ ਮੈਂਬਰ ਹਰਪ੍ਰੀਤ ਕੌਰ ਧੂਤ ਦਾ ਪਲੇਠਾ ਕਾਵਿ-ਸੰਗ੍ਰਹਿ 'ਦਹਿਲੀਜ਼ ਦੇ ਆਰ ਪਾਰ' ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਡਾ. ਮੋਹਨ ਤਿਆਗੀ ਅਤੇ ਪ੍ਰੋ. ਨਵਰੂਪ ਕੌਰ (ਹੰਸ ਰਾਜ ਮਹਿਲਾ ਕਾਲਜ ਜਲੰਧਰ) ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਹਰਜਿੰਦਰ ਪੰਧੇਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਪੁਸਤਕ ਦੀ ਘੁੰਡ ਚੁਕਾਈ ਮਗਰੋਂ ਇਸ ਬਾਰੇ ਸੰਵਾਦ ਰਚਾਇਆ ਗਿਆ। ਇਸ ਵਿੱਚ ਮਹਿਮਾਨਾਂ ਦੇ ਨਾਲ ਨਾਲ ਤ੍ਰਿਪਤ ਸਿੰਘ ਭੱਟੀ, ਹਰਨੇਕ ਸਿੰਘ, ਦਿੱਲ ਨਿੱਜਰ, ਮਲਕੀਤ ਸਿੰਘ ਬੋਪਾਰਾਏ ਅਤੇ ਬੱਲ ਬਹਾਦਰ ਸਿੰਘ ਨੇ ਵੀ ਭਾਗ ਲਿਆ। ਹਰਪ੍ਰੀਤ ਕੌਰ ਨੇ ਆਪਣੇ ਨਵ-ਰਚਿਤ ਕਾਵਿ-ਸੰਗ੍ਰਹਿ ਵਿਚੋਂ ਕੁਝ ਚੋਣਵੀਆਂ ਕਵਿਤਾਵਾਂ ਦਾ ਪਾਠ ਕੀਤਾ।

ਇਸ ਤੋਂ ਬਾਅਦ ਕਵੀ ਦਰਬਾਰ ਸਜਿਆ ਜਿਸ ਵਿੱਚ ਉਪਰੋਕਤ ਸੱਜਣਾ ਤੋਂ ਇਲਾਵਾ ਜਯੋਤੀ ਸਿੰਘ, ਬਲਜੀਤ ਕੌਰ ਸੰਘਾ, ਮਨਜੀਤ ਕੌਰ ਸੰਧੂ, ਗੁਰਪ੍ਰੀਤ ਕੌਰ ਅਤੇ ਮਰਿਗਇੰਦਰ ਪੰਧੇਰ ਨੇ ਹਿੱਸਾ ਲਿਆ। ਮੇਜ਼ਬਾਨੀ ਹਰਪ੍ਰੀਤ ਕੌਰ ਦੇ ਪਤੀ ਸਰਬਜੀਤ ਸਿੰਘ ਧੂਤ ਨੇ ਕੀਤੀ।

## ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਸੈਂਟਰਲ ਵੈਲੀ ਦੇ ਗੁਰਦੁਆਰਾ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਅਤੇ ਸੰਤ ਰਾਮਾਨੰਦ ਜੀ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ ਕੀਤਾ ਗਿਆ। ਇਸੇ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਸਮਾਗਮ ਹੋਏ। ਇਨ੍ਹਾਂ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਰਾਮ ਸਿੰਘ ਦੇ ਜਥੇ ਨੇ ਕੀਰਤਨ ਸਰਵਣ ਕਰਵਾਇਆ। ਇਸ ਮਗਰੋਂ ਅਮਨਦੀਪ ਸਿੰਘ ਅਤੇ ਇੰਦਰਜੀਤ ਸਿੰਘ ਨੇ ਵੀ ਸ਼ਬਦ ਗਾਇਨ ਕੀਤੇ। ਇਸੇ ਦੌਰਾਨ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਧਾਰਮਿਕ ਗੀਤ ਗਾਏ। ਇਸ ਸਮੇਂ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ।

## ਸ. ਗੁਰਦੇਵ ਸਿੰਘ ਕੰਗ ਨਿਊਯਾਰਕ ਸਿਟੀ ਦੇ ਮਨੁੱਖੀ ਅਧਿਕਾਰ ਸਿਟੀ ਕਮਿਸ਼ਨਰ ਨਿਯੁਕਤ

**ਨਿਊਯਾਰਕ/ਬਿਊਰੋ ਨਿਊਜ਼ :** ਨਿਊਯਾਰਕ ਸਿਟੀ ਦੇ ਮੇਅਰ ਬਿਲ ਡੀ ਬਿਲਾਸਿਓ ਨੇ ਅਮਰੀਕਨ ਸਿੱਖ ਬਿਜ਼ਨਸਮੈਨ ਅਤੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਦੇ ਸਾਬਕਾ ਪ੍ਰਧਾਨ ਸ. ਗੁਰਦੇਵ ਸਿੰਘ ਕੰਗ ਨੂੰ ਨਿਊਯਾਰਕ ਸਿਟੀ ਦੇ ਮਨੁੱਖੀ ਅਧਿਕਾਰ ਸਿਟੀ ਕਮਿਸ਼ਨਰ ਨਿਯੁਕਤ ਕੀਤਾ ਹੈ। ਇਸ ਸਬੰਧ ਵਿਚ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਸੰਗਤ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਅਤੇ ਸੰਤ ਬਾਬਾ ਪ੍ਰੇਮ ਸਿੰਘ ਵਲੋਂ ਸ. ਗੁਰਦੇਵ ਸਿੰਘ ਕੰਗ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ. ਕੰਗ ਨੇ ਅਕਾਲ ਪੁਰਖ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਾ ਸਿਰਫ ਉਨ੍ਹਾਂ ਲਈ ਬਲਕਿ ਪੂਰੀ ਸਿੱਖ ਕੌਮ ਲਈ ਬਹੁਤ ਮਾਣ ਵਾਲੀ ਗੱਲ ਹੈ। ਸ. ਕੰਗ ਨੇ ਕਿਹਾ ਕਿ ਉਹ ਇਹ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਜ਼ਿਕਰਯੋਗ ਹੈ ਕਿ ਸ. ਕੰਗ ਸੰਨ 2002 ਤੋਂ ਕਮਿਊਨਿਟੀ ਬੋਰਡ ਦੇ ਮੈਂਬਰ ਹਨ। ਉਹ 2014 ਤੋਂ ਪੁਲੀਸ ਪਲਾਜ਼ਾ ਦੇ ਕੈਲਰਜੀ ਮੈਂਬਰ ਹਨ ਅਤੇ 2015 ਤੋਂ ਮੇਅਰ ਬਿਲ ਡੀ ਬਿਲਾਸਿਓ ਦੀ ਰਿਲੀਜੀਅਸ ਫੇਥ ਅਡਵਾਈਜ਼ਰੀ ਕਮੇਟੀ ਦੇ ਮੈਂਬਰ ਵੀ ਹਨ। ਸ. ਗੁਰਦੇਵ ਸਿੰਘ ਕੰਗ ਨਿਊਯਾਰਕ ਦੇ ਪਹਿਲੇ ਦਸਤਾਰਧਾਰੀ ਸਿੱਖ ਹਨ, ਜਿਨ੍ਹਾਂ ਨੂੰ ਇਹ ਅਹੁਦਾ ਮਿਲਿਆ ਹੈ।

## ਪੰਜਾਬੀ ਸ਼ਾਇਰ ਗੁਰਦਿਆਲ ਸਿੰਘ 'ਨੂਰਪੁਰੀ' ਦੀਆਂ ਕਾਵਿ ਪੁਸਤਕਾਂ 11 ਜੂਨ ਐਤਵਾਰ ਨੂੰ ਲੋਕ ਅਰਪਣ ਹੋਣਗੀਆਂ

**ਯੂਨੀਅਨ ਸਿਟੀ/ਪ੍ਰਮਿੰਦਰ ਸਿੰਘ 'ਪ੍ਰਵਾਨਾ':** ਸਥਾਨਕ ਪੰਜਾਬੀ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਦੀਆਂ ਕਾਵਿ ਪੁਸਤਕਾਂ ਰਹਿਮਤਾਂ/ਧਾਰਮਿਕ ਗੀਤ ਅਤੇ ਤਰਕਾਂ ਗੀਤ ਸੰਗ੍ਰਹਿ 11 ਜੂਨ 2017 ਦਿਨ ਐਤਵਾਰ ਬਾਅਦ ਦੁਪਹਿਰ 2 ਵਜੇ ਯੂਨੀਅਨ ਸਿਟੀ ਲਾਇਬਰੇਰੀ (34007 ALVAR ADO NILES ROAD, UNION CITY CA. 94587) ਵਿਖੇ ਸਥਾਨਕ ਸਾਹਿਤਕਾਰਾਂ, ਸਾਹਿਤ ਰਸੀਏ, ਭਾਈਚਾਰਕ ਜਥੇਬੰਦੀਆਂ, ਕਾਰੋਬਾਰੀਆਂ ਅਤੇ ਪਤਵੰਤਿਆਂ ਦੀ ਭਾਰੀ ਹਾਜ਼ਰੀ ਵਿਚ ਲੋਕ ਅਰਪਣ ਹੋਣਗੀਆਂ। ਯਾਦ ਰਹੇ ਕਿ ਨੂਰਪੁਰੀ ਦੀ ਪਹਿਲੀ ਪੁਸਤਕ "ਬਿਨ ਬਾਲਣ ਦੇ ਸਾੜਨ ਧੀਆਂ" ਪਹਿਲਾਂ ਹੀ ਪੰਜਾਬੀ ਪਾਠਕਾਂ ਧਿਆਨ ਗੋਚਰੇ ਹੋ ਚੁੱਕੀ ਹੈ। ਨੂਰਪੁਰੀ ਪ੍ਰੌਢ ਸਾਹਿਤਕਾਰ, ਧਾਰਮਿਕ ਕਵੀ ਦਰਬਾਰ ਦੀ ਵੀ ਸ਼ਾਨ ਮੰਨੇ ਜਾਂਦੇ ਹਨ। ਅਖ਼ਬਾਰਾਂ ਅਤੇ ਰੇਡੀਓ ਰਾਹੀਂ ਵੀ ਆਪਣੀਆਂ ਕਵਿਤਾਵਾਂ ਸਾਂਝੀਆਂ ਕਰਦੇ ਰਹਿੰਦੇ ਹਨ। ਪ੍ਰੋਗਰਾਮ ਵਿਚ ਗੀਤ ਸੰਗੀਤ ਦੇ ਸਭਿਆਚਰਕ ਦੌਰ ਵਿਚ ਕਾਵਿ ਪੁਸਤਕਾਂ ਦੇ ਪਰਚਾ- ਪਾਠ ਵਿਚ ਸਾਹਿਤਕਾਰ ਪ੍ਰਮਿੰਦਰ ਸਿੰਘ 'ਪ੍ਰਵਾਨਾ' ਅਤੇ ਦਿਲ ਨਿੱਜਰ ਸ਼ਾਮਲ ਹੋਣਗੇ। ਹਾਜ਼ਰ ਕਵੀ ਆਪਣੀਆਂ ਕਵਿਤਾਵਾਂ ਰਾਹੀਂ ਸਾਂਝ ਪਾਉਣਗੇ। ਜਲ ਪਾਨ ਨਿਰੰਤਰ ਚਲਦਾ ਰਹੇਗਾ। ਦਾਖਲਾ ਸਿਰਫ਼ ਸਦਾ ਪੱਤਰ ਰਾਹੀਂ ਹੈ। ਸਮਾਗਮ ਵਿਚ ਸ਼ਾਮਲ ਹੋਣ ਲਈ ਸੰਪਰਕ ਕਰੋ Email: Punjabipoet@gmail.com ਫੋਨ ਨੰਬਰ 510-415-9377 ਜਾਂ 408-204-7985 ਅਤੇ 408-659-5880 ਹੈ ਆਪਣੀ ਹਾਜ਼ਰੀ ਯਕੀਨਨ ਬਣਾਉਣ ਲਈ 8 ਜੂਨ 2017 ਤੱਕ ਸੂਚਿਤ ਕਰਨਾ ਜ਼ਰੂਰੀ ਹੈ, ਤਾਂ ਜੋ ਯੋਗ ਪ੍ਰਬੰਧ ਕੀਤਾ ਜਾ ਸਕੇ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.
Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE
408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

**ਜੂਨ 1984 ਫੌਜੀ ਹਮਲਾ**

# ਫੌਜੀ ਹਮਲੇ ਦੌਰਾਨ ਇਕ ਅੱਖ ਦੀ ਰੌਸ਼ਨੀ ਅਤੇ ਜ਼ਿੰਦਗੀ ਦੇ ਪੰਜ ਸਾਲ ਗਵਾਉਣ ਵਾਲੀ ਬੀਬੀ ਇੰਦਰਜੀਤ ਕੌਰ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ :** ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਉਪਰ ਕੀਤੇ ਗਏ ਫੌਜੀ ਹਮਲੇ ਦੌਰਾਨ ਭਾਰਤੀ ਫੌਜ ਵਲੋਂ ਜਿਥੇ ਸੈਂਕੜੇ ਸਿੰਘ ਸਿੰਘਣੀਆਂ ਨੂੰ "ਅੱਤਵਾਦੀ" ਦੱਸ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਉਥੇ 367 ਸ਼ਰਧਾਲੂਆਂ ਨੂੰ ਦੇਸ਼ ਖ਼ਿਲਾਫ਼ ਜੰਗ ਲੜਨ ਦੇ ਦੋਸ਼ ਤਹਿਤ ਜੋਧਪੁਰ ਦੀ ਹਾਈ ਸਕਿਉਰਿਟੀ ਜੇਲ੍ਹ ਵਿੱਚ ਬੰਦ ਕਰ ਦਿੱਤਾ। ਜਿਥੋਂ ਇਨ੍ਹਾਂ ਲੋਕਾਂ ਨੂੰ 5 ਸਾਲ ਬਾਅਦ ਰਿਹਾਅ ਕਰ ਦਿੱਤਾ ਗਿਆ। ਜੋਧਪੁਰ ਜੇਲ੍ਹ ਵਿੱਚ ਨਜ਼ਰਬੰਦ ਰਹੀਆਂ ਦੋ ਸਿੱਖ ਬੀਬੀਆਂ 'ਚੋਂ ਇੱਕ ਬੀਬੀ ਇੰਦਰਜੀਤ ਕੌਰ ਹੈ, ਜਿਸ 'ਤੇ ਫੌਜ ਨੇ ਦੋਸ਼ ਲਗਾਇਆ ਕਿ ਉਸ ਨੇ 36 ਘੰਟੇ ਫੌਜ 'ਤੇ ਗੋਲੀ ਚਲਾਈ'।

ਬੀਬੀ ਇੰਦਰਜੀਤ ਕੌਰ ਪਤਨੀ ਭਾਈ ਹਰਚਰਨ ਸਿੰਘ, ਸਥਾਨਕ ਆਟਾ ਮੰਡੀ ਸਥਿਤ ਰਿਹਾਇਸ਼ 'ਤੇ ਰਹਿ ਰਹੇ ਹਨ। ਰਿਸ਼ਤੇ ਵਿੱਚ ਇਹ ਬੀਬੀ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਕਰੀਬੀ ਹਨ। ਜੂਨ 84 ਵਿੱਚ ਸ੍ਰੀ ਦਰਬਾਰ ਸਾਹਿਬ ਉਪਰ ਹਮਲੇ ਦੌਰਾਨ ਭਾਰਤੀ ਫੌਜ ਦੇ ਵਹਿਸ਼ੀਆਨਾ ਵਰਤਾਰੇ ਨੂੰ ਯਾਦ ਕਰਕੇ ਅੱਖਾਂ ਨਮ ਕਰ ਲੈਂਦੀ ਹੈ ਬੀਬੀ ਇੰਦਰਜੀਤ ਕੌਰ।

'ਗੁਰੂ ਸਾਹਿਬ ਦੀ ਕਿਰਪਾ ਸਦਕਾ ਤੜਕ ਸਵੇਰ ਸ੍ਰੀ ਦਰਬਾਰ ਸਾਹਿਬ ਜਾਣਾ, ਗੁਰੂ ਸਾਹਿਬ ਦਾ ਪਹਿਲਾ ਹੁਕਮਨਾਮਾ ਸੁਣਨਾ, ਫਿਰ ਛਬੀਲ 'ਤੇ ਬਰਤਨਾਂ ਦੀ ਸੇਵਾ ਕਰਨੀ, ਮੇਰੀ ਰੋਜ਼ਮੱਰਾ ਜ਼ਿੰਦਗੀ ਦਾ ਹਿੱਸਾ ਸੀ। ਸਭ ਤੋਂ ਛੋਟਾ ਬੇਟਾ ਡੇਢ ਸਾਲ ਦਾ ਸੀ, ਵੱਡਾ ਸੱਤ ਸਾਲ ਦਾ ਅਤੇ ਦੋ ਬੇਟੀਆਂ। ਛੋਟਾ ਜਿਹਾ ਪਰਿਵਾਰ ਰੱਬ ਦੀ ਮਿਹਰ ਨਾਲ ਸਭ ਠੀਕ ਠਾਕ ਚੱਲ ਰਿਹਾ ਸੀ। 4 ਜੂਨ 1984 ਨੂੰ ਰੋਜ਼ ਵਾਂਗ ਸ੍ਰੀ ਦਰਬਾਰ ਸਾਹਿਬ ਗਈ, ਪਾਲਕੀ ਦੇ ਨਾਲ ਹੀ ਹੋ ਦਰਬਾਰ ਸਾਹਿਬ ਦੇ ਅੰਦਰ ਬੈਠ ਗੁਰੂ ਮਹਾਰਾਜ ਦੇ ਦਰਸ਼ਨ ਕੀਤੇ। ਹੈੱਡ ਗ੍ਰੰਥੀ ਗਿਆਨੀ ਸੋਹਨ ਸਿੰਘ ਹੁਰਾਂ



ਬੀਬੀ ਇੰਦਰਜੀਤ ਕੌਰ

ਹੁਕਮਨਾਮਾ ਲਿਆ 'ਹਸਤੀ ਸਿਰ ਜਿਉਂ ਅੰਕੁਸ ਹੈ ਅਹਿਰਣ ਜਿਉਂ ਸਿਰ ਦੇ'। ਸਿੰਘ ਸਾਹਿਬ ਰੁਮਾਲਾ ਸਾਹਿਬ ਚੜ੍ਹਾ ਰਹੇ ਸਨ ਜਦੋਂ ਇਕ ਦਮ ਜ਼ੋਰਦਾਰ ਧਮਾਕੇ ਨਾਲ ਸਭ ਕੁਝ ਦਹਿਲ ਗਿਆ। ਕੋਈ 8 ਕੁ ਵਜੇ ਦੇ ਕਰੀਬ ਬਚ ਬਚਾ ਕੇ ਕੜਾਹ ਪ੍ਰਸ਼ਾਦਿ ਵਾਲੀ ਬਾਹੀ ਸੇਵਾ ਵਾਲੇ ਕਮਰੇ ਤੀਕ ਪੁਜੀ। ਕਾਫੀ ਬੀਬੀਆਂ ਸਹਿਮੀਆਂ ਬੈਠੀਆਂ ਸਨ। ਸੰਗਤ ਹੀ ਸਰੋਵਰ ਦਾ ਜਲ ਲਿਆ ਕੇ ਛਕਾ ਰਹੀ ਸੀ। ਹੋ ਰਹੀ ਗੋਲੀਬਾਰੀ ਵਿੱਚ ਭਾਈ ਫੌਜਾ ਸਿੰਘ ਦੀ ਸਿੰਘਣੀ ਬੀਬੀ ਅਮਰਜੀਤ ਕੌਰ ਦੀ ਰਿਸ਼ਤੇ 'ਚੋਂ ਭੈਣ, ਪਰਮਜੀਤ ਕੌਰ ਗੋਲੀ ਲੱਗਣ ਨਾਲ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਮੇਰੇ ਉਪਰ ਡਿੱਗ ਪਈ। ਇੱਕ ਗ੍ਰਨੇਡ ਦੇ ਛਰੇ ਮੇਰੇ ਸਰੀਰ 'ਤੇ ਖੱਬੀ ਅੱਖ ਵਿੱਚ ਵੀ ਲੱਗੇ। 6 ਤਰੀਕ ਨੂੰ ਸ਼ਾਮ ਤੀਕ ਸਾਨੂੰ ਫੌਜ ਛਾਉਣੀ ਲੈ ਗਈ। ਮੇਰੇ 'ਤੇ ਦੋਸ਼ ਲਗਾਇਆ 'ਇਹ 36 ਘੰਟੇ ਫੌਜ 'ਤੇ ਗੋਲੀ ਚਲਾਉਂਦੀ ਰਹੀ ਏ'। ਮੈਂ ਵੀ ਜ਼ਖਮੀ ਸਾਂ, ਫੌਜ ਦੀ ਨਿਗਰਾਨੀ ਹੇਠ ਗੁਰੂ ਤੇਗ ਬਹਾਦਰ ਹਸਪਤਾਲ ਵਿਖੇ ਮੇਰਾ ਇੱਕ ਮਹੀਨਾ ਇਲਾਜ ਕਰਵਾਇਆ ਗਿਆ ਸਿਰਫ ਸੱਟਾਂ ਦਾ। ਅੱਖ ਵਿੱਚ ਤਾਂ ਸਿਰਫ ਮਾਮੂਲੀ ਦਾਰੂ ਹੀ ਪਾਉਂਦੇ ਰਹੇ ਤੇ ਮੇਰੀ ਅੱਖ ਦੀ ਰੌਸ਼ਨੀ ਜਾਂਦੀ ਰਹੀ।

ਕੋਈ ਤਿੰਨ ਮਹੀਨੇ ਫੌਜ ਦੀ ਹਿਰਾਸਤ ਵਿੱਚ ਰੱਖਣ ਉਪਰੰਤ 6 ਮਹੀਨੇ ਨਾਭਾ ਜੇਲ੍ਹ ਬੰਦ ਰੱਖਿਆ। ਪਰਿਵਾਰ ਨੇ ਆਪਣੇ ਤੌਰ 'ਤੇ ਭੱਜ ਨੱਠ ਕੀਤੀ, ਮੁਲਾਕਾਤਾਂ ਵੀ ਕੀਤੀਆਂ। ਵੱਡੀਆਂ ਬੱਚੀਆਂ ਦੀ ਪੜ੍ਹਾਈ ਜਾਂਦੀ ਰਹੀ। ਰਿਹਾਈ ਹੋਣ ਬਾਅਦ ਪੂਰੀ ਕਰਵਾਈ ਹੈ। ਸਰਦਾਰ ਜੀ 9 ਸਾਲ ਪਹਿਲਾਂ ਪੂਰੇ ਹੋ ਗਏ ਹਨ। ਬੱਸ ਜ਼ਿੰਦਗੀ ਠਹਿਰ ਜਿਹੀ ਗਈ ਹੈ। ਜੇਲ੍ਹ ਵਿੱਚ ਰੋਲੀ ਗਈ ਪੰਜ ਸਾਲ ਜ਼ਿੰਦਗੀ ਦੇ ਇਵਜ਼ ਵਿੱਚ 50 ਹਜ਼ਾਰ ਰੁਪਏ ਸ਼੍ਰੋਮਣੀ ਕਮੇਟੀ ਨੇ ਅਤੇ ਇੱਕ ਲਖ ਰੁਪਏ ਸਰਕਾਰ ਨੇ ਦਿੱਤੇ ਸਨ। ਨਾ ਪਰਿਵਾਰ ਤੇ ਬੱਚਿਆਂ ਦਾ ਖੋਹਿਆ ਪਿਆਰ ਮੁੜਿਆ ਤੇ ਨਾ ਅੱਖ ਦੀ ਰੌਸ਼ਨੀ। ਜੋ ਧੱਕਾ ਹੋਇਆ, ਜੋ ਸ਼ਰਧਾਲੂਆਂ 'ਤੇ ਬੀਤੀ ਰਹਿ-ਰਹਿ ਕੇ ਯਾਦ ਆਉਂਦੀ ਹੈ। ਇੰਦਰਾ ਤੇ ਜ਼ੈਲ ਸਿੰਘ ਵਲੋਂ ਦਿੱਤੇ ਜ਼ਖਮ ਅੱਜ ਵੀ ਹਰੇ ਹਨ..।

# ਦੇਸ਼ ਨੂੰ ਕੱਟੜ ਸਮਾਜ 'ਚ ਬਦਲਣ ਦਾ ਹੈ ਵਿਰੋਧ



## *ਗਊ ਹੱਤਿਆ ਰੋਕਣ ਵਾਲਾ ਨਵਾਂ ਕਾਨੂੰਨ ਨਾ ਸਿਰਫ ਸੂਬਿਆਂ ਦੇ ਅਧਿਕਾਰ, ਸਗੋਂ ਵਿਅਕਤੀਗਤ ਆਜ਼ਾਦੀ ਵਿਰੁੱਧ ਵੀ*

**ਸ਼ਸ਼ੀ ਥਰੂਰ**
**ਵਿਦੇਸ਼ ਮਾਮਲਿਆਂ ਦੀ ਸੰਸਦੀ ਕਮੇਟੀ ਦੇ ਚੇਅਰਮੈਨ ਅਤੇ ਸਾਬਕਾ ਕੇਂਦਰੀ ਮੰਤਰੀ**



ਨਵਾਂ ਗਊ ਹੱਤਿਆ ਕਾਨੂੰਨ ਤੋੜਨ ਦੇ ਮਾਮਲੇ 'ਚ ਕੇਰਲ ਵਿੱਚ ਕੁੱਝ ਸ਼ਰਾਰਤੀ ਨੌਜਵਾਨਾਂ ਨੇ ਜਨਤਕ ਤੌਰ 'ਤੇ ਗਾਂ ਦੇ ਵੱਛੇ ਦਾ ਕਤਲ ਕਰਨ ਦਾ ਅਪਰਾਧ ਕੀਤਾ, ਜਿਸ ਕਾਰਨ ਕਾਂਗਰਸ ਨੇ ਤੁਰੰਤ ਉਨ੍ਹਾਂ ਨੂੰ ਪਾਰਟੀ ਤੋਂ ਬਾਹਰ ਕੱਢ ਦਿੱਤਾ, ਪਰ ਇਸ ਤੋਂ ਬਾਅਦ ਹੋਏ ਵਿਵਾਦ ਨੇ ਇਸ ਮਾਮਲੇ ਨੂੰ ਨਵਾਂ ਰੂਪ ਦੇ ਦਿੱਤਾ। ਹਿੰਦੂਵਾਦ ਦੀ ਆਪਣੀ ਵਿਚਾਰ ਧਾਰਾ ਨੂੰ ਅੱਗੇ ਵਧਾਉਣ 'ਚ ਲੱਗੇ ਸੱਤਾਧਿਰ ਤੰਤਰ 'ਤੇ ਫਿਲਹਾਲ ਗਾਂ ਨੂੰ ਜ਼ਰੀਆ ਬਣਾਇਆ ਹੋਇਆ ਹੈ। ਗਊ-ਰੱਖਿਆ ਇਸ ਏਜੰਡੇ ਦਾ ਸਾਧਨ ਹੈ ਅਤੇ ਇਸ ਲਈ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ।

**ਗਾਂਧੀ ਜੀ ਵੀ ਗਊ ਹੱਤਿਆ ਦੇ ਵਿਰੁੱਧ ਸਨ :**

ਸੰਵਿਧਾਨ ਸਭਾ ਦੀ ਚਰਚਾ 'ਚ ਥੋੜ੍ਹੇ ਜਿਹੇ ਨੇਤਾਵਾਂ ਵੱਲੋਂ ਕੀਤਾ ਗਿਆ ਗਊ ਹੱਤਿਆ ਦਾ ਵਿਰੋਧ 'ਨੀਤੀ-ਨਿਰਦੇਸ਼ਕ ਸਿਧਾਂਤਾਂ' ਤੱਕ ਹੀ ਸੀਮਤ ਰਹਿ ਗਿਆ, ਜਿਸ ਦਾ ਆਧਾਰ ਧਰਮ ਦੀ ਥਾਂ ਅਰਥਵਿਵਸਥਾ ਹੈ। ਸੰਵਿਧਾਨ ਦਾ 48ਵਾਂ ਆਰਟੀਕਲ ਕਹਿੰਦਾ ਹੈ, "ਸੂਬਾ ਖੇਤੀ ਅਤੇ ਪਸ਼ੂ ਪਾਲਣ ਨੂੰ ਆਧੁਨਿਕ ਤੇ ਵਿਗਿਆਨਕ ਆਧਾਰ 'ਤੇ ਸੰਗਠਿਤ ਕਰਨ ਦੀ 'ਕੋਸ਼ਿਸ਼' ਕਰੇਗਾ। ਖ਼ਾਸ ਤੌਰ 'ਤੇ ਨਸਲਾਂ ਦੀ ਰਾਖੀ ਅਤੇ ਸੁਧਾਰ ਲਈ ਕਦਮ ਚੁੱਕੇਗਾ ਅਤੇ ਗਾਂ, ਵੱਛੇ ਤੇ ਹੋਰ ਦੁਧਾਰੂ ਪਸ਼ੂਆਂ ਦੀ ਹੱਤਿਆ ਨੂੰ ਰੋਕੇਗਾ। ਇਸ ਤਰ੍ਹਾਂ ਇਸ ਕੋਸ਼ਿਸ਼ ਦਾ ਸਬੰਧ ਖੇਤੀ ਅਤੇ ਪਸ਼ੂ ਪਾਲਣ ਨਾਲ ਸਬੰਧਤ ਸੀ, ਪੂਜਾ ਤੋਂ ਨਹੀਂ ਸੀ। ਗਾਂਧੀ ਜੀ ਨੇ ਖ਼ੁਦ ਕਿਹਾ ਸੀ ਕਿ ਉਹ ਮਾਂਸ ਨਹੀਂ ਖਾਂਦੇ ਅਤੇ ਨਿੱਜੀ ਤੌਰ 'ਤੇ ਗਊ ਹੱਤਿਆ ਵਿਰੁੱਧ ਹਨ, ਫਿਰ ਵੀ ਭਾਰਤ ਜਿਹੇ ਬਹੁ-ਧਰਮੀ ਦੇਸ਼ 'ਚ ਉਹ ਉਨ੍ਹਾਂ ਲੋਕਾਂ 'ਤੇ ਹਿੰਦੂਵਾਦ ਥੋਪਣ ਦੀ ਕੋਸ਼ਿਸ਼ ਨਹੀਂ ਕਰ ਸਕਦੇ, ਜੋ ਉਨ੍ਹਾਂ ਦੇ ਧਰਮ ਦੇ ਨਹੀਂ ਹਨ। ਕਈ ਹਿੰਦੂ ਇਸ ਤਰ੍ਹਾਂ ਮਹਿਸੂਸ ਕਰਦੇ ਹਨ ; ਮੈਂ ਖ਼ੁਦ ਸ਼ਾਕਾਹਾਰੀ ਹਾਂ ਅਤੇ ਜਾਨਵਰਾਂ ਦੇ ਮ੍ਰਿਤ ਸਰੀਰ ਦੇ ਸੇਵਨ ਨੂੰ ਪਸੰਦ ਨਹੀਂ ਕਰਦਾ, ਜੋ ਸੰਸਕ੍ਰਿਤੀ ਅਤੇ ਨਿੱਜੀਕਰਨ ਕਾਰਨ ਅਜਿਹਾ ਕਰਦੇ ਹਨ।

ਵਾਤਾਵਰਣ ਮੰਤਰਾਲੇ ਵੱਲੋਂ ਪਸ਼ੂਆਂ ਵਿਰੁੱਧ ਹਿੰਸਾ ਰੋਕਣ ਦੇ ਨਵੇਂ ਕਾਨੂੰਨ 2016 ਤੋਂ ਪੈਦਾ ਹੋਏ ਰੋਸ ਨੇ ਦੇਸ਼ ਭਰ 'ਚ ਵਿਚਾਰਕ ਚਰਚਾ ਸ਼ੁਰੂ ਕਰ ਦਿੱਤੀ। ਖਾਸ ਤੌਰ 'ਤੇ ਕੇਰਲ ਜਿਹੇ ਗਊ ਮਾਸ ਖਾਣ ਵਾਲੇ ਸੂਬੇ 'ਚ। ਉੱਥੇ ਦੇ ਮੁੱਖ ਮੰਤਰੀ ਨੇ ਸਖ਼ਤ ਇਤਰਾਜ਼ ਜਤਾਇਆ, ਸਾਰੇ ਸਥਾਨਕ ਰਾਜਨੀਤਕ ਪਾਰਟੀਆਂ ਦੀ ਨਿਖੇਧੀ ਕੀਤੀ, ਸੂਬੇ ਨੂੰ ਮਜਬੂਰ ਕੀਤਾ ਕਿ ਉਹ ਕੇਂਦਰ ਨੂੰ ਕੋਰਟ 'ਚ ਲੈ ਜਾਣ ਅਤੇ ਇਕਜੁਟ ਹੋਏ ਵਿਦਿਆਰਥੀ ਸੰਗਠਨਾਂ ਨੂੰ ਸੂਬੇ ਭਰ 'ਚ ਬੀਫ ਫੈਸਟੀਵਲ ਕਰਨ ਲਈ ਉਕਸਾਇਆ। ਹਾਲਾਂਕਿ ਨਵੇਂ ਕਾਨੂੰਨ ਤਹਿਤ ਨਿਯਮ ਗਊ ਮਾਸ 'ਤੇ ਸਿੱਧਾ ਪਾਬੰਦੀ ਲਗਾਉਣਾ ਨਹੀਂ, ਪਰ ਉਹ ਗਊ ਹੱਤਿਆ ਲਈ ਪਸ਼ੂਆਂ ਨੂੰ ਵੇਚਣ ਜਾਂ ਆਵਾਜਾਈ 'ਤੇ ਪਾਬੰਦੀ ਲਗਾ ਕਿ ਇਸ ਨੂੰ ਅਸੰਭਵ ਬਣਾ ਦੇਣਾ ਹੈ, ਬਸ਼ਰਤੇ ਇਹ ਚੋਰੀ-ਛੁਪੇ ਨਾ ਕੀਤਾ ਜਾਵੇ। ਇਸ ਕਾਰਨ ਕੁੱਝ ਸਵਾਲ ਉਠੇ ਹਨ, ਜਿਨ੍ਹਾਂ ਤੋਂ ਸਰਕਾਰ ਬੱਚ ਨਹੀਂ ਸਕਦੀ।

**ਕੁੱਝ ਬੁਨਿਆਦੀ ਸਵਾਲ :**

ਗਊ ਹੱਤਿਆ 'ਤੇ ਪੂਰਨ ਪਾਬੰਦੀ ਕੇਂਦਰ ਦਾ ਨਹੀਂ ਸੂਬਿਆਂ ਦੇ ਅਧਿਕਾਰ ਖੇਤਰ ਦਾ ਮਾਮਲਾ ਹੈ। ਸੰਵਿਧਾਨ ਦੀ 17ਵੀਂ ਸੂਬਾ ਅਨੁਸੂਚੀ 15 'ਚ ਪਸ਼ੂਆਂ ਦੀ ਰੱਖਿਆ, ਸੁਰੱਖਿਆ, ਨਸਲ 'ਚ ਸੁਧਾਰ, ਪਸ਼ੂ ਰੋਗਾਂ ਦੀ ਰੋਕਥਾਮ, ਪਸ਼ੂ ਪਾਲਨ ਦੀ ਸਿਖਲਾਈ ਦਾ ਜ਼ਿਕਰ ਹੈ। ਇਸ 'ਚ ਸੂਬਾ ਵਿਧਾਨ ਸਭਾ ਨੂੰ ਗਊ ਹੱਤਿਆ ਰੋਕਣ ਅਤੇ ਪਸ਼ੂਆਂ ਦੀ ਰਾਖੀ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਗਊ ਕਲਿਆਣ ਨੂੰ ਲੈ ਕੇ ਸੂਬਿਆਂ ਦੇ ਵੱਖ-ਵੱਖ ਵਿਚਾਰ ਹਨ। ਨਵਾਂ ਕਾਨੂੰਨ ਸੂਬਿਆਂ ਦੇ ਅਧਿਕਾਰਾਂ 'ਤੇ ਹਮਲਾ ਹੈ।

ਦੂਜਾ ਇਤਰਾਜ਼ ਵਿਹਾਰਕ ਹੈ। ਗਾਂ ਲਗਭਗ 8 ਸਾਲ ਤੱਕ ਦੁੱਧ ਦਿੰਦੀ ਹੈ ਅਤੇ ਉਦੋਂ ਤੱਕ ਉਹ ਇੰਨੀ ਬੁੱਢੀ ਹੋ ਜਾਂਦੀ ਹੈ ਕਿ ਉਸ ਦੀ ਕੋਈ ਹੋਰ ਵਰਤੋਂ ਸੰਭਵ ਨਹੀਂ, ਪਰ ਉਹ ਅਗਲੇ 8 ਸਾਲ ਜ਼ਿੰਦਾ ਨਹੀਂ ਰਹਿੰਦੀ। ਕਿਸਾਨਾਂ ਨੂੰ ਘੱਟੋ-ਘੱਟ 60 ਰੁਪਏ ਪ੍ਰਤੀ ਦਿਨ ਉਸ ਦੇ ਚਾਰੇ ਅਤੇ ਭੋਜਨ 'ਤੇ ਖ਼ਰਚ ਕਰਨਾ ਪੈਂਦਾ ਹੈ, ਜੋ 22 ਹਜ਼ਾਰ ਰੁਪਏ ਪ੍ਰਤੀ ਸਾਲ ਹੁੰਦਾ ਹੈ, ਮਤਲਬ 8 ਸਾਲਾਂ ਦੇ 1.76 ਲੱਖ ਰੁਪਏ। ਜਿਵੇਂ-ਤਿਵੇਂ ਗੁਜ਼ਾਰਾ ਕਰਨ ਵਾਲੇ ਕਿਸਾਨਾਂ ਲਈ ਇਹ ਵੱਡੀ ਰਕਮ ਹੈ। ਇਸ ਲਈ ਉਹ ਦੁੱਧ ਨਾ ਦੇਣ ਵਾਲੀ ਗਾਂ ਨੂੰ ਵੇਚ ਦਿੰਦੇ ਹਨ, ਆਮ ਤੌਰ 'ਤੇ ਬੀਫ ਲਈ। ਇੱਥੇ ਤਕ ਕਿ ਸਾਡੀ ਉੱਚ ਅਦਾਲਤਾਂ ਨੇ ਵੀ ਮੰਨਿਆ ਹੈ ਕਿ ਗਊ ਹੱਤਿਆ 'ਤੇ ਪੂਰਨ ਪਾਬੰਦੀ ਗਲਤ ਹੈ।

**ਆਰਥਿਕ ਦ੍ਰਿਸ਼ਟੀਕੋਣ :**

ਸਾਲ 2012 'ਚ ਕਰਵਾਈ 19ਵੇਂ ਕੌਮੀ ਪਸ਼ੂ ਗਣਨਾ ਮੁਤਾਬਕ ਭਾਰਤ 'ਚ ਲਗਭਗ 51.20 ਕਰੋੜ ਗਾਵਾਂ ਹਨ। ਉਨ੍ਹਾਂ ਦੇ ਰੱਖ-ਰਖਾਅ ਤੋਂ ਇਲਾਵਾ ਦੇਸ਼ ਦੇ ਜੰਗਲਾਂ ਦੀ ਕਟਾਈ ਅਤੇ ਲੋੜ ਤੋਂ ਵੱਧ ਚਰੇ ਜਾਣ ਦੀ ਸਮੱਸਿਆ ਨਾਲ ਨਜਿੱਠਣਾ ਪੈਂਦਾ ਹੈ। ਸੜਕਾਂ 'ਤੇ ਭਟਕਦੇ ਪਸ਼ੂਆਂ ਦੀ ਸਮੱਸਿਆ ਤਾਂ ਆਮ ਹੈ। ਪਹਿਲਾਂ ਵਾਲੀ ਨੀਤੀ 'ਚ ਇਹ ਵੀ ਧਿਆਨ ਰੱਖਿਆ ਗਿਆ ਸੀ ਕਿ ਗਊ ਹੱਤਿਆ ਪਾਬੰਦੀ ਆਰਥਿਕ ਤੌਰ 'ਤੇ ਕਮਜ਼ੋਰ ਕਿਸਾਨਾਂ 'ਤੇ ਆਰਥਿਕ ਬੋਝ ਵਧਾ ਦਿੰਦੀ ਹੈ। ਨਤੀਜੇ ਵਜੋਂ ਅਸੀਂ ਦੁਨੀਆਂ 'ਤੇ ਮੱਝ ਦੇ ਮਾਸ ਦੇ ਸਭ ਤੋਂ ਬਰਾਮਦਕਾਰ ਹਾਂ - ਜੋ ਕਰੋੜਾਂ ਡਾਲਰ ਦਾ ਬਿਜ਼ਨੈੱਸ ਹੈ। ਨਵੇਂ ਨਿਯਮਾਂ 'ਚ ਮਾਸ ਬਰਾਮਦ, ਡੇਅਰੀ, ਚਮੜੇ ਅਤੇ ਹੋਰ ਸਬੰਧਤ ਬਿਜ਼ਨੈੱਸ ਸੰਕਟ 'ਚ ਆ ਜਾਣਗੇ, ਜੋ 10 ਲੱਖ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਮਹਾਰਾਸ਼ਟਰ 'ਚ 2015 'ਚ ਲਗਾਈ ਪਾਬੰਦੀ ਕਾਰਨ 10 ਲੱਖ ਮੁਸਲਿਮ ਕਸਾਈਆਂ ਅਤੇ ਟਰੱਕਾਂ ਵਾਲਿਆਂ ਦਾ ਰੁਜ਼ਗਾਰ ਖਤਮ ਹੋ ਗਿਆ। ਦੇਸ਼ ਵਿਆਪੀ ਬੰਦ ਤਾਂ ਹੋਰ ਵੱਧ ਲੋਕਾਂ ਨੂੰ ਗਰੀਬੀ ਵੱਲ ਧੱਕ ਰਿਹਾ ਹੈ। ਗਊ ਮਾਸ ਅਜਿਹੇ ਗਰੀਬ ਹਿੰਦੂ ਵੀ ਖਾਂਦੇ ਹਨ, ਜੋ ਹੋਰ ਮਹਿੰਗਾ ਮਾਸ ਨਹੀਂ ਖਰੀਦ ਸਕਦੇ। ਅੰਕੜੇ ਦੱਸਦੇ ਹਨ ਕਿ ਸਿਰਫ 2 ਫ਼ੀਸਦੀ ਹਿੰਦੂ ਗਊ ਮਾਸ ਖਾਂਦੇ ਹਨ, ਪਰ ਇਸ ਦੋ ਫ਼ੀਸਦੀ ਦਾ ਮਤਲਬ ਹੁੰਦਾ ਹੈ ਢਾਈ ਕਰੋੜ ਲੋਕ। ਦੇਸ਼ 'ਚ ਗਊ ਮਾਸ ਖਾਣ ਵਾਲਾ ਦੂਜਾ ਸਭ ਤੋਂ ਵੱਡਾ ਵਰਗ। ਇਸ 'ਚ 70 ਫ਼ੀਸਦੀ ਐਸ.ਸੀ.-ਐਸ.ਟੀ. ਅਤੇ 21 ਫ਼ੀਸਦੀ ਓ.ਬੀ.ਸੀ. ਵਰਗ ਤੋਂ ਹੈ। ਇਸ ਲਈ ਸਰਕਾਰ ਦਾ ਫੈਸਲਾ ਭੇਦਭਾਵ ਵਾਲਾ ਹੈ, ਕਿਉਂਕਿ ਇਹ ਗਰੀਬਾਂ ਅਤੇ ਅਮੀਰਾਂ 'ਚ ਫਰਕ ਪੈਦਾ ਕਰਦਾ ਹੈ। ਪਰ ਅਸਲੀ ਚਿੰਤਾ ਤਾਂ ਆਜ਼ਾਦੀ ਦੀ ਹੈ। ਭਾਰਤ ਦੇ ਵਜੂਦ 'ਚ ਜ਼ਿਆਦਾਤਰ ਸਾਡਾ ਰਵੱਈਆ 'ਜਿਓ ਅਤੇ ਜੀਣ ਦਿਓ' ਵਾਲਾ ਰਿਹਾ ਹੈ। ਕਈ ਹਿੰਦੂਆਂ ਵਾਂਗ ਮੈਂ ਵੀ ਕਦੇ ਨਹੀਂ ਸੋਚਿਆ ਸੀ ਕਿ ਦੂਜੇ ਕੀ ਖਾਣ ਇਹ ਤੈਅ ਕਰਨਾ ਮੇਰਾ ਕੰਮ ਹੈ। ਭਾਰਤੀ ਆਪਣੇ ਰਲੇ-ਮਿਲੇ ਸਮਾਜ 'ਚ ਆਮ ਤੌਰ 'ਤੇ ਖ਼ੁਦ ਨੂੰ ਆਜ਼ਾਦ ਮੰਨਦੇ ਰਹਿੰਦੇ ਹਨ। ਇਸੇ ਆਜ਼ਾਦੀ ਨੂੰ ਭਾਜਪਾ ਸਮਰਥਕ ਅੱਜ ਚੁਣੌਤੀ ਦੇ ਰਹੇ ਹਨ। ਸਰਕਾਰ ਨੇ ਇਕ ਖਾਸ ਤਰੀਕੇ ਦੇ ਹਿੰਦੂ ਅੰਧ-ਰਾਸ਼ਟਰਵਾਦ ਦੀ ਆਵਾਜ਼ ਦਿੱਤੀ ਹੈ, ਜੋ ਸਰਗਰਮ ਤੌਰ 'ਤੇ ਪ੍ਰਗਟ ਕੀਤੇ ਜਾਣ ਵਾਲੀ ਹਾਲਤ ਨੂੰ ਗਲੇ ਲਗਾਉਂਦਾ ਹੈ। ਅਸਲ 'ਚ ਕਈ ਹਿੰਦੂ ਜੋ ਗਊ ਮਾਸ ਖਾਂਦੇ ਹਨ, ਉਹ ਪੁਰਾਣੀ ਗ੍ਰੰਥਾਂ ਤੋਂ ਇਸ ਦੇ ਸਹੀ ਨਾ ਹੋਣ ਦੀ ਪੁਸ਼ਟੀ ਕਰ ਸਕਦੇ ਹਨ।

ਮੋਦੀ ਸਰਕਾਰ ਨੇ ਵਿਅਕਤੀਗਤ ਕੱਟੜਵਾਦ ਨੂੰ ਹੁੰਗਾਰਾ ਦਿੱਤਾ ਹੈ। ਭਾਜਪਾ ਦੇ ਪੂਰਨ ਬਹੁਮਤ ਨਾਲ ਉਤਸਾਹਤ ਸਮਰਥਕ ਭਾਰਤ ਨੂੰ ਲੈ ਕੇ ਆਪਣੇ ਦ੍ਰਿਸ਼ਟੀਕੋਣ ਜ਼ਬਰੀ ਲਾਗੂ ਕਰ ਰਹੇ ਹਨ, ਬਿਨਾਂ ਇਹ ਪਰਵਾਹ ਕੀਤੇ ਕਿ ਇਸ ਨਾਲ ਕੌਣ ਪ੍ਰਭਾਵਤ ਹੋ ਰਿਹਾ ਹੈ। ਸਾਡਾ ਵਿਰੋਧ ਭਾਰਤ ਨੂੰ ਉਸ ਰੂਪ 'ਚ ਬਦਲਣ ਤੋਂ ਹੈ, ਜੋ ਇਹ ਦੇਸ਼ ਕਦੇ ਰਿਹਾ ਨਹੀਂ - ਕੱਟੜਵਾਦੀ ਸਮਾਜ।

# ਅਣਦੇਖੇ ਕਸ਼ਮੀਰ ਦੀਆਂ ਅਣਕਹੀਆਂ, ਅਣਸੁਣੀਆਂ ਕਹਾਣੀਆਂ

## ਅਣਦੇਖਿਆ ਕਸ਼ਮੀਰ : ਕਸ਼ਮੀਰੀ ਬੱਚਿਆਂ ਦੀ ਨਜ਼ਰ ਵਿਚ 'ਲਹੂਲੁਹਾਨ ਦੁਨੀਆ'

**ਜੰਮੂ-ਕਸ਼ਮੀਰ ਦੀਆਂ ਠੰਢੀਆਂ ਵਾਦੀਆਂ ਦਹਿਸ਼ਤ, ਹਿੰਸਾ, ਪੱਥਰਾਅ, ਫ਼ੌਜੀ ਦਮਨ ਨਾਲ ਉਬਲ ਰਹੀਆਂ ਹਨ। ਭਾਜਪਾ ਦੇ ਗਠਜੋੜ ਨਾਲ ਪੀ.ਡੀ.ਪੀ. ਸਰਕਾਰ ਭਾਵੇਂ ਸੱਤਾ 'ਤੇ ਕਾਬਜ਼ ਹੋ ਗਈ ਹੈ ਪਰ ਉਹ ਕਸ਼ਮੀਰੀਆਂ, ਖ਼ਾਸ ਕਰ ਨੌਜਵਾਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਵਿਚਲੀ ਮੋਦੀ ਸਰਕਾਰ ਹਾਲਾਤ 'ਤੇ ਕਾਬੂ ਪਾਉਣ ਦੀ ਥਾਂ ਅਖੌਤੀ ਰਾਸ਼ਟਰਵਾਦ ਦਾ ਸੁਨੇਹਾ ਦਿੰਦੀ ਹੋਈ ਪੂਰੀ ਦੁਨੀਆ ਵਿਚ ਕਸ਼ਮੀਰੀ ਨੌਜਵਾਨਾਂ ਦਾ ਗ਼ਲਤ ਅਕਸ ਪੇਸ਼ ਕਰਨ ਵਿਚ ਲੱਗੀ ਹੋਈ ਹੈ। ਭਾਰਤ ਪ੍ਰਸ਼ਾਸਤ ਕਸ਼ਮੀਰ ਵਿਚ ਦਹਾਕਿਆਂ ਤੋਂ ਚੱਲ ਰਹੇ ਸੰਘਰਸ਼ ਦੀ ਸੁਰਖੀਆਂ ਵਿਚ ਆਮ ਆਦਮੀ ਦੀ ਆਪਬੀਤੀ ਕਿਤੇ ਖੋ ਗਈ ਹੈ। ਸਾਲ 2016 ਦੀਆਂ ਗਰਮੀਆਂ ਵਿਚ ਹੋਏ ਹਿੰਸਕ ਪ੍ਰਦਰਸ਼ਨਾਂ ਤੇ ਕਈ ਲੋਕਾਂ ਦੀ ਮੌਤ ਤੋਂ ਬਾਅਦ ਹੁਣ ਇਕ ਹੋਰ ਗਰਮੀ ਆਈ ਹੈ। ਖ਼ਦਸ਼ਾ ਹੈ ਕਿ ਭਾਵਨਾਵਾਂ ਫੇਰ ਨਾ ਭੜਕ ਜਾਣ, ਭਾਰਤ ਤੋਂ 'ਆਜ਼ਾਦੀ' ਦੇ ਨਾਅਰੇ ਫੇਰ ਨਾ ਬੁਲੰਦ ਹੋ ਜਾਣ। ਅਜਿਹੇ ਵਿਚ ਭਾਰਤ ਤੇ ਪਾਕਿਸਤਾਨ ਵਿਚਾਲੇ ਵੰਡੀ ਹੋਈ ਕਸ਼ਮੀਰ ਵਾਦੀ ਵਿਚ ਲੋਕਾਂ ਨੂੰ ਆਖ਼ਰ ਕੀ ਜੋੜਦਾ ਹੈ? ਬੱਚੇ ਤੇ ਨੌਜਵਾਨ ਆਪਣੇ ਆਉਣ ਵਾਲੇ ਕੱਲ੍ਹ ਲਈ ਕੀ ਖਵਾਬ ਦੇਖ ਰਹੇ ਹਨ? ਉਥੋਂ ਦੀਆਂ ਬੱਚੀਆਂ ਦਾ ਜੀਵਨ, ਵਾਦੀ ਦੇ ਬਾਹਰ ਰਹਿ ਰਹੇ ਬੱਚਿਆਂ ਦੀ ਜ਼ਿੰਦਗੀ ਤੋਂ ਕਿੰਨਾ ਵੱਖਰਾ ਹੈ? ਅਜਿਹੇ ਹੀ ਸਵਾਲਾਂ ਦਾ ਜਵਾਬ ਲੱਭਣ ਲਈ ਬੀ.ਬੀ.ਸੀ. ਦੇ ਪੱਤਰਕਾਰਾਂ ਦੀਆਂ ਟੀਮਾਂ ਭਾਰਤ ਪ੍ਰਸ਼ਾਸਤ ਤੇ ਪਾਕਿਸਤਾਨ ਪ੍ਰਸ਼ਾਸਤ ਕਸ਼ਮੀਰ ਗਈਆਂ। ਬੀ.ਬੀ.ਸੀ. ਵਲੋਂ ਇਸ ਸਬੰਧ ਵਿਚ ਭਾਰਤ ਤੇ ਕਸ਼ਮੀਰ ਵਿਚ ਵਸੇ ਦੋਹਾਂ ਕਸ਼ਮੀਰੀਆਂ ਦੇ ਹਾਲਾਤ 'ਤੇ ਲੜੀਵਾਰ ਰਿਪੋਰਟ ਪੇਸ਼ ਕੀਤੀ ਜਾ ਰਹੀ ਹੈ, ਉਹ 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਅੱਗੇ ਵੀ ਪੇਸ਼ ਕੀਤੀ ਜਾ ਰਹੀ ਹੈ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ ਇਹ ਰਿਪੋਰਟ ਪ੍ਰਕਾਸ਼ਤ ਕਰਨ ਦਾ ਮਕਸਦ, ਦੁਨੀਆ ਨੂੰ ਉਥੋਂ ਦੇ ਹਾਲਾਤ ਬਾਰੇ ਰੂਬਰੂ ਕਰਾਉਣਾ ਹੈ।**

**ਸੌਤਿਕ ਬਿਸਵਾਸ**

ਕਿਸੇ ਸ਼ਾਇਰ ਨੇ ਕਿਹਾ ਹੈ ਕਿ ਬੱਚਿਆਂ ਦੀ ਦੁਨੀਆ ਵਿਚ ਮੌਤ ਨਹੀਂ ਹੁੰਦੀ। ਬੱਚਿਆਂ ਦੀ ਦੁਨੀਆ ਵਿਚ ਉਮੰਗਾਂ ਹੁੰਦੀਆਂ ਹਨ, ਹਾਸੇ ਦੀਆਂ ਫੁਲਝੜੀਆਂ ਹੁੰਦੀਆਂ ਹਨ, ਸੱਜਰੀ ਮੁਸਕਾਨ ਹੁੰਦੀ ਹੈ, ਮੌਜ-ਮਸਤੀ ਹੁੰਦੀ ਹੈ। ਬਚਪਨ ਮਾਸੂਮ ਹੁੰਦਾ ਹੈ, ਭੋਲਾ ਤੇ ਦੁਨਿਆਵੀ ਬੁਰਾਈਆਂ ਤੋਂ ਅਛੋਹ।

ਪਰ ਕਸ਼ਮੀਰ ਦੇ ਬੱਚਿਆਂ ਦੀ ਦੁਨੀਆ ਵੱਖਰੀ ਜਿਹੀ ਲਗਦੀ ਹੈ। ਉਨ੍ਹਾਂ ਦੀ ਦੁਨੀਆ 'ਚੋਂ ਭੋਲਾਪਣ ਲਾਪਤਾ ਹੋ ਗਿਆ ਹੈ। ਉਨ੍ਹਾਂ ਦੀ ਮਾਸੂਮੀਅਤ ਭਰੀ ਮੁਸਕਾਨ ਕਿਤੇ ਗੁੰਮ ਹੁੰਦੀ ਜਾ ਰਹੀ ਹੈ।

ਕਸ਼ਮੀਰ ਦੇ ਬੱਚਿਆਂ ਦੀ ਦੁਨੀਆ ਕਿਵੇਂ ਦੂਸਰਿਆਂ ਨਾਲੋਂ ਵੱਖਰੀ ਹੈ। ਕਸ਼ਮੀਰ ਦੀਆਂ ਕੁਝ ਤਸਵੀਰਾਂ ਇਸ ਵੱਲ ਇਸ਼ਾਰਾ ਕਰਦੀਆਂ ਹਨ। ਇਹ ਤਸਵੀਰਾਂ ਕਸ਼ਮੀਰ ਦੇ ਬੱਚਿਆਂ ਨੇ ਕਾਗ਼ਜ਼ਾਂ 'ਤੇ ਵਾਹੀਆਂ ਹਨ।

ਇਨ੍ਹਾਂ ਬੱਚਿਆਂ ਨੇ ਆਪਣੇ ਹੱਥਾਂ ਨਾਲ ਆਪਣੀ ਦੁਨੀਆ ਦੀਆਂ ਜੋ ਤਸਵੀਰਾਂ ਬਣਾਈਆਂ ਹਨ, ਉਨ੍ਹਾਂ ਵਿਚ ਉਥੋਂ ਦੀ ਹਿੰਸਾ, ਖ਼ੂਨ-ਖ਼ੂਨ ਹੁੰਦੀ ਘਾਟੀ, ਸੜਕਾਂ 'ਤੇ ਬਿਖਰੇ ਪੱਥਰ ਤੇ ਬੰਦ ਘਰਾਂ ਦੀ ਝਲਕ ਮਿਲਦੀ ਹੈ। ਮਾਸੂਮਾਂ ਦੇ ਹੱਥਾਂ ਦੀ ਕਲਾਕਾਰੀ ਨਾਲ ਕਸ਼ਮੀਰ ਦਾ ਦਰਦ ਛਲਕ ਕੇ ਇਨ੍ਹਾਂ ਤਸਵੀਰਾਂ ਵਿਚ ਫੈਲਿਆ ਜਿਹਾ ਦਿਖਾਈ ਦਿੰਦਾ ਹੈ। ਕਸ਼ਮੀਰੀ ਬੱਚਿਆਂ ਨੇ ਆਪਣੇ ਹੱਥਾਂ ਨਾਲ ਕਸ਼ਮੀਰੀਆਂ ਦੇ ਦਿਲਾਂ ਵਿਚ ਬੈਠੇ ਮੌਜੂਦਾ ਹਾਲਾਤ ਦੀ ਦਹਿਸ਼ਤ ਨੂੰ ਬਿਆਨ ਕੀਤਾ ਹੈ। ਆਉਣ ਵਾਲੇ ਵਕਤ ਨੂੰ ਲੈ ਕੇ ਜੋ ਡਰ ਉਨ੍ਹਾਂ ਦੇ ਜ਼ਹਿਰ ਵਿਚ ਹੈ, ਉਸ ਨੂੰ ਵੀ ਬੱਚਿਆਂ ਨੇ ਆਪਣੀਆਂ ਤਸਵੀਰਾਂ ਵਿਚ ਉਕੇਰਿਆ ਹੈ। ਬੱਚਿਆਂ ਦੇ ਪੂਰੇ ਕੈਨਵਸ 'ਤੇ ਲਾਲ ਰੰਗ ਹਾਵੀ ਹੈ। ਕਦੇ ਉਹ ਅੱਗ ਦੀ ਸ਼ਕਲ ਵਿਚ ਦਿਖਾਈ ਦਿੰਦਾ ਹੈ ਤੇ ਕਦੇ ਖ਼ੂਨ ਦੀ। ਲਾਲ ਤੋਂ ਬਾਅਦ ਕਾਲੇ ਰੰਗ ਦਾ ਵੀ ਬਹੁਤ ਇਸਤੇਮਾਲ ਹੋਇਆ ਹੈ। ਕਿਤੇ ਕਾਲਾ ਆਸਮਾਨ ਹੈ ਕਿਤੇ ਕਾਲੀ ਜ਼ਮੀਨ।

ਇਨ੍ਹਾਂ ਤਸਵੀਰਾਂ ਤੋਂ ਇੰਜ ਲਗਦਾ ਹੈ ਕਿ ਕਸ਼ਮੀਰ ਵਿਚ ਹਨੇਰਾ ਪੂਰੀ ਤਰ੍ਹਾਂ ਨਾਲ ਭਾਵੇਂ ਨਹੀਂ ਛਾਇਆ, ਪਰ ਇਹ ਬੱਚਿਆਂ ਦੇ ਮਸਤਕ 'ਤੇ, ਉਨ੍ਹਾਂ ਦੇ ਜ਼ਹਿਨ 'ਤੇ ਤੇਜ਼ੀ ਨਾਲ ਹਾਵੀ ਹੁੰਦਾ ਜਾ ਰਿਹਾ ਹੈ।

ਭਾਰਤ ਪ੍ਰਸ਼ਾਸਤ ਕਸ਼ਮੀਰ ਦੇ ਬੱਚਿਆਂ ਨੇ ਆਪਣੀ ਕਾਪੀ ਵਿਚ ਜਦੋਂ ਰੰਗ ਭਰੇ ਤਾਂ ਉਸ ਵਿਚ ਮੰਨੋ ਕਸ਼ਮੀਰ ਦੇ ਹਾਲਾਤ ਦਰਜ ਹੋ ਗਏ। ਕਸ਼ਮੀਰ ਦੀ ਹਿੰਸਾ ਦੁਨੀਆ ਵਿਚ ਸਭ ਤੋਂ ਲੰਬੇ ਵਕਤ ਤੋਂ ਚੱਲੇ ਆ ਰਹੇ 'ਵਿਵਾਦ' ਦਾ ਨਤੀਜਾ ਹੈ। ਅੱਜ ਹਾਲਾਤ ਏਨੇ ਵਿਗੜ ਗਏ ਹਨ ਕਿ ਉਹ ਕਸ਼ਮੀਰ ਬੱਚਿਆਂ ਦੇ ਜ਼ਹਿਨ 'ਤੇ ਤਾਰੀ ਹੋ ਗਏ ਹਨ। ਅੱਜ ਉਥੋਂ ਦੇ ਬੱਚਿਆਂ ਦੀ ਦੁਨੀਆ, ਉਥੋਂ ਦੇ ਵੱਡਿਆਂ ਦੇ ਸੰਸਾਰ ਵਰਗੀ ਹੀ ਹੈ।

ਕਸ਼ਮੀਰ ਨੂੰ ਉਥੋਂ ਦੇ ਉੱਚੇ, ਬਰਫ਼ ਨਾਲ ਢਕੇ ਪਹਾੜਾਂ, ਚਰਾਗਾਹਾਂ, ਬਾਗ਼ਾਂ ਤੇ ਨਦੀਆਂ-ਧਾਰਾਵਾਂ ਕਾਰਨ ਜਾਣਿਆ ਜਾਂਦਾ ਸੀ। ਇਸੇ ਕੁਦਰਤੀ ਖ਼ੂਬਸੂਰਤੀ 'ਤੇ ਫ਼ਿਦਾ ਮੁਗ਼ਲ ਬਾਦਸ਼ਾਹ ਨੇ ਇਸ ਨੂੰ ਧਰਤੀ 'ਤੇ ਜੰਨਤ ਕਿਹਾ ਸੀ। ਕਸ਼ਮੀਰ ਬਾਰੇ ਮਸ਼ਹੂਰ ਸ਼ਾਇਰ ਅਮੀਰ ਖ਼ੁਸਰੋ ਨੇ ਕਿਹਾ ਸੀ, 'ਗਰ ਫ਼ਿਰਦੌਸ ਬਰ ਰੁਏ ਜ਼ਮੀਂ ਅਸਤ, ਹਮੀ ਅਸਤੋ, ਹਮੀ ਅਸਤੋ ਹਮੀ ਅਸਤੋ' ਮਤਲਬ ਧਰਤੀ 'ਤੇ ਕਿਤੇ ਸਵਰਗ ਹੈ ਤਾਂ ਇੱਥੇ ਹੈ, ਇਥੇ ਹੈ, ਇਥੇ ਹੈ।

ਪਰ ਅੱਜ ਕਸ਼ਮੀਰ ਦੇ ਬੱਚਿਆਂ ਦੀ ਚਿੱਤਰਕਾਰੀ ਵਿਚ ਉਹ ਕਸ਼ਮੀਰ ਨਹੀਂ ਦਿਖਾਈ ਦਿੰਦਾ, ਜਿਸ ਨੂੰ ਧਰਤੀ ਦੀ ਜੰਨਤ ਕਿਹਾ ਜਾਂਦਾ ਸੀ। ਅੱਜ ਬੱਚੇ ਪੱਥਰਬਾਜ਼ ਪ੍ਰਦਰਸ਼ਨਕਾਰੀਆਂ ਦੀਆਂ, ਬਦੂੰਕਾਂ ਤਾਣੀ ਸੁਰੱਖਿਆ ਕਰਮੀਆਂ ਦੀਆਂ, ਜਲਦੇ ਹੋਏ ਸਕੂਲਾਂ ਦੀਆਂ ਅਤੇ ਮਲਬੇ ਨਾਲ ਭਰੀਆਂ ਸੜਕਾਂ ਦੀਆਂ ਤਸਵੀਰਾਂ ਬਣਾ ਰਹੇ ਹਨ। ਅੱਜ ਕਸ਼ਮੀਰੀ ਬੱਚਿਆਂ ਦੇ ਕੈਨਵਸ 'ਤੇ ਖ਼ੂਨ ਬਿਖਰਿਆ ਹੈ। ਲਾਸ਼ਾਂ ਵਿਛੀਆਂ ਹਨ। ਗੋਲੀਆਂ ਚੱਲ ਰਹੀਆਂ ਹਨ। ਕਸ਼ਮੀਰ ਵਿਚ ਪਿਛਲੇ ਸਾਲ ਗਰਮੀ ਦਾ ਮੌਸਮ ਬੇਹੱਦ ਹਿੰਸਕ ਦੌਰ ਵਾਲਾ ਰਿਹਾ ਸੀ।

ਸਾਲ 2016 ਵਿਚ ਕੱਟੜਪੰਥੀ ਬੁਰਹਾਨ ਵਾਨੀ ਦੇ ਸੁਰੱਖਿਆ ਬਲਾਂ ਦੇ ਹੱਥੋਂ ਮਾਰੇ ਜਾਣ ਤੋਂ ਬਾਅਦ, ਕਸ਼ਮੀਰ ਵਿਚ ਜ਼ਬਰਦਸਤ ਹਿੰਸਾ ਭੜਕ ਉਠੀ ਸੀ। ਸੁਰੱਖਿਆ ਬਲਾਂ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਝੜਪ ਵਿਚ ਸੌ ਤੋਂ ਜ਼ਿਆਦਾ ਲੋਕ ਮਾਰੇ ਗਏ ਸਨ। ਮੁਸਲਿਮ ਬਹੁਤਾਤ ਵਾਲੀ ਕਸ਼ਮੀਰ ਘਾਟੀ ਚਾਰ ਮਹੀਨਿਆਂ ਤੋਂ ਜ਼ਿਆਦਾ ਵਕਤ ਤੱਕ ਜਲਦੀ ਰਹੀ ਸੀ। ਪ੍ਰਦਰਸ਼ਨਕਾਰੀਆਂ ਨੂੰ ਕਾਬੂ ਕਰਨ ਲਈ ਸੁਰੱਖਿਆ ਬਲਾਂ ਨੇ ਪੈਲੇਟ ਗਨ ਦਾ ਇਸਤੇਮਾਲ ਕੀਤਾ। ਇਸ ਕਾਰਨ ਬਹੁਤ ਸਾਰੇ ਪ੍ਰਦਰਸ਼ਨਕਾਰੀਆਂ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ। ਹਿੰਸਕ ਪ੍ਰਦਰਸ਼ਨਾਂ ਵਿਚ 9 ਹਜ਼ਾਰ ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋਏ ਸਨ। ਇਨ੍ਹਾਂ ਵਿਚੋਂ 15 ਸਾਲ ਤੋਂ ਘੱਟ ਉਮਰ ਦੇ ਕਰੀਬ 1200 ਬੱਚੇ ਵੀ ਸਨ।

ਪੈਲੇਟ ਗਨ ਕਾਰਨ ਕਈ ਬੱਚਿਆਂ ਦੀ ਇਕ ਅੱਖ ਖ਼ਰਾਬ ਹੋਈ ਤੇ ਬਹੁਤ ਸਾਰਿਆਂ ਬੱਚਿਆਂ ਦੀਆਂ ਅੱਖਾਂ ਦੀ ਰੌਸ਼ਨੀ ਪੂਰੀ ਤਰ੍ਹਾਂ ਚਲੀ ਗਈ। ਜਦੋਂ ਹਿੰਸਾ ਬੇਕਾਬੂ ਹੋ ਗਈ ਤਾਂ ਸਕੂਲ ਬੰਦ ਕਰਨੇ ਪਏ। ਕਸ਼ਮੀਰ ਦੇ ਬੱਚੇ ਆਪਣੇ ਘਰਾਂ ਦੇ ਕੈਦੀ ਬਣ ਕੇ ਰਹਿ ਗਏ। ਉਨ੍ਹਾਂ ਦਾ ਜ਼ਿਆਦਾ ਵਕਤ ਟੀ.ਵੀ. 'ਤੇ ਹਿੰਸਾ ਦੀਆਂ ਖ਼ਬਰਾਂ ਦੇਖਦੇ ਹੋਏ ਬੀਤਿਆ ਸੀ ਜਿਸ ਵਿਚ ਹਿੰਸਕ ਹਾਲਾਤ ਹੀ ਬਿਆਨ ਹੁੰਦੇ ਸਨ।

ਬਾਕੀ ਵਕਤ ਵਿਚ ਬੱਚੇ ਪੜ੍ਹਦੇ ਸਨ ਤੇ ਡਰਾਇੰਗ ਬਣਾਉਂਦੇ ਸਨ। ਬੱਚਿਆਂ ਨੂੰ ਆਪਣੇ ਦੋਸਤਾਂ ਦੀ ਯਾਦ ਆਉਂਦੀ ਸੀ। ਉਨ੍ਹਾਂ ਨੂੰ ਖੇਡ ਦੇ ਮੈਦਾਨ, ਕ੍ਰਿਕਟ ਦੇ ਮੈਚ ਯਾਦ ਆਉਂਦੇ ਸਨ। ਘਰ ਵਿਚ ਬੰਦ ਬੱਚਿਆਂ ਨੂੰ ਪੜ੍ਹਾਉਣ ਲਈ ਟੀਚਰ ਆਇਆ ਕਰਦੇ ਸਨ। ਕਈ ਬੱਚਿਆਂ ਨੇ ਘਰਾਂ 'ਤੇ ਹੀ ਇਮਤਿਹਾਨ ਦਿੱਤੇ। ਇਕ ਸਕੂਲ ਨੇ ਤਾਂ ਇਕ ਇੰਡੋਰ ਸਟੇਡੀਅਮ ਵਿਚ ਇਮਤਿਹਾਨ ਕਰਵਾਇਆ।

ਆਖ਼ਰਕਾਰ ਸਰਦੀਆਂ ਵਿਚ ਸਕੂਲ ਖੁੱਲ੍ਹੇ। ਮਹੀਨਿਆਂ ਬਾਅਦ ਜਦੋਂ ਬੱਚੇ ਸਕੂਲ ਪਹੁੰਚੇ ਤਾਂ ਉਹ ਗੁੱਸੇ ਵਿਚ ਸਨ। ਖਿਝੇ ਹੋਏ ਸਨ, ਬੇਹੱਦ ਦੁਚਿਤੀ ਵਿਚ ਤੇ ਆਪਣੇ ਭਵਿੱਖ ਨੂੰ ਲੈ ਕੇ ਬੇਹੱਦ ਫ਼ਿਕਰਮੰਦ ਸਨ। ਇਹ ਬੱਚੇ ਸਰਕਾਰੀ ਮੁਲਾਜ਼ਮਾਂ ਦੇ ਸਨ, ਕਾਰੋਬਾਰੀਆਂ ਦੇ ਸਨ, ਡਾਕਟਰਾਂ, ਇੰਜਨੀਅਰਾਂ, ਬੈਂਕ ਕਰਮਚਾਰੀਆਂ ਅਤੇ ਕਿਸਾਨਾਂ ਦੇ ਸਨ। ਸਕੂਲ ਪਹੁੰਚਦੇ ਹੀ ਇਹ ਬੱਚੇ ਆਪਣੇ ਦੋਸਤਾਂ ਨੂੰ ਮਿਲ ਕੇ ਰੋ ਪਏ। ਉਨ੍ਹਾਂ ਨੇ ਇਕ-ਦੂਸਰੇ ਨੂੰ ਗਲੇ ਲਗਾ ਲਿਆ। ਮਹੀਨਿਆਂ ਤੱਕ ਆਪਣੇ ਘਰ ਵਿਚ ਕੈਦ ਰਹੇ ਬੱਚੇ ਆਪਣੇ ਟੀਚਰ ਨੂੰ ਇਹੀ ਸਵਾਲ ਕਰ ਰਹੇ ਸਨ-ਆਖ਼ਰ ਉਨ੍ਹਾਂ ਦੇ ਸਕੂਲ ਬੰਦ ਕਿਉਂ ਕੀਤੇ ਗਏ ਸਨ?

ਕੁਝ ਬੱਚਿਆਂ ਦਾ ਵਿਹਾਰ ਤਾਂ ਬੇਹੱਦ ਅਜੀਬ ਸੀ। ਉਹ ਬੇਬਾਤ ਹੀ ਚੀਕਾਂ ਮਾਰਨ ਲੱਗਦੇ। ਟੇਬਲ 'ਤੇ



ਮੁੱਕੇ ਮਾਰਦੇ ਸਨ। ਉਹ ਬਿਨਾਂ ਵਜ੍ਹਾ ਹੀ ਕਲਾਸ ਵਿਚ ਫਰਨੀਚਰ ਤੋੜਨ ਲੱਗਦੇ ਸਨ। ਬੱਚਿਆਂ ਨੂੰ ਸਮਝਾਉਣ ਲਈ, ਉਨ੍ਹਾਂ ਨੂੰ ਸ਼ਾਂਤ ਕਰਨ ਲਈ ਕਾਉਂਸਲਰ ਦੀ ਮਦਦ ਲੈਣੀ ਪਈ। ਇਕ ਸਕੂਲ ਦੇ ਪ੍ਰਿੰਸੀਪਲ ਨੇ ਦੱਸਿਆ ਕਿ, 'ਬੱਚਿਆਂ ਅੰਦਰ ਬਹੁਤ ਗੁੱਸਾ ਭਰਿਆ ਹੋਇਆ ਸੀ।' ਮਹੀਨਿਆਂ ਬਾਅਦ ਸਕੂਲ ਆਏ ਇਨ੍ਹਾਂ ਬੱਚਿਆਂ ਵਿਚੋਂ ਕਰੀਬ 300 ਬੱਚੇ ਇਕ ਸਕੂਲ ਦੇ ਹਾਲ ਵਿਚ ਇਕੱਤਰ ਹੋਏ। ਉਨ੍ਹਾਂ ਨੇ ਕਾਗ਼ਜ਼ ਅਤੇ ਰੰਗ ਕੱਢੇ ਤੇ ਤਸਵੀਰਾਂ ਬਣਾਉਣ ਲੱਗੇ। ਪ੍ਰਿੰਸੀਪਲ ਨੇ ਦੱਸਿਆ ਕਿ ਪਹਿਲੇ ਦਿਨ ਇਨ੍ਹਾਂ ਬੱਚਿਆਂ ਨੇ ਸਿਰਫ਼ ਤਸਵੀਰਾਂ ਬਣਾਈਆਂ। ਪੂਰੇ ਦਿਨ ਬੱਚੇ ਡਰਾਇੰਗ ਕਰਦੇ ਰਹੇ। ਉਹ ਬੇਹੱਦ ਖ਼ਾਮੋਸ਼ੀ ਨਾਲ ਆਪਣਾ ਕੰਮ ਕਰ ਰਹੇ ਸਨ। ਕਿਸੇ ਨੇ ਇਕ ਲਫ਼ਜ਼ ਵੀ ਨਹੀਂ ਕਿਹਾ। ਇਹ ਮੰਜ਼ਰ ਹਿਲਾ ਦੇਣ ਵਾਲਾ ਸੀ। ਬੱਚਿਆਂ ਨੇ ਰੰਗਾਂ ਤੇ ਪੈਂਸਲਾਂ ਨਾਲ ਤਸਵੀਰਾਂ ਬਣਾਈਆਂ। ਕਈ ਬੱਚਿਆਂ ਨੇ ਤਸਵੀਰਾਂ ਉਪਰ ਕੁਝ ਕੁਝ ਲਿਖਿਆ ਵੀ। ਕਿਸੇ ਨੇ ਬਬਲ ਦੀ ਮਦਦ ਨਾਲ ਜਜ਼ਬਾਤ ਬਿਆਨ ਕੀਤੇ, ਤਾਂ ਕਿਸੇ ਨੇ ਟੀਵੀ ਦੀ ਨਕਲ ਕਰਕੇ ਸੁਰਖੀਆਂ ਬਣਾਈਆਂ। ਕਿਸੇ ਨੇ ਪੂਰੇ ਦਾ ਪੂਰਾ ਵਾਕਿਆ ਲਿਖ ਕੇ ਆਪਣੀਆਂ ਭਾਵਨਾਵਾਂ ਜ਼ਾਹਰ ਕੀਤੀਆਂ। ਬੱਚਿਆਂ ਦੀਆਂ ਬਣਾਈਆਂ ਇਨ੍ਹਾਂ ਤਸਵੀਰਾਂ ਵਿਚ ਘਾਟੀ ਵਿਚ ਲੱਗੀ ਅੱਗ ਸਾਫ਼ ਦਿਖਾਈ ਹੈ। ਸੜਕਾਂ 'ਤੇ ਪੱਥਰ ਬਿਖਰੇ ਹੋਏ ਹਨਸ਼ ਕੁਝ ਤਸਵੀਰਾਂ ਵਿਚ ਕਾਲਾ ਮਲਬਾ ਦਿਖਾਈ ਦਿੰਦਾ ਹੈ। ਆਸਮਾਨ 'ਤੇ ਜਲਦਾ ਹੋਇਆ ਸੂਰਜ ਹੈ। ਹਵਾ ਵਿਚ ਪਰਿੰਦੇ ਦਿਖਾਏ ਹਨ। ਪਰ ਜ਼ਮੀਨ 'ਤੇ ਹਿੰਸਾ ਦੇ ਨਿਸ਼ਾਨ ਹੀ ਦਿਖਾਈ ਦਿੰਦੇ ਹਨ। ਬੱਚਿਆਂ ਨੇ ਜੋ ਤਸਵੀਰਾਂ ਬਣਾਈਆਂ, ਉਨ੍ਹਾਂ ਵਿਚ ਜ਼ਖ਼ਮੀ ਚਿਹਰੇ ਹਨ। ਪੈਲੇਟਗਨ ਕਾਰਨ ਆਪਣੀ ਅੱਖਾਂ ਗਵਾ ਚੁੱਕੇ ਲੋਕ ਹਨ। ਜ਼ਿਆਦਾਤਰ ਬੱਚਿਆਂ ਦੀਆਂ ਤਸਵੀਰਾਂ ਵਿਚ ਇਹੀ ਮੰਜ਼ਿਰ ਹੈ। ਇਕ ਤਸਵੀਰ ਵਿਚ ਇਕ ਵਿਅਕਤੀ ਨੂੰ ਇਹ ਕਹਿੰਦੇ ਦਿਖਾਇਆ ਗਿਆ ਹੈ ਕਿ 'ਮੈਂ ਫਿਰ ਤੋਂ ਦੁਨੀਆ ਨਹੀਂ ਦੇਖ ਸਕਾਂਗਾ। ਮੈਂ ਆਪਣੇ ਦੋਸਤਾਂ ਨੂੰ ਹੁਣ ਕਦੇ ਨਹੀਂ ਦੇਖ ਸਕਾਂਗਾ। ਮੈਂ ਹੁਣ ਅੰਨ੍ਹਾ ਹੋ ਗਿਆ ਹਾਂ।'

ਬੱਚਿਆਂ ਦੀ ਦੁਨੀਆ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਜਿੱਥੇ ਹਿੰਸਾ ਅਤੇ ਮੌਤ ਲਈ ਥਾਂ ਨਹੀਂ ਹੁੰਦੀ, ਉਹ ਦੁਨੀਆ ਇਨ੍ਹਾਂ ਤਸਵੀਰਾਂ ਵਿਚ ਖ਼ੂਨ ਤੇ ਹਨੇਰੇ ਨਲ ਭਰੀ ਦਿਖਾਈ ਦਿੰਦੀ ਹੈ। ਕੁਝ ਬੱਚਿਆਂ ਦੀਆਂ ਬਣਾਈਆਂ ਪੇਂਟਿੰਗਾਂ ਵਿਚ ਸੜਕਾਂ 'ਤੇ ਬਿਖਰੀਆਂ ਲਾਸ਼ਾਂ ਹਨ, ਹਿੰਸਕ ਪ੍ਰਦਰਸ਼ਨ ਕਰ ਰਹੇ ਲੋਕ ਵੀ ਹਨ।

ਅਨੰਤਨਾਗ ਦੇ ਇਕ ਬੱਚੇ ਨੇ ਆਪਣੀ ਤਸਵੀਰ ਨੂੰ ਕੁਝ ਇਸ ਤਰ੍ਹਾਂ ਬਿਆਨ ਕੀਤਾ, 'ਇਹ ਕਸ਼ਮੀਰ ਦੇ ਪਹਾੜ ਹਨ। ਇਹ ਬੱਚਿਆਂ ਦਾ ਇਕ ਸਕੂਲ ਹੈ। ਖੱਬੇ ਪਾਸੇ ਫ਼ੌਜੀ ਜਵਾਨ ਹਨ ਤੇ ਉਨ੍ਹਾਂ ਸਾਹਮਣੇ ਪੱਥਰ ਸੁੱਟ ਰਹੇ ਪ੍ਰਦਰਸ਼ਨਕਾਰੀ ਹਨ, ਜੋ ਆਜ਼ਾਦੀ ਦੀ ਮੰਗ ਕਰ ਰਹੇ ਹਨ। ਬੱਚਾ ਅੱਗੇ ਕਹਿੰਦਾ ਹੈ, 'ਜਦੋਂ ਪ੍ਰਦਰਸ਼ਨਕਾਰੀ ਪੱਥਰ ਸੁੱਟਦੇ ਹਨ ਤਾਂ ਫ਼ੌਜ ਦੇ ਜਵਾਨ ਗੋਲੀਆਂ ਚਲਾਉਣ ਲਗਦੇ ਹਨ। ਇਸ ਗੋਲੀਬਾਰੀ ਵਿਚ ਇਕ ਸਕੂਲੀ ਬੱਚਾ ਮਾਰਿਆ ਜਾਂਦਾ ਹੈ ਤੇ ਫਿਰ ਉਸ ਦਾ ਦੋਸਤ ਇਕੱਲਾ ਰਹਿ ਜਾਂਦਾ ਹੈ।'

ਕਸ਼ਮੀਰੀ ਬੱਚਿਆਂ ਦੀ ਡਰਾਇੰਗ ਵਿਚ ਇਕ ਹੋਰ ਗੱਲ ਵੀ ਖ਼ੂਬ ਦਿਖਾਈ ਦਿੰਦੀ ਹੈ। ਇਨ੍ਹਾਂ ਤਸਵੀਰਾਂ ਵਿਚੋਂ ਕਈ ਅਜਿਹੀਆਂ ਹਨ ਜੋ ਸਕੂਲ ਸਾੜੇ ਜਾਣ ਦੀਆਂ ਘਟਨਾਵਾਂ ਨੂੰ ਬਿਆਨ ਕਰਦੀਆਂ ਹਨ। ਇਕ ਤਸਵੀਰ ਵਿਚ ਇਕ ਸਕੂਲ ਵਿਚ ਅੱਗ ਲੱਗੀ ਹੈ ਤੇ ਉਸ ਵਿਚ ਇਕ ਬੱਚਾ ਫਸਿਆ ਹੋਇਆ ਹੈ। ਉਹ ਚੀਖ਼ ਰਿਹਾ ਹੈ ਕਿ ਸਾਡੀ ਮਦਦ ਕਰੋ...ਮਦਦ ਕਰੋ...ਸਾਡੇ ਸਕੂਲ ਨੂੰ ਬਚਾ ਲਓ... ਸਾਡੇ ਭਵਿੱਖ ਨੂੰ ਬਚਾ ਲਓ...।

ਕੁਝ ਤਸਵੀਰਾਂ ਵਿਚ ਗੁੱਸਾ ਹੈ ਤਾਂ ਕਿਸੇ ਵਿਚ ਸਿਆਸੀ ਸੰਦੇਸ਼ ਵੀ ਹੈ। ਬਹੁਤ ਸਾਰੀਆਂ ਡਰਾਇੰਗ ਵਿਚ ਆਜ਼ਾਦੀ ਦੇ ਸਮਰਥਨ ਵਾਲੇ ਚਿੱਤਰ ਹਨ। ਕਈ ਪੇਂਟਿੰਗ ਅਜਿਹੀਆਂ ਹਨ, ਜਿਨ੍ਹਾਂ ਵਿਚ ਸਾਡਾ ਕਸ਼ਮੀਰ ਬਚਾ ਲਓ ਵਰਗੇ ਸਾਈਨ ਬੋਰਡ ਹਨ। ਇਸ ਦੇ ਨਾਲ ਹੀ ਕਈ ਡਰਾਇੰਗ ਵਿਚ ਬਹੁਰਾਨ ਵਾਨੀ ਦੀ ਤਾਰੀਫ਼ ਤੇ ਭਾਰਤ ਵਿਰੋਧੀ ਨਾਅਰੇ। ਕੁਝ ਬੱਚਿਆਂ ਨੇ ਕਸ਼ਮੀਰ ਦਾ ਨਕਸ਼ਾ ਬਣਾਇਆ ਹੈ, ਜਿਸ ਨਾਲ ਖ਼ੂਨ ਵਹਿ ਰਿਹਾ ਹੈ।

ਦੱਖਣ ਕਸ਼ਮੀਰ ਦੇ ਇਕ ਪਿੰਡ ਵਿਚ ਕੁਝ ਬੱਚਿਆਂ ਨੇ ਆਪਣੇ ਘਰਾਂ ਦੀਆਂ ਤਸਵੀਰਾਂ ਬਣਾਈਆਂ ਸਨ, ਜਿਨ੍ਹਾਂ 'ਤੇ ਭਾਰਤ ਦਾ ਝੰਡਾ ਲੱਗਾ ਹੋਇਆ ਸੀ। ਇਕ ਬੱਚੇ ਨੇ ਇਕ ਤਿਓੜੀ ਚੜ੍ਹਾਏ ਇਨਸਾਨ ਦੀ ਤਸਵੀਰ ਬਣਾਈ ਸੀ, ਜਿਸ ਦਾ ਚਿਹਰਾ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਹ ਕਸ਼ਮੀਰ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਦੀ ਖਿਚੋਤਾਣ ਨੂੰ ਜ਼ਾਹਰ ਕਰ ਰਿਹਾ ਸੀ ਤੇ ਇਸ ਹੋੜ ਵਿਚ ਫਸੇ ਕਸ਼ਮੀਰ ਦੀ ਤਕਲੀਫ਼ ਤਸਵੀਰ ਰਾਹੀਂ ਬਿਆਨ ਕੀਤੀ ਗਈ ਸੀ। ਇਕ ਹੋਰ ਤਸਵੀਰ ਜੋ ਪੈਂਸਲ ਨਾਲ ਉਕੇਰੀ ਗਈ ਸੀ, ਜਿਸ ਵਿਚ ਇਕ ਮਾਂ ਆਪਣੇ ਪੁੱਤ ਦਾ ਇੰਤਜ਼ਾਰ ਕਰ ਰਹੀ ਹੈ। ਇਹ ਤਸਵੀਰਾਂ ਹਿਲਾ ਦੇਣ ਵਾਲੀਆਂ ਹਨ। ਕਸ਼ਮੀਰੀ ਬੱਚਿਆਂ ਨੇ ਹਿੰਸਕ ਪ੍ਰਦਰਸ਼ਨ ਦੌਰਾਨ ਇੰਟਰਨੈੱਟ ਤੇ ਮੋਬਾਈਲ ਫ਼ੋਨ 'ਤੇ ਲੱਗੀ ਰੋਕ 'ਤੇ ਵੀ ਗੁੱਸਾ ਜ਼ਾਹਰ ਕੀਤਾ। 5 ਸਾਲ ਪਹਿਲਾਂ ਆਸਟਰੇਲੀਆ ਦੀ ਆਰਟ ਥੈਰੇਪਿਸਟ ਡੇਨਾ ਲਾਰੇਂਸ ਨੇ ਕਸ਼ਮੀਰੀ ਨੌਜਵਾਨਾਂ ਅਤੇ ਬੱਚਿਆਂ ਲਈ ਕੁਝ ਕਲਾਸਾਂ ਲਾਈਆਂ ਸਨ। ਡੇਨਾ ਨੇ ਦੇਖਿਆ ਕਿ ਇਨ੍ਹਾਂ ਨੌਜਵਾਨਾਂ ਅਤੇ ਨਾਬਾਲਗਾਂ ਦੀਆਂ ਪੇਂਟਿੰਗ ਵਿਚ ਸਭ ਤੋਂ ਜ਼ਿਆਦਾ ਸਿਆਹ ਰੰਗ ਦਾ ਇਸਤੇਮਾਲ ਹੋਇਆ ਸੀ। ਡੇਨਾ ਮੁਤਾਬਕ ਜ਼ਿਆਦਾਤਰ ਤਸਵੀਰਾਂ ਵਿਚ ਬੱਚਿਆਂ ਨੇ ਗੁੱਸੇ ਅਤੇ ਡਿਪਰੈਸ਼ਨ ਦੇ ਜਜ਼ਬਾਤ ਬਿਆਨ ਕੀਤੇ ਸਨ।

ਕਸ਼ਮੀਰੀ ਕਲਾਕਾਰ ਮਸੂਦ ਹੁਸੈਨ 4 ਤੋਂ 16 ਵਰ੍ਹਿਆਂ ਦੇ ਬੱਚਿਆਂ ਦੌਰਾਨ ਆਰਟ ਦੇ ਮੁਕਾਬਲਿਆਂ ਵਿਚ ਜੱਜ ਬਣਦੇ ਰਹੇ ਹਨ। ਮਸੂਦ ਕਹਿੰਦੇ ਹਨ ਕਿ ਬੱਚਿਆਂ ਦੀ ਕਲਾ ਦੇ ਵਿਸ਼ੇ ਹੁਣ ਬਦਲ ਗਏ ਹਨ। ਹੁਸੈਨ ਮੁਤਾਬਕ ਪਹਿਲਾਂ ਦੀਆਂ ਤਸਵੀਰਾਂ ਵਿਚ ਅਮਨ ਝਲਕਦਾ ਸੀ। ਅੱਜ ਉਸ ਦੀ ਥਾਂ ਹਿੰਸਾ ਨੇ ਲੈ ਲਈ ਹੈ। ਅੱਜ ਉਹ ਲਾਲ ਫ਼ਲਕ ਉਕੇਰਦੇ ਹਨ। ਉਹ ਬੰਦੂਕਾਂ, ਟੈਂਕਾਂ, ਸੜਕ 'ਤੇ ਹਿੰਸਾ ਦੀਆਂ ਤਸਵੀਰਾਂ ਬਣਾਉਂਦੇ ਹਨ। ਅੱਜ ਕਸ਼ਮੀਰੀ ਬੱਚੇ ਮਰਦੇ ਹੋਏ ਲੋਕਾਂ ਦੀਆਂ ਤਸਵੀਰਾਂ ਆਪਣੇ ਕੈਨਵਸ 'ਤੇ ਉਤਾਰਦੇ ਹਨ। ਸ੍ਰੀਨਗਰ ਦੇ ਮਨੋਵਿਗਿਆਨੀ ਅਰਸ਼ਦ ਹੁਸੈਨ ਕਹਿੰਦੇ ਹਨ ਕਿ ਬੱਚਿਆਂ ਦੀ ਕਲਾ ਵਿਚ ਉਨ੍ਹਾਂ ਦੀ ਤਕਲੀਫ਼ ਦੀ ਝਲਕ ਮਿਲਦੀ ਹੈ। ਅਰਸ਼ਦ ਹੁਸੈਨ ਕਹਿੰਦੇ ਹਨ, 'ਸਾਨੂੰ ਲਗਦਾ ਹੈ ਕਿ ਬੱਚੇ ਕੁਝ ਨਹੀਂ ਸਮਝਦੇ। ਅਜਿਹਾ ਨਹੀਂ ਹੈ। ਉਨ੍ਹਾਂ ਉਪਰ ਆਲੇ-ਦੁਆਲੇ ਦੇ ਮਾਹੌਲ ਦਾ ਅਸਰ ਹੁੰਦਾ ਹੈ। ਉਹ ਹਾਲਾਤ ਨੂੰ ਆਪਣੇ ਅੰਦਰ ਜਜ਼ਬ ਕਰ ਲੈਂਦੇ ਹਨ। ਫਿਰ ਉਸ ਨੂੰ ਆਪਣੇ ਆਪਣੇ ਤਰੀਕੇ ਨਾਲ ਜ਼ਾਹਰ ਕਰਦੇ ਹਨ।

ਅਰਸ਼ਦ ਯਾਦ ਕਰਦੇ ਹਨ ਕਿ ਹਿੰਸਕ ਹਾਲਾਤ ਦੀਆਂ ਤਸਵੀਰਾਂ ਬਣਾਉਣ ਵਾਲੇ ਉਹ ਬੱਚੇ ਹਨ, ਜੋ ਮਹੀਨਿਆਂ ਤੱਕ ਘਰਾਂ ਵਿਚ ਕੈਦ ਰਹੇ ਸਨ। ਉਹ ਕਹਿੰਦੇ ਹਨ ਕਿ ਜ਼ਰਾ ਸੋਚੋ, ਉਹ ਬੱਚੇ ਕਿਹੋ ਜਿਹੀਆਂ ਤਸਵੀਰਾਂ ਬਣਾਉਣਗੇ ਜੋ ਸੜਕਾਂ 'ਤੇ ਹੋ ਰਹੇ ਹਿੰਸਕ ਪ੍ਰਦਰਸ਼ਨ ਦਾ ਹਿੱਸਾ ਹਨ।

ਕਸ਼ਮੀਰੀ ਬੱਚਿਆਂ ਦੀਆਂ ਬਣਾਈਆਂ ਤਵਸੀਰਾਂ, 9/11 ਦੇ ਹਮਲੇ ਤੋਂ ਬਾਅਦ ਅਮਰੀਕੀ ਬੱਚਿਆਂ ਦੀਆਂ ਬਣਾਈਆਂ ਪੇਂਟਿੰਗ ਦੀ ਯਾਦ ਦਿਵਾਉਂਦੀਆਂ ਹਨ। ਅਮਰੀਕੀ ਬੱਚਿਆਂ ਨੇ ਉਸ ਹਮਲੇ ਤੋਂ ਬਾਅਦ ਰੋਂਦੇ ਹੋਏ ਬੱਚਿਆਂ, ਅੱਗ ਵਿਚ ਝੁਲਸ ਰਹੇ ਟਵਿਨ ਟਾਵਰਜ਼ ਅਤੇ ਓਸਾਮਾ ਬਿਨ ਲਾਦੇਨ ਦੇ ਉਸ ਨੂੰ ਗਿਰਾਉਂਦੇ ਹੋਏ ਮੰਜ਼ਰ ਦੀਆਂ ਤਸਵੀਰਾਂ ਬਣਾਈਆਂ ਸਨ। ਉਸ ਵਕਤ ਅਮਰੀਕੀ ਬੱਚਿਆਂ ਨੇ ਵੀ ਸੁਰਖ਼, ਬਲਦੇ ਹੋਏ ਫ਼ਲਕ ਨੂੰ ਆਪਣੇ ਕੈਨਵਸ 'ਤੇ ਉਤਾਰਿਆ ਸੀ। ਇਕ ਪੇਂਟਿੰਗ ਵਿਚ ਇਕ ਡਰੀ ਹੋਈ ਬੱਚੀ ਆਈ ਲਵ ਯੂ ਨਿਊਯਾਰਕ ਲਿਖੀ ਹੋਈ ਟੀ ਸ਼ਰਟ ਪਹਿਨੀ ਦਿਖਾਈ ਗਈ ਸੀ।

ਕਸ਼ਮੀਰ ਵਿਚ ਪਰੀਆਂ ਦੀਆਂ ਕਹਾਣੀਆਂ, ਬੁਰੇ ਸੁਪਨਿਆਂ ਵਿਚ ਤਬਦੀਲ ਹੁੰਦਿਆਂ ਵਕਤ ਨਹੀਂ ਲਗਦਾ। ਪਰ ਹਾਲੇ ਵੀ ਹਾਲਾਤ ਏਨੇ ਨਹੀਂ ਵਿਗੜੇ ਕਿ ਸੰਭਾਲੇ ਨਾ ਜਾ ਸਕਣ। ਇਕ ਬੱਚੇ ਦੀ ਬਣਾਈ ਤਸਵੀਰ ਵਿਚ ਇਕ ਬੱਚੀ ਗੁਜ਼ਾਰਿਸ਼ ਕਰਦੀ ਦਿਖ ਰਹੀ ਹੈ ਕਿ ਸਾਡਾ ਭਵਿੱਖ ਸੁਨਹਿਰਾ ਬਣਾਓ। ਸਾਨੂੰ ਪੜ੍ਹਾਓ-ਲਿਖਾਓ। ਮੌਜੂਦਾ ਹਾਲਾਤ ਦੇ ਬਹਾਨੇ ਸਾਡੇ ਭਵਿੱਖ ਨੂੰ ਹਨੇਰਮਈ ਨਾ ਬਣਾਓ।

ਭਾਵ ਹਾਲੇ ਵੀ ਬੱਚਿਆਂ ਨੂੰ ਉਮੀਦ ਹੈ। ਹਾਲੇ ਵੀ ਉਨ੍ਹਾਂ ਦੇ ਜ਼ਹਿਨ ਵਿਚ ਸੁਨਹਿਰੇ ਖ਼ਵਾਬ ਹਨ। ਜ਼ਰੂਰਤ ਹੈ, ਉਨ੍ਹਾਂ ਅੱਖਾਂ ਵਿਚ ਵਸੇ ਸੁਪਨਿਆਂ ਦੀ ਤਾਬੀਰ ਦੀ। ਕਸ਼ਮੀਰ ਨੂੰ ਜ਼ਰੂਰਤ ਹੈ, ਅਮਨ ਦੇ ਪੈਗ਼ਾਮ ਦੀ। ਇਨ੍ਹਾਂ ਬੱਚਿਆਂ ਨੂੰ ਇਸ ਦਾ ਬੇਸਬਰੀ ਨਾਲ ਇੰਤਜ਼ਾਰ ਹੈ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ ਸੱਤਵਾਂ)

## ਹੁਣ ਕੀ ਕੀਤਾ ਜਾਏ

ਅੱਜ 'ਚੰਨੋ' ਮਾਸੀ ਦਾ ਵਿਆਹ ਹੈ। ਸਭ ਤੋਂ ਛੋਟੀ ਮਾਸੀ ਦਾ – ਭਾਪਾ ਜੀ ਦੇ ਚਾਚੇ ਦੇ ਪੁੱਤ ਭਰਾ ਬਖਤੌਰੇ (ਬਖਤਾਰਵ ਸਿੰਘ) ਨਾਲ।

ਫੌਜੀ ਹਨ ਚਾਚਾ ਜੀ ਉਰਫ਼ ਮਾਸੜ ਜੀ– ਰਿਸ਼ਤਾ ਵੀ ਤਾਂ ਭਾਪਾ ਜੀ ਨੇ ਹੀ ਕਰਾਇਆ ਹੈ ਸਾਨੂੰ ਦੋਹਾਂ ਪਾਸੇ ਵਿਆਹ ਹੈ –

ਬਰਾਤ ਜਟਾਣਿਆਂ ਤੋਂ ਟਪਰੀਆਂ ਆਉਣੀ ਹੈ। ਕੋਈ ਸੱਤ–ਅੱਠ ਕੋਹ ਦਾ ਪੈਂਡਾ ਕਰ ਰੱਥ ਗੱਡੀਆਂ 'ਤੇ।

ਮੈਂ ਆਪਣੀ ਸੋਝੀ ਵਿਚ ਇਹ ਪਹਿਲਾ ਵਿਆਹ ਦੇਖਣਾ ਹੈ – ਮੈਂ ਤੇ ਆਪਣੇ ਕੰਨ ਵੀ ਵਿਨ੍ਹਾ ਲਏ ਹਨ – ਬੀਜੀ ਦੀ ਚਾਚੀ 'ਜੀਤੋ' ਕੋਲੋਂ ਕਿੱਕਰ ਦੀ ਸੂਲ ਨਾਲ ਤੇ ਹੁਣ ਕਾਂਟੇ ਵੀ ਪਾ ਲਏ ਹਨ ਖਰੀਦ ਕੇ – ਪਿੱਤਲ ਦੇ – ਕਿੰਨੇ ਦਿਨਾਂ ਤੋਂ ਤਿਆਰੀਆਂ ਹੋ ਰਹੀਆਂ ਹਨ ਨਵੇਂ ਕਪੜੇ – ਦਰਜ਼ੀ ਵੀ ਤਾਂ ਅੰਮਾ ਹੋਰਾਂ ਨੇ ਘਰ ਹੀ ਬਿਠਾਇਆ ਹੋਇਆ ਹੈ – ਕਈ ਦਿਨਾਂ ਦਾ – ਚੁੰਨੀਆਂ ਨੂੰ, ਪੱਗਾਂ ਨੂੰ ਮਾਏ (ਮਾਵਾ) ਲਾਏ ਜਾ ਰਹੇ ਹਨ। ਪੱਗਾਂ ਤਾਂ ਬਲਦਾਂ ਦੀਆਂ ਵੀ ਹਰੀਆਂ (ਅੰਗੂਰੀ), ਗੁਲਾਬੀ, ਲਸੂੜੀ ਕਈ ਰੰਗਾਂ ਦੀਆਂ ਰੰਗੀਆਂ ਜਾ ਰਹੀਆਂ ਹਨ – ਘਰ ਹੀ। 'ਝੋਨੇ' ਪੰਗਾਂ – ਸੂਟਾਂ ਨਾਲ 'ਤਿਓਰਾਂ' ਨਾਲ ਦੂਹਰੇ ਝੋਨੇ (ਦੁਪੱਟੇ) ਲਾਏ ਜਾਂਦੇ ਹਨ – ਬਲਦਾਂ ਦੇ ਰੰਗ ਬਰੰਗੇ ਝੁੱਲ, ਗਲਾਂ ਵਿਚ ਟੱਲੀਆਂ, ਘੁੰਗਰਾਲਾਂ – ਸਭ ਤਿਆਰੀਆਂ ਹੋ ਰਹੀਆਂ ਹਨ। ਤਿੰਨ ਦਿਨ ਰਹਿਣੀ ਹੈ ਬਰਾਤ।

ਹੁਣ ਬਰਾਤ ਤੁਰਨੀ ਹੈ। ਚਾਚਾ ਜੀ ਰੱਥ ਵਿਚ ਬੈਠੇ ਹਨ – ਹੱਥ ਵਿਚ ਕਿਰਪਾਨ – ਅਸੀਂ ਵੀ ਚਾਚਾ ਜੀ ਨਾਲ ਰੱਥ ਵਿਚ ਬੈਠ ਗਏ ਹਾਂ ਤਿੰਨੇ ਭੈਣ ਭਰਾ। ਬਰਾਤ ਵਿਚ ਤੀਵੀਆਂ ਨਹੀਂ ਆਉਣੀਆਂ ਹਨ ਪਰ ਬੀਜੀ ਤਾਂ ਆਏ ਹਨ – ਉਨ੍ਹਾਂ ਦੀ ਭੈਣ ਦਾ ਵਿਆਹ ਜੋ ਹੈ।

ਨਾਨਾ ਜੀ ਦਾ ਹੁਕਮ ਹੈ ਜੰਨ ਪੰਜ ਵਜੇ ਤੱਕ ਪੁੱਜ ਜਾਣੀ ਚਾਹੀਦੀ ਹੈ ਪਰ ਉਹ ਤਾਂ ਲਗਭਗ ਦੋ ਢਾਈ ਘੰਟੇ ਦੇਰ ਨਾਲ ਪੁੱਜਦੀ ਹੈ। ਡੇਰੇ ਆ ਜਾਂਦੀ ਹੈ ਜੰਨ - ਪਾਣੀ–ਧਾਣੀ ਪਿਆਣ ਮਗਰੋਂ ਇਕ ਲੰਮੀ ਚੁੱਪ –

ਚਾਹ ਪਾਣੀ ਦੀ ਸੇਵਾ ਸਭ ਡੇਰੇ ਵਿਚ ਹੀ ਤਾਂ ਹੋਣੀ ਹੈ – ਪਰ ਇੱਥੇ ਤਾਂ ਅਜੇ ਤੱਕ ਕੋਈ ਆਇਆ ਹੀ ਨਹੀਂ ਹੈ। ਬਰਾਤ ਨੂੰ ਮੰਜਿਆਂ 'ਤੇ ਸਜੀ ਬੈਠੀ ਨੂੰ ਹੁਣ ਜਦ ਕਿੰਨਾ ਚਿਰ ਹੋ ਗਿਆ – ਭਾਪਾ ਜੀ ਘਰ ਜਾਂਦੇ ਹਨ, ਚਾਹ ਪਾਣੀ ਬਾਰੇ ਪੁੱਛਦੇ ਹਨ – ਪਿਆਰਾ ਮਾਮਾ ਜੀ ਨੂੰ – ਸਾਰੇ ਸਹਿਮੇ ਸਹਿਮੇ – ਮਾਮਾ ਜੀ ਮਠਿਆਈ ਵਾਲੇ ਕਮਰੇ ਵੱਲ ਇਸ਼ਾਰਾ ਕਰਦੇ ਹਨ ਜਿੱਥੇ ਬਿੱਲੀ ਦੇ ਸਿਰ ਜਿੱਡਾ ਤਾਲਾ ਲੱਗਾ ਹੋਇਆ ਹੈ। ਪੁੱਛਣ 'ਤੇ ਪਤਾ ਲਗਦਾ ਹੈ ਜੰਨ ਨੂੰ ਦੇਰ ਹੋ ਜਾਣ ਕਰਕੇ ਬਾਈ ਗਾਲ੍ਹਾਂ ਕੱਢਦਾ ਰੋਪੜ ਨੂੰ ਚਲਾ ਗਿਆ ਹੈ। 'ਹੁਣ ਕੀ ਕੀਤਾ ਜਾਏ ?' ਭਾਪਾ ਜੀ ਪੁੱਛਦੇ ਹਨ। ਕਰਨਾ ਕੀ ਹੈ, ਕਿਸੇ ਦਾ ਸਾਈਕਲ ਫੜ ਰੋਪੜ ਨੂੰ ਜਾਹ, ਰਾਹ ਵਿਚ ਹੀ ਜਾਂਦਾ ਹੋਊ ਅਜੇ ਕਿਤੇ ਬਾਈ। ਮਨਾ ਲਿਆ, ਤੇਰੇ ਕਹੇ 'ਤੇ ਹੀ ਆਊ ਉਹ ਮਾਮਾ ਜੀ ਕਹਿੰਦੇ ਹਨ। ਭਾਪਾ ਜੀ ਇੰਜ ਹੀ ਕਰਦੇ ਹਨ। ਉਂਜ ਭਾਪਾ ਜੀ ਬਾਈ ਦੇ ਸਭ ਤੋਂ ਚਹੇਤੇ, ਜੁਆਈ – ਪੁੱਤਾਂ ਤੋਂ ਵੀ ਵੱਧ, ਹਰ ਸਲਾਹ ਮਸ਼ਵਰਾ, ਸੁਲਾਹ ਸਫ਼ਾਈ ਕਰਾਉਣ ਵੇਲੇ ਬਾਈ ਭਾਪਾ ਜੀ ਨੂੰ ਹੀ ਤਾਂ ਬਲਾਉਂਦੇ ਹਨ, ਪੁੱਛਦੇ ਹਨ, ਭਾਵੇਂ ਉਹ ਕਿਤੇ ਵੀ ਹੋਣ – 'ਅਮਨ ਦਾ ਦੇਵਤਾ' ਜੁ ਕਹਿੰਦੇ ਹਨ ਭਾਪਾ ਜੀ ਨੂੰ ਉਹ – ਤੇ ਅੱਜ ਭਾਅ ਦੀ ਆ ਬਣੀ – 'ਅਮਨ ਦੇ ਦੇਵਤਾ' 'ਤੇ ਹੀ।

ਰੋਪੜ ਦੇ ਰਾਹ 'ਕੂਈਆਂ' ਕੋਲ ਜਾ ਘੇਰਦੇ ਹਨ ਭਾਪਾ ਜੀ ਬਾਈ ਨੂੰ – ਹੱਥ ਜੋੜ, ਪੈਰੀਂ ਪੈ, ਮਿੰਨਤਾਂ ਕਰ ਮਨਾ ਲਿਆਉਂਦੇ ਹਨ, ਤਾਂ ਕਿਤੇ ਜਾ ਕੇ ਮਿਲਦਾ ਹੈ ਬਰਾਤ ਨੂੰ ਚਾਹ–ਪਾਣੀ। ਇਹੋ ਜਿਹੇ ਹਨ, ਸਾਡੇ ਬਾਈ ਜੀ (ਨਾਨਾ ਜੀ)। ਉੱਚਾ ਲੰਮਾ ਕਦ, ਸਡੌਲ ਸਰੀਰ, ਦੁੱਧ ਚਿੱਟੇ ਚਾਂਦੀ ਰੰਗੇ ਕੇਸ, ਚਿਹਰਾ ਗੋਰਾ ਗੁਲਾਬੀ ਭਾਅ ਮਾਰਦਾ – ਜਲੌਅ ਭਰਿਆ।



**ਜਿੰਦਰ, ਸਿੰਦਰ, ਮੋਹਣ, ਨਿੰਦਰ ਅਤੇ ਨਾਨਕਾ ਪਰਿਵਾਰ**

ਕਹਿੰਦੇ ਹਨ – ਟਾਲ ਕਰਦਾ ਸੀ ਬਾਈ ਰੋਪੜ ਜੁਆਨੀ ਵੇਲੇ, ਪੁੱਤ ਗੱਭਰੂ ਹੋ ਗਏ – ਛੱਡ ਤੀ। ਹੁਣ ਪਾਠ ਕਰਨ, ਭੱਠਾ ਸਾਹਿਬ ਜਾਣਾ, ਕਦੇ ਕਦੇ ਖੇਤਾਂ ਵੱਲ ਗੇੜਾ ਮਾਰ ਆਉਣਾ ਤੇ ਕਦੇ ਰੋਪੜ ਵੀ – ਇਹ ਬਾਈ ਦੇ ਮੁੱਖ ਧੰਦੇ ਹਨ।

ਆਮ ਤੌਰ 'ਤੇ ਸਵੇਰੇ ਸਾਝਰੇ ਬਾਈ ਖੂਹ 'ਤੇ ਜਾ ਨਹਾਉਂਦਾ ਹੈ ਤੇ ਸੰਝਾਂ ਨੂੰ ਨਹਿਰ 'ਤੇ। ਨਹਿਰ ਕੰਢੇ ਫੁੱਟਦੇ ਨਿਰਮਲ ਪਾਣੀਆਂ ਦੇ ਸੋਮਿਆਂ ਨਾਲ ਤੇ ਨਹਾਉਣ ਲਈ ਆਪਣੀ ਗੜਵੀ ਵੀ ਉਹ ਘਰ ਤੋਂ ਹੀ ਨਾਲ ਲੈ ਕੇ ਜਾਂਦਾ ਹੈ।




ਉਂਜ ਬਾਈ ਬਹੁਤਾ ਸਮਾਂ ਚੁਬਾਰੇ ਵਿਚ ਹੀ ਗੁਜ਼ਾਰਦਾ ਹੈ – ਪਾਠ ਪੂਜਾ ਕਰਨਾ ਜਾਂ ਹੋਰ ਗ੍ਰੰਥ ਪੜ੍ਹਨੇ – ਲੋੜ ਵੇਲੇ ਜਾਂ ਰੋਟੀ ਟੁੱਕ ਵੇਲੇ ਹੇਠਾਂ ਉਤਰਦਾ ਹੈ ਉਹ – ਇਕ ਗੱਲ ਜੋ ਮੈਨੂੰ ਬਹੁਤ ਚੰਗੀ ਲੱਗਦੀ –

ਜਦੋਂ ਬਾਈ ਸੰਝਾਂ ਨੂੰ ਘਰ ਮੁੜਦਾ ਨਹਾ ਕੇ ਜਾਂ ਬਾਹਰੋਂ ਕਿਤੋਂ ਤਾਂ ਬਾਈ ਨੂੰ ਦੇਖ ਮੈਂ ਨੱਠ ਕੇ ਵਿਹੜੇ ਵਿਚ ਆ ਰੌਲਾ ਪਾ ਦਿੰਦੀ, "ਬਾਈ ਆ ਗਿਆ..."ਫੇਰ ਕੀ, ਕੰਮ ਕਰਦੀਆਂ ਮਾਮੀ ਹੁਣੀਂ ਹੱਥ ਝਾੜਦੀਆਂ, ਪੂੰਝਦੀਆਂ, ਝੱਗੇ ਨਾਲ ਪੱਲੇ ਨਾਲ ਜੋ ਵੀ ਮੂਹਰੇ ਮਿਲਦਾ – ਦੁਪੱਟੇ ਸਾਂਭਦੀਆਂ, ਸਿਰ ਮੂੰਹ ਢਕਦੀਆਂ ਅੰਦਰ ਜਾ ਵੜਦੀਆਂ। ਜਿਉਂ ਹੀ 'ਬਾਈ' ਕੋਠੇ ਚੜ੍ਹ ਜਾਂਦਾ ਤਾਂ ਝਕਦੀਆਂ ਝਕਾਉਂਦੀਆਂ ਆਸੇ ਪਾਸੇ ਦੇਖਦੀਆਂ ਘੁੰਡ ਕੱਢਣੀਆਂ ਘੁੰਡ ਚੱਕਦੀਆਂ ਬਾਹਰ ਆ – ਆਪਣੇ ਆਪਣੇ ਆਹਰ ਲਗ ਜਾਂਦੀਆਂ। ਪਤਾ ਨਹੀਂ ਇਹ ਰੋਜ਼ ਦਾ ਨਾਟਕ ਮੈਨੂੰ ਕਿਉਂ ਚੰਗਾ ਲਗਦਾ। ਬਸ ਮੈਂ ਤਾਂ ਸਦਾ ਅਜਿਹੇ ਮੌਕੇ ਦੀ ਤਾੜ ਵਿਚ ਹੀ ਰਹਿੰਦੀ ਹਾਂ ਕਿ ਕਦ ਬਾਈ ਆਏ ਕਦ... ਮੈਂ ਡਰਾਵਾਂ ਸਾਰੀਆਂ ਨੂੰ।

ਉਪਰ ਚੁਬਾਰੇ ਵਿਚ ਬਾਈ ਦਾ ਇਕ ਵੱਡਾ ਸਾਰਾ ਮੰਜਾ ਹੈ ਸੂਤ ਦਾ, ਚਿੱਟੇ ਨੀਲੇ ਸੂਤ ਦਾ ਟੇਢੀਆਂ ਧਾਰੀਆਂ ਪਾ ਬੁਣਿਆ ਹੋਇਆ ਤੇ ਬਿਸਤਰਾ ਵੀ ਸਾਫ਼ ਸੁਥਰਾ ਦਰੀ ਸਮੇਤ ਕੀ ਮਜਾਲ ਕੋਈ ਬਾਈ ਦੇ ਮੰਜੇ 'ਤੇ ਬੈਠ ਜਾਏ, ਖ਼ਾਸ ਕਰ – ਨਿਆਣੇ। ਜੇ ਬੈਠ ਵੀ ਜਾਓ ਤਾਂ ਪੈਰ ਤਾਂ ਮੰਜੇ 'ਤੇ ਰੱਖਣੇ ਸਖ਼ਤ ਮਨ੍ਹਾਂ ਹਨ – ਸਾਰਿਆਂ ਨੂੰ।

ਬਾਈ ਦਾ ਸਾਫ਼ਾ, ਪਰਨਾ, ਕੁੜਤਾ, ਪਜਾਮਾ, ਕਛਿਹਰਾ ਸਭ ਸਫ਼ੇਦ ਹਨ – ਖੱਦਰ ਦੇ। ਜੁੱਤੀ 'ਨਰੀ' ਦੀ ਜਾਂ 'ਧੌੜੀ" ਦੀ। ਉਂਜ ਘਰ ਵਿਚ ਸਭ ਤੀਵੀਆਂ 'ਨਰੀ' ਦੀ ਤੇ ਮਰਦ 'ਧੌੜੀ' ਦੀ ਜੁੱਤੀ ਪਾਉਂਦੇ ਹਨ।

ਘਰ ਵਿਚ ਪਾਉਣ ਲਈ ਬਾਈ ਕੋਲ ਦੋ ਜੋੜੇ ਖੜਾਵਾਂ ਦੇ ਵੀ ਹਨ – ਇਕ ਚਿੱਟੀ ਨਵਾਰ ਵਾਲਾ, ਦੂਜਾ ਲੱਕੜੀ ਦੇ ਪਊਏ (ਅਗੂੰਠੇ ਵਾਲੇ), ਡਿਜ਼ਇਨਦਾਰ। ਇਹ ਮੈਨੂੰ ਵੀ ਬਹੁਤ ਚੰਗੇ ਲਗਦੇ ਹਨ – ਪੈਰੀਂ ਪਾ ਪਾ ਦੋਨੋ ਜੋੜੇ – ਵਿਚੋਂ ਮੁਲਾਇਮ ਹੋਏ ਪਏ ਹਨ, ਘਿਸ ਘਿਸ ਕੇ ਉਂਜ – 'ਨਵਾਰੀ' ਖੜਾਵਾਂ ਤਾਂ ਅੰਮਾਂ ਦੀਆਂ ਵੀ ਹਨ।

ਇਕ ਵਾਰ ਬਾਈ ਨੇ ਕੋਠੇ ਤੋਂ ਆਵਾਜ਼ ਮਾਰ ਕੇ ਮੈਥੋਂ ਆਪਣੀਆਂ ਖੜਾਵਾਂ ਮੰਗਵਾਈਆਂ। ਪਤਾ ਨਹੀਂ ਕਿਵੇਂ ਮੈਂ ਗ਼ਲਤੀ ਨਾਲ ਅੰਮਾਂ ਦੀਆਂ ਖੜਾਵਾਂ ਲੈ ਗਈ। ਕਿੰਨਾ ਡਾਂਟਿਆ ਸੀ ਬਾਈ ਨੇ ਓਦਣੇ ਮੈਨੂੰ – ਇਸ ਨਿੱਕੀ ਜਿਹੀ ਗ਼ਲਤੀ ਤੋਂ, ਤੇ ਬਾਕੀ ਸਾਰਿਆਂ ਨੇ ਵੀ (ਇਹ ਮੈਂ ਹੀ ਜਾਣਦੀ ਹਾਂ) ਜਿਵੇਂ ਪਤਾ ਨਹੀਂ ਮੈਥੋਂ ਕਿੱਡਾ ਵੱਡਾ ਗੁਨਾਹ ਹੋ ਗਿਆ ਹੋਵੇ।

ਬਾਈ ਦਾ ਖਾਣਾ ਆਮ ਪਰਿਵਾਰ ਤੋਂ ਵੱਖ ਬਣਦਾ ਹੈ – ਦਾਲ ਭਾਜੀ ਦੇਸੀ ਘੀ ਦੀ, ਜਦਕਿ ਸਾਰੇ ਟੱਬਰ ਦੀ 'ਦਸੌਰੀ' ਘੀ ਵਿਚ। ਘਰਦਿਆਂ ਦੀ ਚਾਹ ਕੱਚੇ ਮਿੱਠੇ (ਗੁੜ) ਦੀ ਤੇ ਬਾਈ ਲਈ ਪੱਕੇ ਮਿੱਠੇ 'ਚੀਨੀ' ਦੀ।

ਬਾਈ ਦੀ ਦਾਲ ਭਾਜੀ ਵਿਚ ਮਿਰਚਾਂ ਦੀ ਵਰਤੋਂ ਨਹੀਂ ਹੁੰਦੀ ਹੈ। ਇਹੋ ਕਾਰਨ ਹੈ ਜਦ ਉਹ ਬਚ ਜਾਂਦੀ ਸਾਨੂੰ ਨਿਆਣਿਆਂ ਨੂੰ ਮਿਲ ਜਾਂਦੀ ਹੈ ਖਾਣ ਨੂੰ।

ਮੈਨੂੰ ਯਾਦ ਹੈ ਇਕ ਵਾਰੀ ਮੇਰੀਆਂ ਅੱਖਾਂ ਦੁੱਖਣੀਆਂ ਆ ਗਈਆਂ। ਕਿਵੇਂ ਬਾਈ ਨੇ ਅੰਮਾ ਨੂੰ ਕਹਿ ਬੂਰੇ ਵਿਚ ਕਾਲੀਆਂ ਮਿਰਚਾਂ (ਪੀਸੀਆਂ ਹੋਈਆਂ) ਤੇ ਦੇਸੀ ਘੀ ਰਲਾ ਰਲਾ ਮੈਨੂੰ ਕਿੰਨੇ ਦਿਨ ਖੁਆਇਆ – ਖ਼ਬਰਨੀ ਜਦ ਤੱਕ, ਜਦ ਤੱਕ ਮੇਰੀਆਂ ਅੱਖਾਂ ਠੀਕ ਨਹੀਂ ਹੋ ਗਈਆਂ।

ਮੈਂ ਤਾਂ ਕੀ ਕੋਈ ਵੀ ਘਰ ਦਾ – ਕੀ ਮਜ਼ਾਲ ਬਾਈ ਦਾ ਹੁਕਮ ਨਾ ਮੰਨੇ, ਜਾਂ ਚੂੰ ਵੀ ਕਰ ਜਾਏ।

ਬਾਈ ਨੂੰ ਸਮਝਣਾ ਬਹੁਤ ਔਖਾ ਹੈ – ਕਦੀ ਉਹ ਅਖਰੋਟ ਵਰਗਾ ਲਗਦਾ, ਬਾਹਰੋਂ ਸਖ਼ਤ, ਅੰਦਰੋਂ ਨਰਮ, ਕਦੀ ਉਹ ਬੇਰ ਵਰਗਾ ਲਗਦਾ ਹੈ – ਬਾਹਰੋਂ ਨਰਮ ਤੇ ਅੰਦਰੋਂ ਸਖ਼ਤ। ਕਦੀ ਉਹ ਬਦਾਮ ਵਰਗਾ ਲਗਦਾ – ਬਾਹਰੋਂ ਵੀ ਸਖ਼ਤ ਤੇ ਅੰਦਰੋਂ ਵੀ। ਤੇ ਕਦੀ ਉਹ ਜਮ੍ਹਾਂ ਹੀ ਰਸਗੁੱਲੇ ਵਰਗਾ ਲਗਦਾ, ਨਰਮ ਵੀ ਤੇ ਮਿੱਠਾ ਵੀ। ਇਸ ਤਰ੍ਹਾਂ ਦਾ ਸੁਭਾਅ ਹੈ ਬਾਈ ਦਾ। ਕਦ ਕੀ ਹੋ ਜਾਣਾ ਹੈ, ਇਹ ਤਾਂ ਰੱਬ ਹੀ ਜਾਣਦਾ ਹੈ ਜਾਂ ਖ਼ਬਰੇ ਉਹ ਵੀ ਨਹੀਂ।

ਅੱਜ ਚੰਨੋ ਮਾਸੀ ਸਿੰਦਰ ਤੇ ਮੈਂ ਜਟਾਣੇ ਤੋਂ ਟਪਰੀਆਂ ਆਉਂਦੀਆਂ ਹਾਂ, ਪੈਦਲ। ਇਹੋ ਕੋਈ ਦੁਪਹਿਰ ਤੋਂ ਰਤਾ ਕੁ ਪਹਿਲਾਂ।

ਸਾਰੇ ਜੀਅ ਖੇਤਾਂ ਨੂੰ ਗਏ ਹਨ–ਘਰ ਵਿਚ 'ਕੱਲਾ ਬਾਈ ਹੈ ਹੈ।

ਨੰਗਾ ਪਿੰਡਾ ਸਿਰ ਵਿਚ ਦਹੀਂ – ਘੜਿਆਂ ਵਿਚੋਂ ਪਾਣੀ ਪਾਉਂਦਾ ਫਿਰਦਾ ਹੈ ਬਾਈ – ਬਾਲਟੀ ਵਿਚ।

(ਸੱਚ ਮੈਂ ਦੱਸਣਾ ਤਾਂ ਭੁੱਲ ਹੀ ਗਈ, ਬਾਈ – ਸਦਾ ਦਹੀ ਨਾਲ ਹੀ ਨਹਾਉਂਦਾ ਹੈ। ਉਹ ਵੀ ਘਰ ਦਾ ਜੇ ਗ਼ਲਤੀ ਨਾਲ ਜਾਂ ਊਂ ਹੀ ਘਰ ਦਹੀਂ ਨਾ ਬਣਿਆ ਹੋਵੇ ਤਾਂ ਰੋਪੜੋਂ ਲਿਆਉਣਾ ਪੈਂਦਾ ਹੈ।

ਮਾਸੀ ਦੇਖਦੇ ਸਾਰ ਹੀ ਡਰ ਜਾਂਦੀ ਹੈ। ਘਬਰਾਹਟ ਐਨ ਪੜ੍ਹੀ ਜਾ ਰਹੀ ਹੈ ਉਹਦੇ ਚੇਹਰੇ 'ਤੇ। "ਊਆ ਪੰਜਾਹ ਜੀਆਂ ਦਾ ਟੱਬਰ, ਬਾਈ ਆਪ ਘੜਿਆਂ ਵਿਚੋਂ ਪਾਣੀ ਪਾਉਂਦਾ ਫਿਰਦੈ." ਮਾਸੀ ਆਪ ਮੁਹਾਰੇ ਕਹਿ ਜਾਂਦੀ ਹੈ।

ਮੈਂ ਮੂਹਰੇ ਹੋ ਬਾਈ ਨੂੰ 'ਸਤਿ ਸ੍ਰੀ ਅਕਾਲ' ਕਹਿੰਦੀ ਹਾਂ। "ਮਰਗੇ ਸਾਲੇ ਸਾਰੇ ਭੈਣੀ... "ਜਵਾਬ ਵਿਚ ਬਾਈ ਵੱਡੀ ਸਾਰੀ ਗਾਲ੍ਹ ਕੱਢਦਾ ਹੈ ਜਿਵੇਂ ਮੈਂ ਕਿਤੇ ਬਲਦੀ 'ਤੇ ਤੇਲ ਪਾ ਦਿੱਤਾ ਹੋਵੇ।

ਅੱਗੇ ਹੋ ਮਾਸੀ ਗਾਗਰਾਂ ਵਿਚੋਂ ਪਾਣੀ ਪਾ ਦਿੰਦੀ ਹੈ। ਅਸੀਂ ਕਿੱਲੀ 'ਤੇ ਝੋਲੇ ਟੰਗ ਖੇਤਾਂ ਨੂੰ ਚਲੇ ਜਾਂਦੀਆਂ ਹਾਂ। 'ਆਲੂ ਪੱਟਦਿਆਂ' ਨੂੰ – ਜਾ ਸੁਣਾਉਂਦੀਆਂ ਹਾਂ ਸਾਰੀ ਰਾਮ ਕਹਾਣੀ – ਪਰ ਡਰੀਆਂ ਡਰੀਆਂ ਸਹਿਮੀਆਂ ਸਹਿਮੀਆਂ।

ਦੁਪਹਿਰੇ ਘਰ ਮੁੜਦੇ ਹਾਂ ਸਾਰੇ। ਬਾਈ ਨਹਾ ਧੋ ਮੰਜੇ 'ਤੇ ਬੈਠਾ ਹੈ – ਵਰਾਂਡੇ ਵਿਚ। ਸੁਰਿੰਦਰ ਤੇ ਮੈਂ ਡਰਦੀਆਂ ਡਰਦੀਆਂ ਫੇਰ ਮੂਹਰੇ ਹੋ ਬਾਈ ਨੂੰ 'ਸਤਿ ਸ੍ਰੀ ਅਕਾਲ' ਕਹਿੰਦੀਆਂ ਹਾਂ –

"ਰਾਜੀ ਰਹੁ ਮੁੰਨੀ, ਭਾਈ, ਕਦੋਂ ਆਈਆਂ –"ਮੂਹਰੇ ਨੂੰ ਹੱਥ ਕਰ ਸਿਰ 'ਤੇ ਪਿਆਰ ਦਿੰਦਾ ਹੈ।

"ਕਦੋਂ ਆਈਆਂ – ?" – ਤੇ ਉਹ ਥੋੜ੍ਹੀ ਦੇਰ ਪਹਿਲਾਂ – ਮੈਂ ਬਹੁਤ ਹੈਰਾਨ ਹੁੰਦੀ ਹਾਂ।

"ਸੁੱਲੋ..."ਰਸੋਈ ਵਿਚ ਬੈਠੀ ਅੰਮਾ ਨੂੰ ਬਾਈ ਹਾਕ ਮਾਰਦਾ ਹੈ।

(ਉਂਜ ਅੰਮਾ ਦਾ ਨਾਉ ਸੰਤੀ ਹੈ ਪਰ ਬਾਈ ਸਦਾ ਇਸੇ ਨਾਂ ਨਾਲ ਬੁਲਾਉਂਦਾ ਹੈ। ਪਤਾ ਨਹੀਂ ਕਿਉਂ। ਇਹ ਤਾਂ ਬਾਈ ਨੂੰ ਹੀ ਪਤਾ ਹੋਊ ਜਾਂ ਫੇਰ ਅੰਮਾ ਨੂੰ। ਹੋਰ ਸ਼ਾਇਦ ਕੋਈ ਜਾਣਦਾ ਹੀ ਨਹੀਂ ਹੋਊ, ਮੇਰਾ ਖਿਆਲ ਹੈ।)

"ਦੇਖ ਅੱਜ ਤੇਰੀਆਂ ਦੋਹਤੀਆਂ ਆਈਆਂ – ਗੁਲਗਲੇ–ਕਚੌਰੀਆਂ ਬਣਾ, ਕਹਿੰਦੇ – ਇਕ ਦੋਹਤੇ ਨੂੰ ਖੁਆਓ – ਸੌ ਯੱਗਾਂ ਦਾ ਪੁੰਨ ਹੁੰਦਾ।"

ਫੇਰ ਕੀ ਹੁਕਮ ਮੰਨਦੀ ਹੈ ਅੰਮਾ – ਆਲੂ ਉਬਾਲ, ਮਿੱਠਾ ਆਟਾ ਘੋਲ ਚਾੜ੍ਹ ਦਿੰਦੀ ਹੈ ਕੜਾਹੀ ਚੁੱਲ੍ਹੇ 'ਤੇ – ਚਾਂਈ ਚਾਂਈ।

**(ਬਾਕੀ ਅਗਲੇ ਅੰਕ 'ਚ)**



**ਚੰਨੋ ਮਾਸੀ ਬੀਜੀ - ਨਾਨਕਾ ਘਰ, ਸ਼ਿਮਲੇ ਜਾਣ ਤੋਂ ਪਹਿਲਾਂ**

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**




## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

CALL NOW

HYDERABAD PAVILION

# VEGETABLES

FRESHLY MADE EVERYDAY!

39030 Argonaut Way, Fremont, CA 94538



BHINDI MASALA



PALAK PANEER



PANEER MAKHANI



MALAI KOFTA



DAL MAKHANI



ALOO GOBI

THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜਾਇਕਾ ਸਿਰਫ਼
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।



ORDER AHEAD & PICKUP, CALL:

510.713.0183



ਜੂਨ 84 ਦੇ ਸਿੱਖ ਘੱਲੂਘਾਰੇ ਵਿਰੁਧ ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਅੱਗੇ ਮੁਜ਼ਾਹਰੇ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸਿੱਖ ਆਗੂ।

## ਜੂਨ '84 : 33 ਵਰ੍ਹਿਆਂ ਦੀ ਲੰਮੇਰੀ ਪੀੜ; ਨਿਆਂ ਦੀ ਅਦਾਲਤੀ ਜੰਗ ਜਾਰੀ

ਸਿੱਖਾਂ ਨੂੰ ਨਿਆਂ ਨਹੀਂ ਦਿਵਾ ਸਕੀ, ਉਹ ਵੀ ਉਦੋਂ ਜਦੋਂ ਪੰਜਾਬ ਵਿਚ ਉਹਦੀ ਭਾਈਵਾਲੀ ਨਾਲ ਅਕਾਲੀ ਸਰਕਾਰ ਸੱਤਾ 'ਤੇ ਕਾਬਜ਼ ਸੀ।

ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਦੀ 33ਵੀਂ ਬਰਸੀ ਮੌਕੇ ਇਥੇ ਅਕਾਲ ਤਖ਼ਤ 'ਤੇ ਹੋਇਆ ਸ਼ਹੀਦੀ ਸਮਾਗਮ ਭਾਵੇਂ ਸੁਖੀ-ਸਾਂਦੀ ਲੰਘ ਗਿਆ ਹੈ ਪਰ ਫੇਰ ਵੀ ਕੋਸ਼ਿਸ਼ਾਂ ਦੇ ਬਾਵਜੂਦ ਸਿੱਖਾਂ ਵਿਚ ਏਕੇ ਦੀ ਕਮੀ ਰੜਕਦੀ ਰਹੀ। ਸਿੱਖਾਂ ਨੂੰ ਅਕਾਲ ਤਖ਼ਤ ਤੋਂ ਸੰਦੇਸ਼ ਦੇਣ ਦੀ ਰਵਾਇਤ ਕਾਫ਼ੀ ਅਹਿਮੀਅਤ ਰੱਖਦੀ ਹੈ ਪਰ ਦੋਹਾਂ ਧਿਰਾਂ ਨੇ ਇਕ-ਦੂਜੇ ਦੇ ਸੰਦੇਸ਼ ਨੂੰ ਸਿੱਖ ਸੰਗਤ ਤੱਕ ਪੁੱਜਦਾ ਨਾ ਕਰਨ ਲਈ ਆਪਣੇ-ਆਪਣੇ ਢੰਗ-ਤਰੀਕੇ ਵਰਤੇ ਤੇ ਸਿੱਖ ਸੰਗਤ ਸੰਦੇਸ਼ ਤੋਂ ਕੋਰੀ ਰਹੀ। ਜੂਨ '84 ਦਾ ਨਿਆਂ ਤਾਂ ਹੀ ਮਿਲ ਸਕਦਾ ਹੈ ਜਦੋਂ ਸਿੱਖ ਪੰਥ ਇਕ ਨਹੀਂ ਹੋ ਜਾਂਦਾ। ਪਰ ਦੁੱਖ ਦੀ ਗੱਲ ਹੈ ਕਿ ਸਿਆਸੀ ਧਿਰਾਂ ਨੇ ਆਪੋ-ਆਪਣੀ ਚੌਧਰ ਕਾਇਮ ਰੱਖਣ ਲਈ ਧਾਰਮਿਕ ਵੰਡੀਆਂ ਪੈਦਾ ਕਰਕੇ ਸਿੱਖਾਂ ਵਿਚ ਵਖਰੇਵੇਂ ਹੋਰ ਵਧਾ ਦਿੱਤੇ ਹਨ। ਸਿੱਖ ਜਥੇਬੰਦੀਆਂ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਵਿਰੋਧ ਕਰਦਿਆਂ ਉਨ੍ਹਾਂ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਸਮੇਂ ਉਨ੍ਹਾਂ ਖ਼ਿਲਾਫ਼ ਅਤੇ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਕੀਤੀ। ਮੁਤਵਾਜ਼ੀ ਜਥੇਦਾਰਾਂ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਦੇ ਬਰਾਬਰ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ। ਜਿਵੇਂ ਹੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਪੜ੍ਹਨਾ ਸ਼ੁਰੂ ਕੀਤਾ ਤਾਂ ਅਕਾਲ ਤਖ਼ਤ ਦੇ ਅੰਦਰ ਅਤੇ ਸਾਹਮਣੇ ਬੈਠੀ ਸੰਗਤ ਨੇ ਵਿਰੋਧ ਸ਼ੁਰੂ ਕਰ ਦਿੱਤਾ।

ਦਲ ਖ਼ਾਲਸਾ ਦੇ ਸਾਬਕਾ ਪ੍ਰਧਾਨ ਸਤਨਾਮ ਸਿੰਘ ਪਾਉਂਟਾ ਸਾਹਿਬ ਨੇ ਵਿਰੋਧ ਵਿੱਚ ਜੈਕਾਰਾ ਲਾਉਂਦਿਆਂ ਸਮਾਗਮ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਅਤੇ ਦਲ ਦੇ ਸਮੂਹ ਕਾਰਕੁਨ ਸਮਾਗਮ ਛੱਡ ਕੇ ਵਾਪਸ ਚਲੇ ਗਏ। ਇਸ ਮੌਕੇ ਅਕਾਲ ਤਖ਼ਤ 'ਤੇ ਵੀ ਵਿਰੋਧ ਵਿੱਚ ਨਾਅਰੇਬਾਜ਼ੀ ਹੋਈ ਅਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਵਿਰੋਧ ਕਰਨ ਵਾਲਿਆਂ ਨੂੰ ਬਾਹਰ ਕੱਢਣ ਦਾ ਯਤਨ ਕੀਤਾ। ਟਾਸਕ ਫੋਰਸ ਨੇ ਫ਼ੌਰੀ ਸਾਰੇ ਪਾਸਿਉਂ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਬੰਦ ਹਾਲ ਵਿੱਚ ਹੀ ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ। ਹਾਲਾਂਕਿ ਨਾਅਰੇਬਾਜ਼ੀ ਕਰ ਕੇ ਜਥੇਦਾਰ ਦੀ ਆਵਾਜ਼ ਬਾਹਰ ਨਹੀਂ ਆ ਸਕੀ।

ਇਸੇ ਤਰ੍ਹਾਂ ਜਦੋਂ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਅਕਾਲ ਤਖ਼ਤ ਦੇ ਸਾਹਮਣੇ ਖੜ੍ਹੇ ਹੋ ਕੇ ਸਿੱਖ ਕੌਮ ਦੇ ਨਾਂ ਸੰਦੇਸ਼ ਪੜ੍ਹਨਾ ਸ਼ੁਰੂ ਕੀਤਾ ਤਾਂ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਹਰਿਮੰਦਰ ਸਾਹਿਬ ਵਿੱਚ ਚੱਲ ਰਹੇ ਗੁਰਬਾਣੀ ਕੀਰਤਨ ਦੀ ਆਵਾਜ਼ ਉੱਚੀ ਕਰ ਦਿੱਤੀ ਤੇ ਮੁਤਵਾਜ਼ੀ ਜਥੇਦਾਰਾਂ ਦਾ ਸੰਦੇਸ਼ ਵੀ ਕੀਰਤਨ ਦੀ ਆਵਾਜ਼ ਵਿੱਚ ਦੱਬ ਗਿਆ। ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ ਤੋਂ ਖ਼ਫ਼ਾ ਕੁਝ ਨੌਜਵਾਨਾਂ ਨੇ ਉਥੇ ਲੱਗੇ ਸਪੀਕਰ ਤੋੜਨ ਦਾ ਵੀ ਯਤਨ ਕੀਤਾ, ਪਰ ਉਹ ਕੀਰਤਨ ਦੀ ਆਵਾਜ਼ ਘੱਟ ਕਰਨ ਵਿੱਚ ਨਾਕਾਮ ਰਹੇ। ਰੌਲੇ ਰੱਪੇ ਕਰ ਕੇ ਅਕਾਲ ਤਖ਼ਤ ਦੇ ਜਥੇਦਾਰ ਅਤੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਸਿੱਖ ਕੌਮ ਦੇ ਨਾਂ ਪੜ੍ਹਿਆ ਸੰਦੇਸ਼ ਕੋਈ ਨਾ ਸੁਣ ਸਕਿਆ।

ਇਸ ਦੌਰਾਨ ਕੋਈ ਹੋਰ ਅਣਸੁਖਾਵੀਂ ਘਟਨਾ ਨਹੀਂ ਵਾਪਰੀ, ਜਿਸ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਪਣੇ ਸੰਦੇਸ਼ ਵਿੱਚ ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਸਮੁੱਚੇ ਸਿੱਖ ਪੰਥ ਨੂੰ ਇਕਜੁਟ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਠੋਸ ਪ੍ਰੋਗਰਾਮ ਉਲੀਕਣ ਅਤੇ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੇ ਉਪਰਾਲੇ ਕਰਨ ਦੀ ਲੋੜ ਹੈ। ਉਨ੍ਹਾਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਵੀ ਪ੍ਰੋਗਰਾਮ ਉਲੀਕਣ ਦਾ ਸੱਦਾ ਦਿੱਤਾ। ਉਪਰੰਤ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਵੱਖ ਵੱਖ ਸ਼ਹੀਦ ਪਰਿਵਾਰਾਂ ਦੇ ਜੀਆਂ ਨੂੰ ਸਨਮਾਨਿਤ ਕੀਤਾ। ਇਨ੍ਹਾਂ ਵਿੱਚ ਸੰਤ ਭਿੰਡਰਾਂਵਾਲਿਆਂ ਦਾ ਬੇਟਾ ਭਾਈ ਈਸ਼ਰ ਸਿੰਘ, ਭਾਈ ਅਮਰੀਕ ਸਿੰਘ ਦੀ ਪਤਨੀ ਹਰਪ੍ਰੀਤ ਕੌਰ ਅਤੇ ਭਰਾ ਭਾਈ ਮਨਜੀਤ ਸਿੰਘ, ਭਾਈ ਨਛੱਤਰ ਸਿੰਘ ਭਲਵਾਨ ਦਾ ਬੇਟਾ ਭੁਪਿੰਦਰ ਸਿੰਘ ਸ਼ਾਮਲ ਸਨ।

ਉਧਰ ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਭਾਈ ਅਮਰੀਕ ਸਿੰਘ ਅਜਨਾਲਾ ਨੇ ਸ਼ਹੀਦੀ ਯਾਦਗਾਰ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸਮੁੱਚੀ ਪੰਥਕ ਏਕਤਾ ਦੀ ਲੋੜ 'ਤੇ ਜ਼ੋਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸੰਗਤਾਂ ਨੂੰ ਸੰਬੋਧਨ ਕੀਤਾ, ਪਰ ਉਨ੍ਹਾਂ ਦੀ ਆਵਾਜ਼ ਵੀ ਲੋਕਾਂ ਤਕ ਨਾ ਪਹੁੰਚ ਸਕੀ।

ਇਸ ਤੋਂ ਪਹਿਲਾਂ ਸ਼ਹੀਦੀ ਸਮਾਗਮ ਸਬੰਧੀ ਅਕਾਲ ਤਖ਼ਤ 'ਤੇ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਹਜ਼ੂਰੀ ਰਾਗੀ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਨੇ ਕੀਤੀ ਜਦਕਿ ਹੁਕਮਨਾਮਾ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਲਿਆ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਦੇ ਬਾਬਾ ਬਲਬੀਰ ਸਿੰਘ, ਤਰਨਾ ਦਲ ਦੇ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਦਲ ਖਾਲਸਾ ਦੇ ਹਰਪਾਲ ਸਿੰਘ ਚੀਮਾ, ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਗਿਆਨੀ ਪੂਰਨ ਸਿੰਘ, ਭਾਈ ਜਸਬੀਰ ਸਿੰਘ ਰੋਡੇ ਵੀ ਹਾਜ਼ਰ ਸਨ। ਇਸ ਦੌਰਾਨ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਹਰਿਮੰਦਰ ਸਾਹਿਬ ਸਮੂਹ ਵਿੱਚ ਵੱਡੀ ਗਿਣਤੀ ਚਿਟਕੱਪੜੀਏ ਪੁਲੀਸ ਵਾਲੇ ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਸਮੁੱਚੇ ਪ੍ਰੋਗਰਾਮ ਦੀ ਨਿਗਰਾਨੀ ਵੀ ਕੀਤੀ ਗਈ।

## ਗਿਆਨੀ ਗੁਰਬਚਨ ਸਿੰਘ ਵਲੋਂ ਕੌਮ ਦੇ ਨਾਂ ਸੰਦੇਸ਼

ਸ਼ਹੀਦੀ ਸਮਾਗਮ ਕਰ ਕੇ ਯਾਦ ਕਰਦੀ ਹੈ। ਉਨ੍ਹਾਂ ਘੱਲੂਘਾਰੇ ਲਈ ਮੁਕੰਮਲ ਰੂਪ ਵਿਚ ਭਾਰਤ ਦੀ ਤਤਕਾਲੀ ਸਰਕਾਰ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਇਸ ਤੋਂ ਵੱਧ ਦੁੱਖ ਦੀ ਗੱਲ ਕੀ ਹੋ ਸਕਦੀ ਹੈ ਕਿ ਆਪਣੇ ਹੀ ਦੇਸ਼ ਦੀ ਸਰਕਾਰ ਵੱਲੋਂ ਆਪਣੀ ਹੀ ਫ਼ੌਜ ਦੁਆਰਾ ਸਿੱਖਾਂ ਦੇ ਧਾਰਮਿਕ ਅਸਥਾਨ ਨੂੰ ਟੈਂਕਾਂ-ਤੋਪਾਂ ਤੇ ਗੋਲੇ-ਬਾਰੂਦ ਦਾ ਨਿਸ਼ਾਨਾ ਬਣਾ ਕੇ ਸੰਗਤਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਹੋਵੇ। ਉਨ੍ਹਾਂ ਸਾਕਾ ਨੀਲਾ ਤਾਰਾ ਹਮਲੇ ਨੂੰ ਸਿੱਖਾਂ 'ਤੇ ਗਿਣੀ ਮਿਥੀ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਕਿ ਜ਼ਾਲਮ ਸਰਕਾਰ ਨੇ ਕਤਲੋ-ਗਾਰਤ ਕਰਦਿਆਂ ਇਹ ਵੀ ਲਿਹਾਜ਼ ਨਹੀਂ ਕੀਤਾ ਕਿ ਆਪਣੇ ਮੁਕੱਦਸ ਅਸਥਾਨ 'ਤੇ ਸ਼ਰਧਾ ਸਹਿਤ ਪੁੱਜੀਆਂ ਵੱਡੀ ਗਿਣਤੀ ਵਿਚ ਨਿਰਦੋਸ਼ ਸੰਗਤਾਂ ਸ਼ਾਮਲ ਸਨ। ਉਨ੍ਹਾਂ ਆਖਿਆ ਕਿ ਹਿੰਦੁਸਤਾਨ ਦੀ ਸਰਕਾਰ ਨੇ ਸਮੇਂ-ਸਮੇਂ 'ਤੇ ਸਿੱਖਾਂ ਨੂੰ ਦਬਾਉਣ ਦਾ ਯਤਨ ਕੀਤਾ ਪਰ ਸਿੱਖਾਂ ਨੇ ਹਮੇਸ਼ਾਂ ਹੀ ਜ਼ਬਰ ਕਰਨ ਵਾਲੀਆਂ ਤਾਕਤਾਂ ਦਾ ਮੁਕਾਬਲਾ ਸਿਦਕ, ਸਿਰੜ ਤੇ ਚੜ੍ਹਦੀ ਕਲਾ ਨਾਲ ਕੀਤਾ ਅਤੇ ਕੌਮ ਹੋਰ ਬੁਲੰਦੀ ਨਾਲ ਉਭਰੀ ਹੈ।

## ਭਾਈ ਧਿਆਨ ਸਿੰਘ ਮੰਡ ਵੱਲੋਂ ਕੌਮ ਦੇ ਨਾਂ ਸੰਦੇਸ਼

ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਸਿੱਖ ਸੰਸਥਾਵਾਂ ਨੂੰ ਪੰਥ ਵਿਰੋਧੀਆਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣ ਦੀ ਲੋੜ 'ਤੇ ਜ਼ੋਰ ਵੀ ਦਿੱਤਾ। ਸੰਨ, 1984 ਵਿਚ ਹੋਏ ਹਮਲੇ ਨੂੰ ਉਨ੍ਹਾਂ ਕੇਂਦਰ ਸਰਕਾਰ ਵੱਲੋਂ ਕੀਤਾ ਕਤਲੇਆਮ ਕਰਾਰ ਦਿੰਦਿਆਂ ਕਿਹਾ ਕਿ ਇਸ ਵਿਚ ਕਾਂਗਰਸ, ਕਾਮਰੇਡ, ਭਾਜਪਾ ਅਤੇ ਅਖੌਤੀ ਸਿੱਖ ਆਗੂ ਵੀ ਬਰਾਬਰ ਜ਼ਿੰਮੇਵਾਰ ਹਨ, ਜਿਸ ਕਾਰਨ ਫ਼ੌਜ ਵੱਲੋਂ ਸਿੱਖ ਰੈਫਰੈਂਸ ਲਾਇਬਰੇਰੀ ਦਾ ਲੁੱਟਿਆ ਕੀਮਤੀ ਖਜ਼ਾਨਾ 33 ਸਾਲ ਬੀਤਣ 'ਤੇ ਵੀ ਨਹੀਂ ਮਿਲ ਸਕਿਆ।

## ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਅਤੇ ਜੂਨ 1984 ਦੇ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ ਪਰੇਡ 11 ਜੂਨ, ਐਤਵਾਰ ਨੂੰ

ਤੋਂ ਬਾਅਦ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਮੌਤ ਦਾ ਤਾਂਡਵ ਹੋਇਆ। ਹਜ਼ਾਰਾਂ ਸਿੱਖ ਮਾਰੇ ਗਏ, ਉਨ੍ਹਾਂ ਦੀਆਂ ਜਾਇਦਾਦਾਂ ਲੁੱਟੀਆਂ ਗਈਆਂ, ਬੇਘਰ ਹੋਏ ਪਰ ਹਾਲੇ ਤੱਕ ਵੀ ਸਿੱਖ ਭਾਈਚਾਰੇ ਨੂੰ ਨਿਆਂ ਨਹੀਂ ਮਿਲਿਆ। ਭਾਰਤ ਵਿਚ ਘੱਟ-ਗਿਣਤੀਆਂ 'ਤੇ ਅਤਿਆਚਾਰ ਹਾਲੇ ਵੀ ਰੁਕਿਆ ਨਹੀਂ ਹੈ। ਇਸੇ ਸਬੰਧ ਵਿਚ 6 ਜੂਨ, ਮੰਗਲਵਾਰ ਨੂੰ ਸਿੱਖ ਪੰਚਾਇਤ ਵਲੋਂ ਘੱਲੂਘਾਰੇ ਦੀ ਯਾਦ ਵਿਚ ਸਾਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਅੱਗੇ ਰੋਸ ਮੁਜ਼ਾਹਰਾ ਵੀ ਕੀਤਾ ਗਿਆ।

## ਜੂਨ 84 ਦੇ ਘੱਲੂਘਾਰੇ ਵਿਰੁਧ ਸਿੱਖ ਸੰਗਤਾਂ ਵਲੋਂ ਭਾਰਤੀ ਦੂਤਾਵਾਸ ਸੈਨ ਫਰਾਂਸਿਸਕੋ ਅੱਗੇ ਭਾਰੀ ਰੋਸ ਮਜ਼ਾਹਰਾ

ਮਰਸਡ ਸ਼ਾਮਲ ਸਨ। ਅਖੀਰ ਵਿਚ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਆਪਣੇ ਵਿਚਾਰ ਪ੍ਰਗਟਾਏ। ਸਕਤਰ ਦੀ ਸੇਵਾ ਭਾਈ ਦਰਸ਼ਨ ਸਿੰਘ ਨੇ ਨਿਭਾਈ।

ਤਿੰਨ ਪੀੜੀਆਂ ਦੇ ਸਿੱਖ ਬੁਲਾਰਿਆਂ ਨੇ ਭਾਰਤ ਸਰਕਾਰ ਦੀ ਸਿੱਖ ਨਸਲਕੁਸ਼ੀ ਲਈ ਭਾਰੀ ਅਲੋਚਨਾ ਕਰਦਿਆਂ ਸਿੱਖ ਕੌਮ ਦੇ ਵੱਖਰੇ ਦੇਸ਼ ਖਾਲਿਸਤਾਨ ਦੀ ਕਾਇਮੀ ਉਤੇ ਜ਼ੋਰ ਦਿਤਾ। ਭਾਰਤ ਸਰਕਾਰ ਨੂੰ ਲੋਕਤੰਤਰ ਦੇ ਨਾਮ ਵਾਲਾ ਕਾਲਾ ਧੱਬਾ ਕਰਾਰ ਦਿਤਾ। ਰੋਹ ਭਰੇ ਮੁਜ਼ਾਹਰੇ ਦੇ ਸ਼ੁਰੂ ਤੇ ਅੰਤ ਵਿਚ ਖਾਲਸਾ ਰਾਜ ਦੀ ਪ੍ਰਾਪਤੀ ਲਈ ਅਰਦਾਸ ਕੀਤੀ ਗਈ।। ਲੰਗਰਾਂ ਤੇ ਚਾਹ ਪਾਣੀ ਦੀ ਸੇਵਾ ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਭਾਈ ਗੁਰਮੀਤ ਸਿੰਘ ਤੇ ਭਾਈ ਜਗਤਾਰ ਸਿੰਘ ਅਨੰਦਪੁਰੀ ਲੈ ਕੇ ਪਹੁੰਚੇ। ਕੈਲੇਫੋਰਨੀਆ ਗਤਕਾ ਦਲ ਦੇ ਜਥੇਦਾਰ ਭਾਈ ਜਸਪਰੀਤ ਸਿੰਘ ਲਵਲਾ ਨੇ "ਖਾਲਿਸਤਾਨ ਜ਼ਿੰਦਾਬਾਦ" ਨਾਲ ਇਲਾਕਾ ਗੂੰਜਣ ਲਾਈ ਲਾਈ ਰਖਿਆ।

## ਸਿੱਖ ਤਵਾਰੀਖ਼ ਦੇ ਬੇਹੱਦ ਅਹਿਮ ਕਾਂਡ ਵਜੋਂ ਚਿੱਤ ਚੇਤਿਆਂ 'ਚ ਰਹੇਗਾ ਜੂਨ 1984

ਸੰਘੀ ਢਾਂਚੇ 'ਚੋਂ ਨਿਕਲੀ ਸਮੱਸਿਆ ਦੇ ਤੌਰ 'ਤੇ ਵੀ ਕੀਤੀ ਜਾਂਦੀ ਹੈ ਤੇ ਵੱਡੀ ਹੱਦ ਤੱਕ ਇਹ ਗੱਲ ਠੀਕ ਵੀ ਹੈ ਪਰ ਇਸ ਵਰਤਾਰੇ ਦੀਆਂ ਹੋਰ ਵੀ ਕਈ ਸੂਖਮ ਪਰਤਾਂ ਹਨ ਜਿਨ੍ਹਾਂ ਨੂੰ ਫਰਾਖ਼ਦਿਲੀ ਨਾਲ ਵਾਚਣਾ ਜਰੂਰੀ ਹੈ।) ਅਜਿਹੇ ਪ੍ਰਾਪੇਗੰਡੇ ਨਾਲ ਭਾਰਤੀ ਵਿਵਸਥਾ ਦੀ ਹੀ ਖਾਸ ਪੈਂਤੜੇਬਾਜ਼ੀ ਨੂੰ ਬਲ ਮਿਲਿਆ ਜਿਸ ਦੇ ਤਹਿਤ ਉਹ ਨਾ ਸਿਰਫ ਇਸ ਹਮਲੇ ਲਈ ਸਾਰੀ ਜ਼ਿੰਮੇਵਾਰੀ ਸਿੱਖਾਂ ਸਿਰ ਸੁੱਟਦੀ ਰਹੀ ਹੈ, ਸਗੋਂ ਉਲਟਾ ਉਨਾਂ 'ਤੇ ਦੋਸ਼ ਮੜਨ ਤੇ ਉਨ੍ਹਾਂ ਨੂੰ ਬਦਨਾਮ ਕਰਨ ਦੇ ਅਮਲਾਂ 'ਤੇ ਵੀ ਚਲਦੀ ਰਹੀ ਹੈ।

ਵੈਸੇ ਭਾਰਤੀ ਵਿਵਸਥਾ ਨੇ ਆਪਣੀ ਰਣਨੀਤੀ ਨੂੰ ਕਾਮਯਾਬ ਬਣਾਉਣ ਲਈ ਮੀਡੀਆ ਨੂੰ ਸਭ ਤੋਂ ਵੱਡੇ ਸੰਦ ਵਜੋਂ ਵਰਤਿਆ ਤੇ ਕੁਝ-ਇਕ ਅਦਾਰਿਆਂ ਨੂੰ ਛੱਡ ਕੇ ਭਾਰਤੀ ਮੀਡੀਆ ਨੇ ਉਸ ਦੀ ਇਸ ਮੁਹਿੰਮ ਵਿਚ ਭਰਪੂਰ ਸਾਥ ਆਪਣਾ ਪਰਮ ਧਰਮ ਸਮਝ ਕੇ ਦਿੱਤਾ। ਬਹੁਤੇ ਮੀਡੀਆ ਅਦਾਰੇ ਪੱਤਰਕਾਰੀ ਦੇ ਨਿਰਪੱਖਤਾ ਦੇ ਮੁਢਲੇ ਅਸੂਲਾਂ ਨੂੰ ਛਿੱਕੇ ਟੰਗਦਿਆਂ ਸਰਕਾਰੀ ਧਿਰ ਦੇ ਹੱਕ ਵਿਚ ਭੁਗਤੇ। ਜਿਥੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੌਰਾਨ ਵੱਖ-ਵੱਖ ਮੀਡੀਆ ਅਦਾਰਿਆਂ ਵਲੋਂ ਤਾਇਨਾਤ ਪੱਤਰਕਾਰਾਂ 'ਚੋਂ ਅਨੇਕਾਂ ਭਾਰਤੀ ਖੂਫੀਆ ਏਜੰਸੀਆਂ ਨਾਲ ਮਿਲੇ ਹੋਏ ਸਨ ਤੇ ਸਰਕਾਰ ਦੀ ਮੁਖ਼ਬਰੀ ਕਰਦੇ ਸਨ, ਉਥੇ ਸੰਪਾਦਕੀ ਪੱਧਰ 'ਤੇ ਵੀ ਸਰਕਾਰ ਨੂੰ ਕਲੀਨ ਚਿੱਟ ਦੇਣ ਦਾ ਵਤੀਰਾ ਅਪਣਾਇਆ ਜਾਂਦਾ ਰਿਹਾ ਹੈ ਤੇ ਭਾਰਤ ਦੀ ਏਕਤਾ-ਅਖੰਡਤਾ ਦੇ ਨਾਂਅ 'ਤੇ ਸਰਕਾਰ ਦੇ ਹਰ ਨਜਾਇਜ ਅਮਲ ਨੂੰ ਨਿਆਂਸੰਗਤ ਠਹਿਰਾਇਆ ਜਾਂਦਾ ਰਿਹਾ ਹੈ। ਵੈਸੇ ਤਾਂ ਇਸ ਦੀਆਂ ਕਈ ਵੱਡੀਆਂ ਤੇ ਪ੍ਰਤੱਖ ਮਿਸਾਲਾਂ ਸਾਡੇ ਕੋਲ ਮੌਜੂਦ ਹਨ ਪਰ ਮੈਂ ਇਕ ਅਣਗੌਲ਼ੀ ਤੇ ਸੂਖਮ ਮਿਸਾਲ ਦਾ ਜਿਕਰ ਕਰਨਾ ਚਾਹਾਂਗਾ। ਸਰਕਾਰ ਵੱਲੋਂ ਇਸ ਫੌਜੀ ਕਾਰਵਾਈ ਨੂੰ ਆਪਣੀ ਵਿਸ਼ੇਸ਼ ਰਣਨੀਤਕ ਪੈਂਤੜੇਬਾਜ਼ੀ ਤਹਿਤ 'ਆਪ੍ਰੇਸ਼ਨ ਬਲੂ ਸਟਾਰ' ਦਾ ਨਾਂਅ ਦਿੱਤਾ ਗਿਆ ਤੇ ਸਿੱਖ ਪ੍ਰਭਾਵ ਵਾਲੀਆਂ ਕਈ ਪੰਜਾਬੀ ਅਖ਼ਬਾਰਾਂ ਨੇ ਇਸ ਨਾਂਅ ਦੇ ਪੰਜਾਬੀਕਰਨ ਵੇਲੇ ਸਿੱਖ ਇਤਿਹਾਸ ਵਿਚੋਂ ਸਾਕਾ ਸ਼ਬਦ ਲੈ ਕੇ ਸਿੱਖ ਭਾਵਨਾਵਾਂ ਦਾ ਧਿਆਨ ਰੱਖਦਿਆਂ ਇਸ ਨੂੰ 'ਸਾਕਾ ਨੀਲਾ ਤਾਰਾ' ਬਣਾ ਦਿੱਤਾ ਜੋ ਇਕ ਹੱਦ ਠੀਕ ਵੀ ਹੈ। ਦੇਖਾ-ਦੇਖੀ ਕਈ ਗੈਰ-ਸਿੱਖ ਅਖ਼ਬਾਰਾਂ ਨੇ ਵੀ ਇਹੀ ਸ਼ਬਦ ਅਪਣਾ ਲਿਆ ਪਰ ਪੰਜਾਬ ਦੀ ਇਕ ਖੱਬੇ-ਪੱਖੀ ਅਖ਼ਬਾਰ ਅਜੇ ਤੱਕ ਵੀ ਸਰਕਾਰ ਦੀਆਂ ਭਾਵਨਾਵਾਂ ਨੂੰ ਲੋਕਾਂ ਵਿਚ ਇੰਨ-ਬਿੰਨ ਪ੍ਰਚਾਰਨ ਲਈ 'ਆਪ੍ਰੇਸ਼ਨ ਬਲੂ ਸਟਾਰ' ਦਾ ਇੰਨ-ਬਿੰਨ ਤਰਜ਼ਮਾ 'ਨੀਲਾ ਤਾਰਾ ਕਰਵਾਈ' ਕਰਕੇ ਛਾਪਦੀ ਹੈ। ਇਸ ਤੋਂ ਇਲਾਵਾ, ਸਰਕਾਰੀ ਧਿਰ ਨੇ ਚਾਹੇ ਜਿੰਨੀ ਮਰਜੀ ਅੱਤ ਮਚਾਈ ਹੋਵੇ ਪਰ ਅੱਤਵਾਦੀ ਸਿਰਫ ਬਗਾਵਤ ਕਰਨ ਵਾਲੀ ਧਿਰ ਨੂੰ ਹੀ ਕਿਹਾ ਜਾਂਦਾ ਹੈ। ਇਸ ਕਿਸਮ ਦੇ ਹੋਰਾਂ ਘਟਨਾਕ੍ਰਮਾਂ ਦੀ ਤਰ੍ਹਾਂ ਇਸ ਘਟਨਾਕ੍ਰਮ ਪ੍ਰਤੀ ਵੀ ਨਿਰਪੱਖ ਪਹੁੰਚ ਉਹੀ ਮੰਨੀ ਜਾ ਸਕਦੀ ਹੈ ਜਿਸ ਤਹਿਤ ਮੁਢਲੇ ਤੌਰ 'ਤੇ ਸਿੱਖਾਂ ਅਤੇ ਭਾਰਤੀ ਨਿਜ਼ਾਮ ਨੂੰ ਦੋ ਵੱਖ-ਵੱਖ ਧਿਰਾਂ ਪ੍ਰਵਾਨ ਕੀਤਾ ਗਿਆ ਹੋਵੇ ਤੇ ਦੋਹਾਂ ਤੋਂ ਬਰਾਬਰ ਦੀ ਦੂਰੀ ਬਣਾਈ ਜਾਵੇ।

ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ 'ਭਾਰਤੀ ਰਾਸ਼ਟਰਵਾਦ' ਦੇ ਫਾਸ਼ੀਵਾਦੀ ਏਜੰਡੇ ਤੋਂ ਆਪਣੇ ਆਪ ਨੂੰ ਪ੍ਰਭਾਵ-ਮੁਕਤ ਕਰਾਂਗੇ ਤੇ ਭਾਰਤੀ ਸੰਵਿਧਾਨ ਜੋ ਅਨੇਕ ਉਣਤਾਈਆਂ ਨਾਲ ਭਰਪੂਰ ਹੈ, ਨੂੰ ਧਾਰਮਿਕ ਗ੍ਰੰਥ ਜਿੰਨਾ ਸਨਮਾਨ ਦੇਣਾ ਬੰਦ ਕਰਾਂਗੇ। ਕਈ ਵਿਅਕਤੀ ਇਸ ਫੌਜੀ ਹਮਲੇ ਨੂੰ ਸਰਕਾਰ ਦੀ 'ਗਲਤੀ' ਕਰਾਰ ਦੇ ਕੇ ਨਿਰਪੱਖ ਹੋਣ ਦਾ ਭਰਮ ਪਾਲ ਬੈਠਦੇ ਹਨ ਜਾਂ ਦਿਖਾਵਾ ਕਰਦੇ ਹਨ, ਕਿਉਂਕਿ ਇਸ ਦਾ ਅਰਥ ਤਾਂ ਇਹੀ ਨਿਕਲਦਾ ਹੈ ਕਿ ਸਰਕਾਰ ਦਾ ਏਨਾ ਕੁ ਕਸੂਰ ਸੀ ਕਿ ਉਸ ਨੇ ਅਕਾਲ ਤਖ਼ਤ ਸਾਹਿਬ ਵਿਖੇ 'ਲੁਕੇ' ਖਾੜਕੂਆਂ ਨੂੰ ਕਾਬੂ ਵਿਚ ਕਰਨ ਦਾ ਤਰੀਕਾ ਗਲਤ ਅਪਣਾਇਆ ਸੀ ਤੇ ਉਸ ਨੂੰ ਹਥਿਆਰਬੰਦ ਧਾਵਾ ਬੋਲਣ ਦੀ ਬਜਾਇ ਕੋਈ ਹੋਰ ਤਰੀਕਾ ਅਪਣਾਉਣਾ ਚਾਹੀਦਾ ਸੀ, ਮਤਲਬ ਕਿ ਖਾੜਕੂ ਧਿਰ ਅਜੇ ਵੀ ਦੋਸ਼ੀ ਹੀ ਹੈ।

ਇਸ ਸਾਰੀ ਚਰਚਾ ਦੇ ਜਰੀਏ ਮੇਰੇ ਕਹਿਣ ਦਾ ਭਾਵ ਏਨਾ ਕੁ ਹੀ ਹੈ ਕਿ ਜੂਨ ਚੁਰਾਸੀ ਦੇ ਵਰਤਾਰੇ ਨੂੰ ਵਾਚਣ ਲਈ ਦਰੁਸਤ ਨੁਕਤਾ-ਨਿਗਾਹ ਦੀ ਲੋੜ ਹੈ। (ਜਿਸ ਲਈ ਇਮਾਨਦਾਰ ਹੋਣਾ ਮੁਢਲੀ ਸ਼ਰਤ ਹੈ।) ਇਸ ਲਈ ਸਿੱਖਾਂ ਦੇ ਧਾਰਮਿਕ ਵਿਸ਼ਵਾਸਾਂ ਤੇ ਸਭਿਆਚਾਰਕ ਸਰੋਕਾਰਾਂ, ਪਿਛਲੇ ਇਤਿਹਾਸਕ ਵਰਤਾਰਿਆਂ, ਰਾਜਨੀਤਕ ਖਾਹਿਸ਼ਾਂ, ਉਨ੍ਹਾਂ ਨੂੰ ਆਜ਼ਾਦ ਭਾਰਤ ਅੰਦਰ ਮਿਲੇ ਰੁਤਬੇ, ਉਨ੍ਹਾਂ ਨਾਲ ਹੁੰਦੇ ਵਿਤਕਰਿਆਂ, ਗਿਣਤੀ-ਮਿਣਤੀਆਂ ਵਾਲੀ ਰਾਜਸੀ ਵਿਵਸਥਾ ਵਿਚ ਘੱਟ-ਗਿਣਤੀ ਰਹਿ ਜਾਣ ਦੇ ਹਿਰਖ ਅਤੇ ਭਾਰਤੀ ਰਾਸ਼ਟਰ ਉਸਾਰੀ ਦੀ ਬਾਤ ਸਮਝਣੀ ਬੇਹੱਦ ਜਰੂਰੀ ਹੈ, ਤਾਂ ਹੀ ਇਸ ਵਰਤਾਰੇ ਨੂੰ ਸਹੀ ਅਰਥਾਂ ਵਿਚ ਸਮਝਿਆ ਜਾ ਸਕਦਾ ਹੈ। ਤੇ ਇਹ ਬੇਹੱਦ ਜਰੂਰੀ ਵੀ ਹੈ ਕਿਉਂਕਿ ਜੂਨ ਚੁਰਾਸੀ ਦੇ ਜ਼ਖਮ ਸਿੱਖ ਜ਼ਹਿਨੀਅਤ ਅੰਦਰ ਅਜੇ ਵੀ ਰਿਸ ਰਹੇ ਹਨ। ਦਰਅਸਲ ਵਿਚਲੀ ਗੱਲ ਇਹ ਹੈ ਕਿ ਭਾਰਤੀ ਸਥਾਪਤੀ ਨੇ ਇਸ ਕਾਂਡ ਦਾ ਸਿੱਖਾਂ ਵਿਚ ਪ੍ਰਭਾਵ ਆਪਣੇ ਮੁਤਾਬਕ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਵਿਚ ਇਸ ਨੂੰ ਤੀਜੇ ਘੱਲੂਘਾਰੇ ਵਜੋਂ ਮਾਨਤਾ ਮਿਲੀ ਹੋਈ ਹੈ। ਇਸ ਵਿਚ ਭਾਰਤੀ ਫੌਜ ਨਾਲ ਲੜਦਿਆਂ ਸ਼ਹੀਦ ਹੋਏ ਸਿੱਖ ਆਗੂਆਂ ਨੂੰ ਸਰਕਾਰ ਨੇ ਖਲਨਾਇਕ ਵਜੋਂ ਪੇਸ਼ ਕੀਤਾ ਪਰ ਸਿੱਖ ਤਵਾਰੀਖ਼ ਵਿਚ ਉਨ੍ਹਾਂ ਨੂੰ ਨਾਇਕ ਦਾ ਰੁਤਬਾ ਮਿਲਿਆ ਹੋਇਆ ਹੈ। ਤੇ ਜਿਨ੍ਹਾਂ ਨੂੰ ਸਰਕਾਰ ਨੇ ਨਾਇਕ ਬਣਾਉਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਸਿੱਖਾਂ ਵਿਚ ਖਲਨਾਇਕਾਂ ਵਜੋਂ ਜਾਣਿਆ ਜਾਂਦਾ ਹੈ। ਜਦੋਂ ਤੱਕ ਇਨ੍ਹਾਂ ਹਕੀਕਤਾਂ ਨੂੰ ਸੁਹਿਰਦਤਾ ਨਾਲ ਖਿੜੇ ਮੱਥੇ ਪ੍ਰਵਾਨ ਨਹੀਂ ਕੀਤਾ ਜਾਂਦਾ ਤੇ ਇਸ ਵਰਤਾਰੇ ਨੂੰ ਸਮਝਣ ਦੀ ਅਜਿਹੀ ਪਹੁੰਚ ਨਹੀਂ ਅਪਣਾਈ ਜਾਂਦੀ,ਉਦੋਂ ਇਸ ਸੰਦਰਭ ਵਿਚ ਅਗਲਾ ਰਾਹ ਨਹੀਂ ਕੱਢਿਆ ਜਾ ਸਕਦਾ।

# Classified

## ਲੜਕੀ ਦੀ ਲੋੜ

ਸਿੱਖ ਰਾਮਗੜੀਆ ਲੜਕਾ, 30/5’9”, ਭਾਰਤ ਤੋਂ ਇਲੈਕਟ੍ਰੋਨਿਕ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿਚ ਬੀ.ਟੈਕ। ਕੈਨੇਡਾ ਵਿਚ ਕਾਨੂੰਨੀ ਤਾਲਾਕ।(ਸਿਰਫ਼ 5 ਦਿਨ ਇਕੱਠੇ ਰਹੇ)। ਮੌਜੂਦਾ ਸਮੇਂ ਵਰਕ ਪਰਮਿਟ ’ਤੇ। ਸਿਰਫ਼ ਕੈਨੇਡਾ ਤੇ ਅਮਰੀਕਾ ਦੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ।

ਸੰਪਰਕ : ਅਮਰੀਕਾ : 714-232-2482

ਵਟਸਐਪ : 97791-30287, saggu.gagan@gmail.com

## BRIDE WANTED

Seeking a Matrimonial match in Canada & USA only, for a Sikh Ramgharia boy, 30/5’9” having B-Tech in Electronics & Communication Engineering from India. Legally divorced in Canada (together for 5 days only). Currently on work permit. Contact:
USA: 714-232-2482, WhatsApp: 9779130287,
Email : saggu.gagan@gmail.com

Jat Sikh Bhular boy 28 years old Height: 5’ 10” Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.

**For More information :**
**Call Mobile No. 09045898878**
**E-mail: navi_singh001@yahoo.com**


## ਪਰਦੇਸੀ ਇੰਮੀਗਰੇਸ਼ਨ ਐਂਡ ਵੀਜ਼ਾ ਸਰਵਿਸਿਜ਼

**ਪਰਦੇਸੀ ਇੰਮੀਗਰੇਸ਼ਨ ਐਂਡ ਵੀਜ਼ਾ ਸਰਵਿਸਿਜ਼ ਸਟਾਕਟਨ, ਸੈਕਰਾਮੈਂਟੋ, ਬੇ ਏਰੀਆ ਤੇ ਹੋਰਨਾਂ ਸਾਰੀਆਂ ਸਟੇਟਾਂ ਵਿਚ ਇੰਮੀਗਰੇਸ਼ਨ ਤੇ ਵੀਜ਼ਾ ਸਬੰਧੀ ਸੇਵਾਵਾਂ ਦਿੰਦੇ ਹਨ। ਜੇਕਰ ਤੁਸੀਂ ਇੰਮੀਗਰੇਸ਼ਨ ਜਾਂ ਵੀਜ਼ੇ ਨਾਲ ਸਬੰਧਤ ਕੋਈ ਵੀ ਜਾਣਕਾਰੀ ਲੈਣੀ ਹੈ ਤਾਂ ਤੁਸੀਂ ਅਮਨ ਨਾਲ ਹੇਠ ਲਿਖੇ ਨੰਬਰ**

**510-938-7195**

**’ਤੇ ਸੰਪਰਕ ਕਰ ਸਕਦੇ ਹੋ**

**Pardesi Immigration and Visa Services Stockton, Sacramento, Bay Area and all other states**
**Call Aman at 510-938-7195**



**For Classified Contact**

**510.240.5949**


## ਦੁਨੀਆ ਭਰ ਵਿਚ ਨਿੰਦਾ ਦਾ ਦੌਰ

ਨੇ ਟਰੰਪ ਨਾਲ ਗੱਲ ਕਰ ਕੇ ਉਨ੍ਹਾਂ ਦੇ ਫ਼ੈਸਲੇ ’ਤੇ ਨਿਰਾਸ਼ਾ ਜ਼ਾਹਰ ਕੀਤੀ। ਫਰਾਂਸੀਸੀ ਰਾਸ਼ਟਰਪਤੀ ਮੈਕਰੌਨ ਨੇ ਇਸ ਨੂੰ ਧਰਤੀ ਦੇ ਭਵਿੱਖ ਲਈ ਟਰੰਪ ਦੀ ਇਤਿਹਾਸਕ ਭੁੱਲ ਕਰਾਰ ਦਿੱਤਾ, ਜਦਕਿ ਭਾਰਤ ਨੇ ਵੀ ਇਸ ’ਤੇ ਸਖ਼ਤ ਇਤਰਾਜ਼ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, ‘ਜਲਵਾਯੂ ਪਰਿਵਰਤਣ ਨਾਲ ਸਿੱਝਣ ਲਈ ਕਦਮ ਨਾ ਚੁੱਕਣਾ ਨੈਤਿਕ ਅਪਰਾਧ ਹੋਵੇਗਾ।’ ਸੰਯੁਕਤ ਰਾਸ਼ਟਰ ਦੇ ਵਾਤਾਵਰਣ ਮੁਖੀ ਐਰਿਕ ਸੋਲਹੇਮ ਨੇ ਕਿਹਾ, ‘ਅਮਰੀਕਾ ਦੇ ਪੈਰਿਸ ਸਮਝੌਤੇ ਤੋਂ ਬਾਹਰ ਨਿੱਕਲਣ ਦੇ ਫ਼ੈਸਲੇ ਨਾਲ ਇਸ ਦੀ ਮਹੱਤਤਾ ਘੱਟ ਨਹੀਂ ਹੋਵੇਗੀ, ਕਿਉਂਕਿ ਇਸ ’ਤੇ ਕਰੀਬ 200 ਮੁਲਕਾਂ ਨੇ ਹਸਤਾਖ਼ਰ ਕੀਤੇ ਹਨ ਤੇ ਇਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ।’ ਸੰਯੁਕਤ ਰਾਸ਼ਟਰ ਜਨਰਲ ਸਕੱਤਰ ਐਂਟੋਨੀਓ ਗੁਟੇਰੇਸ ਨੇ ਵੀ ਟਰੰਪ ਦੇ ਫ਼ੈਸਲੇ ਤੋਂ ਨਿਰਾਸ਼ਾ ਜ਼ਾਹਰ ਕਰਦਿਆਂ ਕਿਹਾ, ‘ਮੈਨੂੰ ਭਰੋਸਾ ਹੈ ਕਿ ਇਸ ਸਮਝੌਤੇ ਨਾਲ ਜੁੜੇ ਹੋਰ ਮੁਲਕ ਵਿਸ਼ਵੀ ਤਾਪਮਾਨ ਨੂੰ ਘੱਟ ਕਰਨ ਵਿਚ ਆਪਣਾ ਪੂਰਾ ਯੋਗਦਾਨ ਦੇਣਗੇ।’

### ਦੁਨੀਆ ਨੂੰ ਭਾਰਤ ਤੋਂ ਆਸ : ਵਿਗਿਆਨੀ

ਪੈਰਿਸ ਸਮਝੌਤੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਟੀਮ ’ਚ ਸ਼ਾਮਲ ਰਹੇ ਆਈਸੀਐਫਆਰਈ ਦੇ ਉੱਚ ਜਲਵਾਯੂ ਪਰਿਵਰਤਣ ਮਾਹਰ ਡਾ. ਵੀ.ਆਰ. ਐਸ. ਰਾਵਤ ਨੇ ਦੱਸਿਆ ਕਿ ਅਮਰੀਕਾ ਵੱਲੋਂ ਪਿੱਠ ਵਿਖਾਉਣ ’ਤੇ ਭਾਰਤ ਨੂੰ ਹੁਣ ਦੁਨੀਆ ’ਚ ਲੀਡਰਸ਼ਿਪ ਕਰਨ ਦਾ ਮੌਕਾ ਮਿਲੇਗਾ। ਕਲਾਈਮੇਟ ਜਸਟਿਸ ਦੀ ਪ੍ਰਧਾਨ ਮੰਤਰੀ ਮੋਦੀ ਦੀ ਸਲਾਹ ਵਿਸ਼ਵ ਦੇ ਲਗਭਗ ਸਾਰੇ ਦੇਸ਼ਾਂ ਨੂੰ ਪਸੰਦ ਆਈ ਹੈ। ਸਿਰਫ਼ ਦੋ ਦੇਸ਼ ਸੀਰੀਆ ਅਤੇ ਨਿਕਾਰਾਗੋਵਾ ਨੇ ਸਮਝੌਤੇ ’ਤੇ ਹਸਤਾਖ਼ਰ ਨਹੀਂ ਕੀਤੇ ਸਨ।

ਡਾ. ਰਾਵਤ ਨੇ ਦੱਸਿਆ ਕਿ ਅਮਰੀਕਾ ਦੇ ਹਟਣ ਨੂੰ ਕੁੱਝ ਦੇਸ਼ ਠੀਕ ਮੰਨ ਰਹੇ ਹਨ। ਸਾਲ 2020 ’ਚ ਸਮਝੌਤੇ ’ਤੇ ਕੰਮ ਸ਼ੁਰੂ ਹੋਣਾ ਹੈ। ਇਸ ’ਚ ਅਮਰੀਕੀ ਦਖ਼ਲਅੰਦਾਜ਼ੀ ਨਹੀਂ ਰਹੇਗੀ। ਜੀ.ਬੀ. ਪੰਤ ਇੰਸਟੀਚਿਊਟ ਆਫ਼ ਹਿਮਾਲੀਅਨ ਐਨਵਾਇਰਨਮੈਂਟ ਐਂਡ ਡਿਵੈਲਪਮੈਂਟ ਦੇ ਨਿਰਦੇਸ਼ਕ ਡਾ. ਪੀ.ਪੀ. ਧਿਆਨੀ ਦਾ ਕਹਿਣਾ ਹੈ ਕਿ ਵਾਤਾਵਰਣ ਵਿਗੜਨ ਦਾ ਸਭ ਤੋਂ ਵੱਧ ਖ਼ਮਿਆਜ਼ਾ ਵਿਕਸਿਤ ਦੇਸ਼ਾਂ ਨੂੰ ਹੀ ਭੁਗਤਣਾ ਪਵੇਗਾ।

### ਅਮਰੀਕੀ ਵਿਗਿਆਨੀਆਂ ਨੂੰ ਸੱਦਾ :

ਫਰਾਂਸਿਸੀ ਰਾਸ਼ਟਰਪਤੀ ਮੈਕਰੌਨ ਨੇ ਟਰੰਪ ਦੇ ਫ਼ੈਸਲੇ ਨੂੰ ਇਤਿਹਾਸਕ ਭੁੱਲ ਦਸਦਿਆਂ ਜਲਵਾਯੂ ਪਰਿਵਰਤਣ ’ਤੇ ਕੰਮ ਕਰਨ ਵਾਲੇ ਅਮਰੀਕੀ ਵਿਗਿਆਨੀਆਂ, ਇੰਜਨੀਅਰਾਂ, ਉਦਯੋਗਪਤੀਆਂ ਤੇ ਪ੍ਰਤੀਬੱਧ ਨਾਗਰਿਕਾਂ ਨੂੰ ਫਰਾਂਸ ਆ ਕੇ ਕੰਮ ਕਰਨ ਲਈ ਸੱਦਾ ਦਿੱਤਾ ਹੈ। ਮੈਕਰੌਨ ਨੇ ਟਰੰਪ ਦੇ ਫ਼ੈਸਲੇ ਤੋਂ ਨਾਰਾਜ਼ ਲੋਕਾਂ ਨੂੰ ਫਰਾਂਸ ਵਿਚ ਥਾਂ ਦੇਣ ਦਾ ਵਾਅਦਾ ਕੀਤਾ ਹੈ।

### ਭਾਰਤ ਨੇ ਪ੍ਰਗਟਾਇਆ ਇਤਰਾਜ਼

ਅਮਰੀਕੀ ਰਾਸ਼ਟਰਪਤੀ ਦੀ ਇਤਰਾਜ਼ਯੋਗ ਟਿੱਪਣੀ ਤੋਂ ਨਾਰਾਜ਼ ਭਾਰਤ ਨੇ ਟਰੰਪ ਪ੍ਰਸ਼ਾਸਨ ਸਾਹਮਣੇ ਆਪਣਾ ਇਤਰਾਜ਼ ਜ਼ਾਹਰ ਕੀਤਾ ਹੈ। ਟਰੰਪ ਨੇ ਅਜਿਹੇ ਸਮੇਂ ਟਿੱਪਣੀ ਕੀਤੀ ਹੈ, ਜਦੋਂ ਇਸੇ ਮਹੀਨੇ 26 ਅਤੇ 27 ਤਰੀਕ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੌਰੇ ’ਤੇ ਜਾਣਾ ਹੈ। ਵਿਦੇਸ਼ ਮਾਮਲਿਆਂ ਦੇ ਜਾਣਕਾਰ ਦਾ ਕਹਿਣਾ ਹੈ ਕਿ ਟਰੰਪ ਦੀ ਟਿੱਪਣੀ ਤੋਂ ਭਾਵੇਂ ਹੀ ਮੋਦੀ ਦੀ ਅਮਰੀਕਾ ਯਾਤਰਾ ਰੱਦ ਹੋਣ ਦੇ ਆਸਾਰ ਨਹੀਂ ਹਨ, ਪਰ ਦੋਵੇਂ ਮੁਲਕਾਂ ਵਿਚਾਲੇ ਕੂਟਨੀਤਕ ਕੁੜੱਤਣ ਪੈਦਾ ਹੋ ਸਕਦੀ ਹੈ। ਭਾਰਤ ਵੈਸੇ ਵੀ ਐਚ-1ਬੀ ਵੀਜ਼ੇ ’ਤੇ ਟਰੰਪ ਸਰਕਾਰ ਦੇ ਫ਼ੈਸਲੇ ਤੋਂ ਨਾਖ਼ੁਸ਼ ਹੈ। ਇਸ ਦੇ ਠੀਕ ਬਾਅਦ, ਟਰੰਪ ਦੀ ਇਤਰਾਜ਼ਯੋਗ ਟਿੱਪਣੀ ਨੇ ਮੋਦੀ ਦੇ ਦੌਰੇ ਦੇ ਪੂਰੇ ਮਾਹੌਲ ਨੂੰ ਅਸਹਿਜ ਬਣਾ ਦਿੱਤਾ ਹੈ।


**Office for Lease in Union City, CA**



**Nice clean office**

1200 to 1500 Sq feet in the business area of Union City. Best for Trucking company if extra warehouse needed.

Call at:

**510-875-3279**


## ਲੰਡਨ ਵਿੱਚ 25 ਹਜ਼ਾਰ ਸਿੱਖਾਂ ਵਲੋਂ ਘੱਲੂਘਾਰਾ ਜੂਨ ’84 ਦੀ ਯਾਦ ’ਚ ਰੋਸ ਮੁਜ਼ਾਹਰਾ

ਭਿੰਡਰਾਵਾਲਿਆਂ ਵਲੋਂ ਆਰੰਭੇ ਸਿੱਖ ਸੰਘਰਸ਼ ਦੇ ਯੋਧੇ ਭਾਈ ਜਗਤਾਰ ਸਿੰਘ ਹਾਵਾਰਾ ਦਾ ਸੰਦੇਸ਼ ਐਡਵੋਕੇਟ ਸ੍ਰ. ਅਮਰ ਸਿੰਘ ਚਾਹਲ ਵਲੋਂ ਪੜ੍ਹਿਆ ਗਿਆ।

ਚਾਰ ਘੰਟੇ ਚੱਲੀ ਰੈਲੀ ਵਿੱਚ ਸਿੱਖ ਸੰਗਤ ਵਲੋਂ “ਖਾਲਿਸਤਾਨ ਜ਼ਿੰਦਾਬਾਦ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਵਾਲੇ ਅਮਰ ਰਹੇ, ਸੰਤ ਭਿੰਡਰਾਵਾਲਿਆਂ ਦੀ ਸੋਚ ’ਤੇ ਪਹਿਰਾ ਦਿਆਂਗੇ ਠੋਕ ਕੇ” ਦੇ ਨਾਅਰਿਆਂ ਨਾਲ ਆਕਾਸ਼ ਗੂੰਜ ਉੱਠਿਆ। ਸਿੱਖ ਸੰਗਤ ਲੈਸਟਰ, ਕਾਵੈਂਟਰੀ, ਬ੍ਰਮਿੰਘਮ, ਵੂਲਵਰਹੈਪਟਨ, ਡਰਬੀ, ਨਿਊਕਾਸਲ, ਵਾਲਸਾਲ, ਸਾਊਥਹੈਪਟਨ, ਨੌਟਿੰਘਮ, ਮਾਨਚੈਸਟਰ, ਟੈੱਲਫੋਰਡ, ਪ੍ਰਸਿਟਨ, ਲੀਡਜ਼, ਗ੍ਰੇਵਜੈਂਡ ਵਰਗੇ ਦੂਰ ਦਰਾਡੇ ਸ਼ਹਿਰਾਂ ਤੋਂ ਸੈਂਕੜੇ ਕੋਚਾਂ ਅਤੇ ਕਾਰਾਂ ਰਾਹੀਂ ਰੋਸ ਮੁਜ਼ਾਹਰੇ ਵਿਚ ਸ਼ਿਰਕਤ ਕਰਨ ਲਈ ਪੁੱਜੀ। ਇਸ ਮੌਕੇ ਭਾਈ ਅਮਰੀਕ ਸਿੰਘ ਗਿੱਲ, ਭਾਈ ਬਲਬੀਰ ਸਿੰਘ, ਭਾਈ ਨਿਰਮਲ ਸਿੰਘ ਸੰਧੂ, ਭਾਈ ਤਰਸੇਮ ਸਿੰਘ ਦਿਉਲ, ਭਾਈ ਚਰਨ ਸਿੰਘ, ਭਾਈ ਮਨਮੋਹਣ ਸਿੰਘ ਖਾਲਸਾ, ਭਾਈ ਗੁਰਮੇਜ ਸਿੰਘ ਗਿੱਲ, ਭਾਈ ਗੁਰਦੇਵ ਸਿੰਘ ਚੌਹਾਨ, ਭਾਈ ਜਸਪਾਲ ਸਿੰਘ ਬੈਂਸ, ਭਾਈ ਸੇਵਾ ਸਿੰਘ ਲੱਲੀ, ਭਾਈ ਦਵਿੰਦਰਜੀਤ ਸਿੰਘ, ਭਾਈ ਗੁਰਮੇਜ ਸਿੰਘ ਕੰਦੋਲਾ, ਭਾਈ ਤਰਸੇਮ ਸਿੰਘ ਪੱਤੜ, ਭਾਈ ਬਲਦੇਵ ਸਿੰਘ ਡਾਟਫੋਰਡ, ਭਾਈ ਜਸਵਿੰਦਰ ਸਿੰਘ ਡਰਬੀ, ਭਾਈ ਬਲਵਿੰਦਰ ਸਿੰਘ ਚਹੇੜੂ, ਭਾਈ ਨਿਰੰਜਨ ਸਿੰਘ ਬਾਸੀ, ਭਾਈ ਅਮਨਦੀਪ ਸਿੰਘ ਸਮੈਦਿਕ, ਭਾਈ ਜਸਵਿੰਦਰ ਸਿੰਘ ਕਾਵੈਂਟਰੀ, ਭਾਈ ਤਰਸੇਮ ਸਿੰਘ ਕਾਵੈਂਟਰੀ, ਭਾਈ ਸੁੱਚਾ ਸਿੰਘ ਬੈੱਡਫੋਰਡ, ਭਾਈਬੂਟਾ ਸਿੰਘ ਨੌਟਿੰਘਮ, ਬੀਬੀ ਜਸਵੀਰ ਕੌਰ, ਭਾਈ ਮੰਗਲ ਸਿੰਘ ਲੈਸਟਰ, ਭਾਈ ਅਮਰਜੀਤ ਸਿੰਘ ਅਟਵਾਲ, ਭਾਈ ਮਨਜੀਤ ਸਿੰਘ ਬੁੱਟਰ ਸਿੰਘ, ਭਾਈ ਮੋਹਣਜੀਤ ਸਿੰਘ, ਭਾਈ ਤਜਿੰਦਰ ਸਿੰਘ ਲੀਡਜ਼, ਗਿਆਨੀ ਅਜੀਤ ਸਿੰਘ ਬਿਲਗਾ, ਭਾਈ ਅਮਰਜੀਤ ਸਿੰਘ ਨੇ ਸ਼ਮੂਲੀਅਤ ਕੀਤੀ। ਸਿੱਖ ਆਗੂਆਂ ਨੇ ਕਿਹਾ ਕਿ ਸਿੱਖ ਕੌਮ ਖਾਲਿਸਤਾਨ ਦੇ ਨਿਸ਼ਾਨੇ ਦੀ ਪੂਰਤੀ ਲਈ ਵਚਨਬੱਧ ਰਹੇਗੀ।

## ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ 6 ਜੂਨ ਨੂੰ ਵਿਸ਼ਵ ਦਾ ਕਾਲਾ ਦਿਨ ਐਲਾਨਿਆ

ਦਿੱਤਾ ਅਸਤੀਫ਼ਾ ਵੀ ਢੌਂਗ ਹੀ ਸੀ। ਜੂਨ 84 ਘੱਲੂਘਾਰੇ ਵਰ੍ਹਗੰਢ ਮੌਕੇ ਸ਼ਹੀਦਾਂ ਨੂੰ ਯਾਦ ਕਰਦਿਆਂ ਕੋਆਰਡੀਨੇਸ਼ਨ ਕਮੇਟੀ ਨੇ ਕਿਹਾ ਹੈ ਕਿ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ 40 ਸਿੰਘਾਂ ਨੇ ਭਾਰਤੀ ਫੌਜ ਨੂੰ ਧੂੜਾਂ ਚਟਾ ਦਿੱਤੀਆਂ ਸਨ ਜਿਸ ਦਾ ਰਹਿੰਦੀ ਦੁਨੀਆਂ ਤੱਕ ਸਿੱਖ ਕੌਮ ਨੂੰ ਅਹਿਸਾਸ ਰਹੇਗਾ ਤੇ ਮਹਾਨ ਸ਼ਹੀਦ ਦੀ ਕੁਰਬਾਨੀ ਯਾਦ ਰੱਖੀ ਜਾਵੇਗੀ। ਕੋਆਰਡੀਨੇਸ਼ਨ ਕਮੇਟੀ ਨੇ ਕਿਹਾ ਕਿ ਸਿੱਖਾਂ ਨੂੰ ਆਪਣਾ ਵੱਖਰਾ ਰਾਜ ਸਥਾਪਤ ਕਰਨ ਲਈ ਦਿੱਤੇ ਸੱਦੇ ਤੇ ਪਹਿਰਾ ਦੇਣਾ ਚਾਹੀਦਾ ਹੈ. ਉਨ੍ਹਾਂ ਕਿਹਾ ਕਿ ਸਿੱਖ ਰਾਜ ਦੇ ਸੰਕਲਪ ਨੂੰ ਪੂਰਾ ਕਰਨ ਲਈ ਪੂਰੀ ਸਿੱਖ ਕੌਮ ਇਕ ਮੁੱਠ ਹੋਵੇ। ਇਸ ਵੇਲੇ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਵੀ ਸੰਬੋਧਨ ਕੀਤਾ ਅਤੇ ਕਿਹਾ ਕਿ ਸਾਰੇ ਵਿਸ਼ਵ ਨੂੰ ਆਪਣਾ ਸਿੱਖ ਰਾਜ ਸਥਾਪਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

## ਹੋਂਦ ਚਿੱਲੜ ਕਾਂਡ ਦੌਰਾਨ ਮਾਰੇ ਗਏ ਸਿੱਖਾਂ ਦੇ 7 ਨਵੇਂ ਕੇਸ ਸਾਹਮਣੇ ਆਏ

ਮੁਤਾਬਕ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਇਸ ਸਬੰਧ ਵਿਚ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਨੇ ਨਵੇਂ ਕੇਸਾਂ ਨਾਲ ਸਬੰਧਤ ਪੀੜਤ ਪਰਿਵਾਰਾਂ ਸਮੇਤ ਹਰਿਆਣਾ ਦੇ ਮੁੱਖ ਮੰਤਰੀ ਦੇ ਓਐਸਡੀ ਕੈਪਟਨ ਭੁਪਿੰਦਰ ਸਿੰਘ ਅਤੇ ਐਡੀਸ਼ਨਲ ਐਡਵੋਕਟ ਜਨਰਲ ਪਰਮਿੰਦਰ ਚੌਹਾਨ ਨਾਲ ਇਥੇ ਮੁਲਾਕਾਤ ਕੀਤੀ। ਕਮੇਟੀ ਦੇ ਆਗੂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਸ੍ਰੀ ਚੌਹਾਨ ਨੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਦਾ ਭਰੋਸਾ ਦਿੱਤਾ ਹੈ। ਵਧੀਕ ਐਡਵੋਕੇਟ ਜਨਰਲ ਨੇ ਕਿਹਾ ਕਿ ਮੁੱਖ ਮੰਤਰੀ ਅਤੇ ਹੋਰਨਾਂ ਨਾਲ ਸਲਾਹ ਕਰ ਕੇ ਅਤੇ ਲੋੜ ਪੈਣ ’ਤੇ ਨਵੇ ਕਮਿਸ਼ਨ ਦਾ ਗਠਨ ਕੀਤਾ ਜਾਏਗਾ ਜਿਸ ਦੀ ਜਾਂਚ ਲਈ ਛੇ ਮਹੀਨੇ ਦਾ ਸਮਾਂ ਦਿੱਤਾ ਜਾਵੇਗਾ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਨੇ ਦੋਸ਼ ਲਾਇਆ ਕਿ ਹੋਂਦ ਚਿੱਲੜ ਪਿੰਡ ਦੇ ਖੰਡਰਾਂ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਸਬੰਧੀ ਕਾਰਵਾਈ ਕੀਤੀ ਜਾਵੇ।

## ਭਾਰਤ ਦੇ ਸਾਬਕਾ ਸੀ.ਆਰ.ਪੀ.ਐਫ. ਅਧਿਕਾਰੀ ਨੇ ਗ੍ਰਿਫਤਾਰੀ ਦੇ ਡਰੋਂ ਕੈਨੇਡਾ ਛੱਡਿਆ

ਜ਼ਿਕਰਯੋਗ ਹੈ ਕਿ ਸਿੱਖ ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕੈਨੇਡਾ ਦੇ ਕਾਨੂੰਨ ਮੁਤਾਬਕ ਤੇਜਿੰਦਰ ਢਿੱਲੋਂ ’ਤੇ ਮੁਕੱਦਮਾ ਦਰਜ ਕਰਵਾਇਆ ਸੀ, ਇਸ ਕਾਨੂੰਨ ਮੁਤਾਬਕ ਜੇ ਕਿਸੇ ਨੇ ਕੈਨਡੇ ਤੋਂ ਬਾਹਰ ਵੀ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਹੋਵੇ, ਉਸ ’ਤੇ ਵੀ ਕੈਨੇਡਾ ਵਿਚ ਮੁਕੱਦਮਾ ਚਲਾਇਆ ਜਾ ਸਕਦਾ ਹੈ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889




25 year Power Warranty

**Empowering the Sun from all Directions™**

SUNPREME CONFIDENTIAL



ਅਮਰੀਕਾ 'ਚ ਬਿਜਲੀ ਦੇ ਬਿਲਾਂ ਨੂੰ

**Solar Café with Bifacial Solar Panels.**

SUNPREME CONFIDENTIAL

# ਅਲਵਿਦਾ ਕਹੋ

**We are representing SunPREME Solar Panel**

ਆਪਣੇ ਘਰਾਂ ਅਤੇ ਕਾਰੋਬਾਰ ਉਪਰ ਸੋਲਰ ਸਿਸਟਮ ਲਗਾਉਣ ਲਈ ਅਤੇ ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ। ਕੇਅਰ ਕੀਮਤ ਤੇ ਕੁਆਲਟੀ ਦੀ ਪੱਕੀ ਗਰੰਟੀ

- Go Solar with Sunpreme's Premium Quality Solar Panels, 25 Year Power Warranty and Most Competitive Prices.
- Residential, Commercial and Solar Farms with Sunpreme High Performance Bifacial Smart Panels.
- Customer Satisfaction Guaranteed.

Please Call

**ਸਤਨਾਮ ਸਿੰਘ ਖਾਲਸਾ 510-706-1300**


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com